# ਸਮੇਂ ਦੀ ਮਲ੍ਹਮ

(ਕਹਾਣੀ ਸੰਗ੍ਰਹਿ)



ਡਾ. ਅਜੀਤ ਸਿੰਘ

# ਸਮੇਂ ਦੀ ਮਲ੍ਹਮ

(ਕਹਾਣੀ ਸੰਗ੍ਰਹਿ)

# ਸਮੇਂ ਦੀ ਮਲ੍ਹਮ

(ਕਹਾਣੀ ਸੰਗ੍ਰਹਿ)

ਡਾ. ਅਜੀਤ ਸਿੰਘ

ਵਾਰਿਸ ਸ਼ਾਹ ਫ਼ਾਊਂਡੇਸ਼ਨ

ਅੰਮ੍ਰਿਤਸਰ-143002

**SMEN DI MALHM**

*(Kahani Sangreh)*

by

**Dr. Ajit Singh**

Street number 4 (Left), Hira Singh Nagar,

Kot Kapura (Faridkot)-151204

*Presently living at*

38 Mc Coord Woods Drive

Rochester NY 14450 USA

Phone 001 585 305 0443

email: dr.singhajit@gmail.com

© Author

ISBN : 978-93-86926-27-2

ਸਾਲ 2023

ਮੁੱਲ : 250 ਰੁਪਏ $10

*Publisher*

Waris Shah Foundation

42, Guru Tegh Bahadur Nagar, P.O. Khalsa College,

Amritsar-143002 (Ph. 0183-2450520)

*Printer*

PRINTWELL

146, Industrial Focal Point, Amritsar.

# ਸਮਰਪਣ

ਮਾਂ ਬੋਲੀ ਨਾਲ ਜੋੜਨ ਦੇ ਯਤਨ ਸਦਕਾ
ਮੇਰੀ ਫੁਲਵਾੜੀ ਦੇ ਕੋਮਲ ਫੁੱਲਾਂ
ਜਪਜੋਤ, ਜਪਨੂਰ, ਜੋਬਨ ਹਰਬਨ, ਸਾਹਿਬਾ,
ਸਿਮਲੀਨ, ਪ੍ਰਭਲੀਨ ਅਤੇ ਜੋਧਵੀਰ ਨੂੰ
ਪਿਆਰ ਸਹਿਤ

**ਇਸੇ ਕਲਮ ਤੋਂ**

1. ਪੰਛੀ ਝਾਤ (ਲੇਖ ਸੰਗ੍ਰਹਿ)
2. Begumpura City (A city without pains)
3. ਗੁਰੂ ਨਾਨਕ ਸਾਹਿਬ, ਜੀਵਨ ਕਾਲ ਤੇ ਫਿਲਾਸਫੀ (ਸ਼ਾਹ ਮੁਖੀ ਵਿਚ)

# ਤਤਕਰਾ


- ਦੋ ਸ਼ਬਦ 9
- ਲੇਖਕ ਵਲੋਂ ਸਨਿੰਮਰ ਬੇਨਤੀ 11

1. ਵਿਸ਼ਵਾਸਘਾਤ 13
2. ਨਿਰਮਲ 18
3. ਭੁਲੇਖਾ 26
4. ਕੰਡਿਆਲੀ ਤਾਰ 34
5. ਮਰਦਾ ਕੀ ਨਾ ਕਰਦਾ 43
6. ਭੰਬੀਰੀ 49
7. ਮਤਰੇਈ ਮਾਂ 56
8. ਸ਼ੇਰਨੀਆਂ 61
9. ਸਿਕੰਦਰ 70
10. ਮਿਹਨਤ 79
11. ਡਾਢੇ ਦਾ ਸਤੀਂ ਵੀਹ ਸੌ 88
12. ਸਬਰ ਦਾ ਘੁੱਟ 91
13. ਸਮੇਂ ਦੀ ਮਲ੍ਹਮ 95
14. ਤੀਸਰਾ ਵਿਆਹ 101
15. ਮੰਗਲ ਦਾ ਘਰ 105
16. ਨਿਯੁਕਤੀ ਪੱਤਰ 108

- ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ 109

# ਦੋ ਸ਼ਬਦ

ਆਧੁਨਿਕ ਪੰਜਾਬੀ ਸਾਹਿਤ ਦੇ ਕੁਝ ਹੋਰ ਰੂਪਾਕਾਰਾਂ ਨਾਵਲ, ਨਾਟਕ, ਇਕਾਂਗੀ, ਨਿਬੰਧ ਆਦਿ ਵਾਂਗ ਨਿੱਕੀ ਕਹਾਣੀ ਦਾ ਜਨਮ ਵੀ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਹੋਇਆ। ਪਿਛਲੇ ਅੱਠ-ਨੌਂ ਦਹਾਕਿਆਂ ਦੇ ਅਰਸੇ ਵਿਚ ਪੰਜਾਬੀ ਨਿੱਕੀ ਕਹਾਣੀ ਨੇ ਸਾਹਿਤ ਦੇ ਹੋਰ ਸਾਰੇ ਰੂਪਾਂ ਨੂੰ ਪਛਾੜ ਦਿੱਤਾ ਹੈ। ਲੋਕਪ੍ਰਿਅਤਾ ਅਤੇ ਪਠਨ ਯੋਗਤਾ ਦੀ ਦ੍ਰਿਸ਼ਟੀ ਤੋਂ ਇਹ ਪੰਜਾਬੀ ਸਾਹਿਤ ਵਿਚ ਹੋਰ ਰੂਪਾਕਾਰਾਂ ਤੋਂ ਅੱਗੇ ਲੰਘ ਗਈ ਹੈ।

ਨਿੱਕੀ ਕਹਾਣੀ ਇਕੋ ਬੈਠਕ ਵਿਚ ਪੜ੍ਹੀ ਜਾਣ ਵਾਲੀ, ਉਹ ਸਾਹਿਤਕ ਵਿਧਾ ਹੁੰਦੀ ਹੈ, ਜੋ ਆਕਾਰ, ਵਸਤੂ, ਉਦੇਸ਼, ਤਰਤੀਬ ਤੇ ਬਣਤਰ ਦੇ ਲਿਹਾਜ਼ ਨਾਲ ਇਕ ਸੰਪੂਰਨ ਅੰਗ ਹੈ। ਇਹ ਭਾਵੇਂ ਗਲਪ ਸਾਹਿਤ ਦਾ ਇਕ ਰੂਪ ਹੈ ਪਰੰਤੂ ਨਾਵਲ ਦਾ ਸੰਖੇਪ ਜਾਂ ਉਪ ਰੂਪ ਨਹੀਂ। ਨਿੱਕੀ ਕਹਾਣੀ ਜੀਵਨ ਦੀ ਕਿਸੇ ਇਕਹਿਰੀ ਘਟਨਾ ਨੂੰ ਸੰਜਮ ਨਾਲ ਚਿਤਰਦੀ, ਬਿਆਨਦੀ ਜਾਂ ਕੇਵਲ ਕ੍ਰਾਂਤੀ ਹੀ ਪੁਆਉਂਦੀ ਹੈ; ਵਿਸਥਾਰ ਵਿਚ ਜਾਣਾ, ਇਸ ਦਾ ਕੰਮ ਨਹੀਂ। ਇਸ ਦਾ ਮਨੋਰਥ ਕਾਰਜ, ਉਦੇਸ਼ ਅਤੇ ਪ੍ਰਭਾਵ ਦੀ ਏਕਤਾ ਨੂੰ ਕਾਇਮ ਰਖਣਾ ਅਤੇ ਇਕਾਗਰ ਕਰਕੇ ਬੱਝਵਾਂ ਪ੍ਰਭਾਵ ਪਾਉਣਾ ਹੈ। ਇਹ ਨਾਟਕੀ ਤੇ ਤਿੱਖੀ ਚਾਲ ਵਾਲੀ ਹੁੰਦੀ ਹੈ। ਇਸ ਦੀ ਹਰ ਉਪ ਘਟਨਾ ਸਿਖ਼ਰ ਵਲ ਨੂੰ ਵਧਦੀ ਹੈ। ਇਕਾਂਗੀ ਵਾਂਗ ਇਸ ਦਾ ਆਰੰਭ ਝਟਪਟਾ ਤੇ ਅੰਤ ਸੁਝਾਉ ਹੁੰਦਾ ਹੈ। ਇਕਹਿਰੀ ਘਟਨਾ, ਨਾਟਕੀ ਬਿਆਨ ਤੇ ਪ੍ਰਭਾਵ ਦੀ ਇਕਾਗਰਤਾ ਇਸ ਦੇ ਲਾਜ਼ਮੀ ਲੱਛਣ ਹਨ।

ਸਮਕਾਲੀ ਪੰਜਾਬੀ ਕਹਾਣੀ ਹੁਣ ਜਿਸ ਮੁਕਾਮ ਤੇ ਪਹੁੰਚ ਗਈ ਹੈ ਉਹ ਯੁੱਗ, ਉੱਤਰ-ਯੁੱਗ ਦੀਆਂ ਪਰਿਸਥਿਤੀਆਂ ਦਾ ਗੰਭੀਰ, ਬਹੁ-ਅਰਥੀ ਅਤੇ ਵਧੇਰੇ ਗੁੰਝਲਦਾਰ ਯੁੱਗ ਬਣ ਚੁੱਕਾ ਹੈ। ਅਜੋਕੇ ਸਮੇਂ ਵਿਚ ਮਨੁੱਖੀ ਜੀਵਨ ਦੇ ਕਲਪੇ ਸੱਚ, ਸੁਪਨੇ, ਮਨੋਰਥ ਆਦਿ ਕਿਸੇ ਕੇਂਦਰੀ ਨੁਕਤੇ ਉੱਤੇ ਆ ਕੇ ਨਹੀਂ ਟਿੱਕਦੇ ਬਲਕਿ ਉਹ ਵਿਕੇਂਦਰੀਕਰਨ ਹੁੰਦੇ ਹੋਏ ਕਈ ਅਰਥਾਂ ਦੇ ਧਾਰਨੀ ਬਣ ਚੁੱਕੇ ਹਨ।

ਇਸ ਲਈ ਸਾਹਿਤ ਦਾ ਇਹ ਸੂਖ਼ਮ, ਰੌਚਕ ਅਤੇ ਗੁੰਝਲਾਂ ਭਰਿਆ ਰੂਪਾਕਾਰ ਕਹਾਣੀ ਵੀ, ਇਸ ਤੋਂ ਵਿਛੁੰਨਿਆਂ ਨਹੀਂ ਰਹਿ ਸਕਿਆ। ਇਸ ਦੇ ਵਿਸ਼ੇ ਵੀ ਹੁਣ ਪਰਵਾਸ ਚੇਤਨਾ, ਦਲਿਤ ਚੇਤਨਾ, ਸੱਭਿਆਚਾਰਕ ਤਨਾਅ, ਰਿਸ਼ਤਿਆਂ ਦੀ ਟੁੱਟ ਭੱਜ, ਵਿਸ਼ਵਾਸਘਾਤ, ਬੇਈਮਾਨੀ, ਰਿਸ਼ਵਤਖੋਰੀ, ਬੇਚੈਨੀ, ਭਟਕਣ, ਖ਼ੌਫ਼ ਆਦਿ ਅਨੇਕਾਂ ਬਣ ਚੁੱਕੇ ਹਨ।

'ਸਮੇਂ ਦੀ ਮਲ੍ਹਮ' ਡਾ. ਅਜੀਤ ਸਿੰਘ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਕੁੱਲ ਸੋਲ੍ਹਾਂ ਕਹਾਣੀਆਂ ਨੂੰ ਸ਼ਾਮਿਲ ਕਰਕੇ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ। ਡਾ. ਅਜੀਤ ਸਿੰਘ ਅਜੋਕੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਲੰਮੀ ਕਤਾਰ ਵਿਚ ਖੜ੍ਹਿਆ ਇਕ ਨਵਾਂ ਹਸਤਾਖਰ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਸਾਧਾਰਨ ਹੁੰਦਿਆਂ ਹੋਇਆਂ ਵੀ ਕਈ ਰਮਜ਼ਾਂ, ਗੁੰਝਲਾਂ, ਘੁੰਮਣਘੇਰੀਆਂ ਅਤੇ ਇਸ਼ਾਰੇ ਆਪਣੇ ਅੰਦਰ ਸਮੋਈ ਬੈਠੇ ਹਨ।

ਕਹਾਣੀਕਾਰ ਦੀ ਸਿਰਜਣਾ ਦੀ ਮੂਲ ਜੁਗਤ ਕਾਵਿਕ ਅਨੁਭਵ ਵਾਲੀ ਹੈ। ਉਹ ਕਹਾਣੀ ਦੀ ਸਿਰਜਣਾ ਕਿਸੇ ਪ੍ਰਕਿਰਤਿਕ ਦ੍ਰਿਸ਼ ਤੋਂ ਸ਼ੁਰੂ ਕਰਦਾ ਹੋਇਆ, ਨਿੱਕੀਆਂ ਨਿੱਕੀਆਂ ਘਟਨਾਵਾਂ ਦੀਆਂ ਤੰਦਾਂ ਬੁਣਦਾ ਹੋਇਆ, ਕਿਸੇ ਸੰਘਣੇ ਜਾਲ ਵਿਚ ਜਾ ਕੇ ਆਪਣੇ ਬਿਰਤਾਂਤ ਨੂੰ ਜ਼ਿੰਦਗੀ ਦੇ ਵਿਸ਼ਾਲ ਕੈਨਵਸ ਉੱਤੇ ਉਤਾਰ ਦਿੰਦਾ ਹੈ। ਉਸ ਦੀਆਂ ਸਮੁੱਚੀਆਂ ਕਹਾਣੀਆਂ ਦੇ ਵਿਸ਼ੇ ਕਿਸੇ ਤਨਾਅ ਤੋਂ ਸ਼ੁਰੂ ਹੁੰਦੇ ਹੋਏ ਜਦ ਕਹਾਣੀ ਦੀ ਸਿਖ਼ਰ ਉੱਤੇ ਪਹੁੰਚਦੇ ਹਨ ਤਾਂ ਇਕਦਮ ਪਾਠਕ ਦੇ ਮਨ ਅੰਦਰ ਬਣੇ ਪ੍ਰਸ਼ਨਾਂ ਨੂੰ ਕਿਸੇ ਸੁਲਝਾਵ ਦੇ ਉੱਤਰਾਂ ਵਿਚ ਤਬਦੀਲ ਕਰ ਦਿੰਦੇ ਹਨ।

ਡਾ. ਅਜੀਤ ਸਿੰਘ ਦੀਆਂ ਕਹਾਣੀਆਂ ਵਿਚਲੇ ਪਾਤਰ ਨਿਰੰਤਰ ਸਮਾਜ ਵਿਚ ਜੂਝਦੇ ਹੋਏ ਸਮਾਜਿਕ ਪਰਿਸਥਿਤੀਆਂ ਨਾਲ ਦੋ-ਚਾਰ ਹੁੰਦੇ ਹੋਏ ਕਿਸੇ ਰਾਹ ਦੀ ਦਹਿਲੀਜ਼ ਤਕ ਪਹੁੰਚ ਕਰ ਲੈਂਦੇ ਹਨ। ਸੋ ਕੁੱਲ ਮਿਲਾ ਕੇ ਕਹਾਣੀਕਾਰ ਦੁਆਰਾ ਸਿਰਜੀਆਂ ਕਹਾਣੀਆਂ ਦੇ ਵਿਸ਼ਿਆਂ ਨੂੰ ਬੜੀ ਸਾਧਾਰਨਤਾ, ਰੌਚਿਕਤਾ, ਪ੍ਰਖਤਗੀ ਦੁਆਰਾ ਪ੍ਰਸਤੁਤ ਕੀਤਾ ਗਿਆ ਹੈ। ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਡਾ. ਅਜੀਤ ਸਿੰਘ ਦੇ ਇਸ ਕਹਾਣੀ ਸੰਗ੍ਰਹਿ ਲਈ ਮੁਬਾਰਕਬਾਦ ਦਿੰਦਾ ਹਾਂ ਅਤੇ ਇਹ ਵੀ ਆਸ ਕਰਦਾ ਹਾਂ ਕਿ ਡਾ. ਅਜੀਤ ਸਿੰਘ ਇਸ ਸਫ਼ਰ ਅੰਦਰ ਹੋਰ ਨਵਿਆਂ ਵਿਸ਼ਿਆਂ ਅਤੇ ਧਰਾਤਲਾਂ ਉੱਪਰ ਕਲਮ ਦੀ ਅਜ਼ਮਾਇਸ਼ ਕਰਦਾ ਹੋਇਆ ਪਾਠਕਾਂ ਦੀ ਝੋਲੀ ਸਾਹਿਤ ਸਿਰਜਣਾ ਨਾਲ ਸਦਾ ਭਰਦਾ ਰਹੇਗਾ।

**ਡਾ. ਬਿਕਰਮ ਸਿੰਘ ਘੁੰਮਣ**

ਪ੍ਰੋਫ਼ੈਸਰ (ਸੇਵਾ ਮੁਕਤ)

ਸਾਬਕਾ ਡੀਨ ਅਕਾਦਮਿਕ ਮਾਮਲੇ,

ਡੀਨ ਵਿਦਿਆਰਥੀ ਭਲਾਈ,

ਡੀਨ ਭਾਸ਼ਾ ਫੈਕਲਟੀ ਅਤੇ

ਪ੍ਰੋਫ਼ੈਸਰ ਤੇ ਮੁੱਖੀ, ਪੰਜਾਬੀ ਅਧਿਐਨ ਸਕੂਲੀ,

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

(ਮੋ. 098151-26942)

# ਲੇਖਕ ਵਲੋਂ ਸਨਿੰਮਰ ਬੇਨਤੀ

ਪੰਜਾਬੀ ਵਿਚ ਕਹਾਣੀ ਦਾ ਸਫ਼ਰ ਬੜੇ ਹੀ ਮਾਣ ਵਾਲਾ ਆਖਿਆ ਗਿਆ ਹੈ, ਬਹੁਤ ਸਾਰੇ ਕਹਾਣੀਕਾਰਾਂ ਨੇ ਇਸ ਵਿਚ ਆਪਣਾ ਭਰਵਾਂ ਯੋਗਦਾਨ ਪਾਇਆ ਹੈ। ਕਹਾਣੀ ਵਿਧਾ ਰਾਹੀਂ ਹਰ ਉਮਰ ਦੇ ਪਾਠਕ ਬਹੁਤ ਕੁਝ ਸਿੱਖਦੇ ਹਨ ਅਤੇ ਪੜ੍ਹੀ ਜਾਂ ਸੁਣੀ ਹੋਈ ਕਹਾਣੀ ਲੰਬੇ ਸਮੇਂ ਤਕ ਮਨ ਉਪਰ ਟਿਕਾਊ ਅਸਰ ਪਾਉਂਦੀ ਹੈ। ਚੰਗੀ ਕਹਾਣੀ ਜੀਵਨ ਨੂੰ ਸਹੀ ਸੇਧ ਦੇਣ ਵਿਚ ਸਹਾਈ ਹੋਇਆ ਕਰਦੀ ਹੈ। ਕਹਾਣੀਕਾਰ ਪੂਰੀ ਕੋਸ਼ਿਸ਼ ਕਰ ਕੇ ਆਪਣੀ ਕਲਪਨਾ ਦੀ ਉਡਾਰੀ ਸਦਕਾ ਅਜਿਹੇ ਹਾਲਾਤ ਸਿਰਜਣ ਦਾ ਯਤਨ ਕਰਦਾ ਹੈ ਜੋ ਸਚਾਈ ਦੇ ਨੇੜੇ-ਤੇੜੇ ਹੋਇਆ ਕਰਦੇ ਹਨ। ਨਿਰੋਲ ਕਲਪਨਾ ਹੋਣ ਦੇ ਬਾਵਜੂਦ ਕਈ ਪਾਠਕਾਂ ਨੂੰ ਇਹ ਮਹਿਸੂਸ ਹੋਣ ਲੱਗਦਾ ਹੈ ਕਿ ਇਹ ਕਹਾਣੀ ਤਾਂ ਮੇਰੀ ਜਾਂ ਸਾਡੇ ਘਰ ਦੀ ਹੀ ਹੈ, ਜੋ ਕਿ ਕੇਵਲ ਮੌਕਾ ਮੇਲ ਹੋ ਸਕਦਾ ਹੈ। ਕਹਾਣੀਕਾਰ ਵਲੋਂ ਰੱਖੇ ਹੋਏ ਨਾਂ ਵੀ ਕਈ ਵਾਰ ਮੇਲ ਖਾ ਜਾਂਦੇ ਹਨ, ਜੋ ਪਾਠਕ ਨੂੰ ਸਚਾਈ ਭਾਸਦੇ ਹਨ।

ਇਸ ਪੁਸਤਕ ਵਿਚ ਦਰਜ ਕਹਾਣੀ 'ਭੁਲੇਖਾ' ਵਿਚ ਤੀਸਰੀ ਰੋਟੀ ਸਬੰਧੀ ਲਿਖਿਆ ਹੈ। ਉਸ ਦੇ ਸਬੰਧ ਵਿਚ ਦੱਸਣ ਲਈ ਇਕ ਛੋਟੀ ਜਿਹੀ ਕਹਾਣੀ ਦੱਸਣੀ ਵੀ ਜ਼ਰੂਰੀ ਸਮਝਦਾ ਹਾਂ।

ਜਦੋਂ ਵੀ ਸਟਾਫ਼ ਇਕੱਠਾ ਬੈਠ ਕੇ ਗੱਲਾਂ ਕਰਦਾ ਤਾਂ ਇਕ ਲੈਕਚਰਰ ਹਮੇਸ਼ਾ ਆਖਦਾ ਕਿ ਥੋੜ੍ਹੇ ਸਮੇਂ ਬਾਅਦ ਮੈਂ ਵੀ ਤੀਸਰੀ ਰੋਟੀ ਖਾਣ ਲੱਗ ਜਾਵਾਂਗਾ। ਸਾਰਾ ਸਟਾਫ਼ ਇਹ ਮਹਿਸੂਸ ਕਰਦਾ ਕਿ ਇਸ ਨੂੰ ਕੋਈ ਤਕਲੀਫ਼ ਹੈ ਜੋ ਹੁਣ ਠੀਕ ਹੋਣ ਵਾਲੀ ਹੈ, ਉਸ ਤਕਲੀਫ਼ ਕਾਰਣ ਇਹ ਤੀਸਰੀ ਰੋਟੀ ਖਾ ਨਹੀਂ ਸਕਦਾ। ਇਸ ਲਈ ਇਹ ਸੁਣ ਕਿ ਉਹ ਹੁਣ ਤੀਸਰੀ ਰੋਟੀ ਖਾਣ ਦੇ ਕਾਬਿਲ ਹੋ ਜਾਵੇਗਾ। ਇਕ ਸਟਾਫ਼ ਮੈਂਬਰ ਨੇ ਪੁੱਛ ਹੀ ਲਿਆ ਕਿ ਤੁਹਾਨੂੰ ਕੀ ਤਕਲੀਫ਼ ਸੀ ਜੋ ਹੁਣ ਠੀਕ ਹੋ ਜਾਵੇਗੀ ਤੇ ਤੁਸੀਂ ਤੀਸਰੀ ਰੋਟੀ ਖਾ ਸਕੋਗੇ ? ਇਹ ਸੁਣ ਉਹ ਹੱਸ ਪਿਆ ਤੇ ਆਖਣ ਲੱਗਾ ਸੁਣੋ ਬਈ ਮਿੱਤਰੋ ! ਤੀਸਰੀ ਰੋਟੀ ਦਾ ਭਾਵ ਕਿਸੇ ਬਿਮਾਰੀ ਤੋਂ ਠੀਕ ਹੋਣਾ ਨਹੀਂ ਹੈ। ਮੇਰੀ ਇਸ ਗੱਲ ਨੂੰ ਧਿਆਨ ਨਾਲ ਸੁਣ ਲਵੋ।

ਪਹਿਲੀ ਰੋਟੀ ਮੈਨੂੰ ਮੇਰੀ ਮਾਂ ਨੇ ਪਕਾ ਕੇ ਖਵਾਈ ਸੀ, ਜੋ ਬਹੁਤ ਹੀ ਚੰਗੀ ਲੱਗੀ ਸੀ। ਦੂਸਰੀ ਰੋਟੀ ਮੈਨੂੰ ਮੇਰੀ ਪਤਨੀ ਵਲੋਂ ਪਕਾ ਕੇ ਖਵਾਈ ਗਈ ਸੀ। ਹੁਣ ਮੇਰਾ ਬੇਟਾ ਜਵਾਨ ਹੋ ਚਲਿਆ ਹੈ ਅਤੇ ਚੰਗੀ ਨੌਕਰੀ ਤੇ ਲੱਗ ਗਿਆ ਹੈ, ਛੇਤੀ ਹੀ ਇਸ ਦਾ ਵਿਆਹ ਕਰ ਦੇਵਾਂਗੇ ਤੇ ਮੈਂ ਆਪਣੀ ਨੂੰਹ ਦੇ ਹੱਥ ਦੀ ਤੀਸਰੀ ਰੋਟੀ ਖਾ ਸਕਾਂਗਾ। ਇਹ ਸੁਣ ਸਾਰਿਆਂ ਨੂੰ ਤੀਸਰੀ ਰੋਟੀ ਦਾ ਠੀਕ ਅਰਥ ਸਮਝ

ਆਇਆ ਤੇ ਸਾਰੇ ਆਪੋ ਆਪਣੀ ਤੀਸਰੀ ਰੋਟੀ ਬਾਰੇ ਸੋਚਣ ਲੱਗ ਪਏ। ਫਿਰ ਉਸ ਨੇ ਥੋੜ੍ਹਾ ਗੰਭੀਰ ਹੋ ਕੇ ਆਖਿਆ ਕਿ ਕੁਝ ਲੋਕ ਐਸੇ ਵੀ ਹੁੰਦੇ ਹਨ, ਜਿਨ੍ਹਾਂ ਦੇ ਨਸੀਬ ਵਿਚ ਤੀਸਰੀ ਰੋਟੀ ਨਹੀਂ ਹੁੰਦੀ ਹੈ। ਮੈਂ ਤਾਂ ਆਪਣੇ ਆਪ ਨੂੰ ਭਾਗਾਂ ਵਾਲਾਂ ਸਮਝਦਾ ਹਾਂ ਜੋ ਤੀਸਰੀ ਰੋਟੀ ਦੇ ਕਾਬਿਲ ਹੋ ਗਿਆ ਹਾਂ।

ਮੈਂ ਡਾਕਟਰ ਬਿਕਰਮ ਸਿੰਘ ਘੁੰਮਣ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਮਾਂ ਕੱਢ ਕੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ ਤੇ ਮੁਖਬੰਧ ਲਿਖਿਆ।

ਨਰਿੰਦਰਪਾਲ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਮੇਰੀ ਕਹਾਣੀਆਂ ਦੀ ਟਾਈਪ ਸੈਟਿੰਗ ਕੀਤੀ।

ਮੈਂ ਆਪਣੇ ਪਰਿਵਾਰ ਦਾ ਅਹਿਸਾਨਮੰਦ ਹਾਂ ਜਿਨ੍ਹਾਂ ਨੇ ਮੈਨੂੰ ਪੂਰਨ ਸਹਿਯੋਗ ਦਿਤਾ ਤਾਂ ਜੋ ਮੈਂ ਪੂਰਾ ਸਮਾਂ ਕਹਾਣੀਆਂ ਦੀ ਸਿਰਜਣਾ ਕਰ ਸਕਾਂ।

ਮੈਂ ਆਪਣੇ ਸਾਥੀ ਪ੍ਰਭਜੋਤ ਸਿੰਘ ਪ੍ਰਿੰਸੀਪਲ ਸਾਹਿਬ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਹੀ ਕਿਤਾਬ ਨੂੰ ਸੁਹਜਮਈ ਬਣਾਉਣ ਵਿਚ ਪੂਰਨ ਸਹਿਯੋਗ ਦਿਤਾ।

ਜੇਕਰ ਸਹਿਯੋਗੀਆਂ ਦੇ ਨਾਵਾਂ ਦੀ ਸੂਚੀ ਤਿਆਰ ਕੀਤੀ ਜਾਵੇ ਤਾਂ ਇਹ ਬਹੁਤ ਲੰਬੀ ਹੋ ਜਾਵੇਗੀ। ਇਸ ਲਈ ਮੈਂ ਤਹਿ ਦਿਲੋਂ ਉਨ੍ਹਾਂ ਸਾਰਿਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਦਮ ਵਿਚ ਮੇਰਾ ਸਾਥ ਦਿੱਤਾ।

ਮੇਰੇ ਵਲੋਂ ਲਿਖੀਆਂ ਕਹਾਣੀਆਂ ਵੀ ਮੇਰੀ ਕਲਪਨਾ ਦੀ ਉਡਾਰੀ ਹੀ ਹਨ ਅਤੇ ਜੇਕਰ ਕਿਸੇ ਕਹਾਣੀ ਦੇ ਵਿਚਲੇ ਨਾਂ, ਸਥਾਨ ਅਤੇ ਘਟਨਾਵਾਂ ਸਬੱਬ ਨਾਲ ਕਿਸੇ ਦੇ ਜੀਵਨ ਨੂੰ ਟੁੰਬ ਜਾਣ ਤੇ ਕਿਸੇ ਹਿਰਦੇ ਨੂੰ ਠੇਸ ਪੁੱਜ ਜਾਵੇ ਤਾਂ ਮੈਂ ਖਿਮਾਂ ਮੰਗਦਾ ਹਾਂ।

ਪਹਿਲੀਆਂ ਕਿਤਾਬਾਂ ਨੂੰ ਪੂਰਨ ਹੁੰਗਾਰਾ ਮਿਲਣ ਤੋਂ ਬਾਅਦ ਕਹਾਣੀਆਂ ਦੀ ਇਹ ਪਹਿਲੀ ਪੁਸਤਕ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰ ਰਿਹਾ ਹਾਂ। ਉਮੀਦ ਹੈ ਪਾਠਕ ਇਸ ਦਾ ਆਨੰਦ ਮਾਣਨਗੇ।

**ਡਾਕਟਰ ਅਜੀਤ ਸਿੰਘ**
ਗਲੀ ਨੰਬਰ 4 (ਖੱਬਾ ਪਾਸਾ),
ਹੀਰਾ ਸਿੰਘ ਨਗਰ,
ਕੋਟਕਪੂਰਾ–151204
ਮੋਬਾਈਲ : 001 585 305 0443
ਈ–ਮੇਲ : dr.singhajit@gmail.com

# ਵਿਸ਼ਵਾਸਘਾਤ

ਸ਼ਾਮ ਦਾ ਵੇਲਾ ਸੀ। ਸੂਰਜ ਆਪਣਾ ਦਿਨ ਦਾ ਕੰਮ ਨਿਬੇੜ ਆਪਣੇ ਘਰ ਵਲ ਪਰਤ ਰਿਹਾ ਸੀ ਅਤੇ ਜਾਂਦਾ ਹੋਇਆ ਰੁੱਖਾਂ ਦੇ ਸਿਰ ਤੇ ਹੱਥ ਫੇਰਦਾ ਹੋਇਆ ਉਨ੍ਹਾਂ ਨੂੰ ਆਖ ਰਿਹਾ ਸੀ ਕਿ ਰਾਤ ਦੇ ਹਨੇਰੇ ਤੋਂ ਬਿਲਕੁਲ ਨਾ ਘਬਰਾਇਆ ਜੇ। ਤੁਹਾਨੂੰ ਨਿੰਮਾ ਨਿੰਮਾ ਚਾਨਣ ਦੇਣ ਵਾਲਾ ਚੰਦਰਮਾ ਦੇ ਰਿਹਾ ਹਾਂ, ਸਵੇਰੇ ਜਲਦੀ ਵਾਪਿਸ ਆਉਣ ਦਾ ਯਤਨ ਕਰਾਂਗਾ ਅਤੇ ਜੇ ਬੱਦਲਾਂ ਨੇ ਕੋਈ ਰੁਕਾਵਟ ਪਾਈ ਤਾਂ ਉਨ੍ਹਾਂ ਨਾਲ ਜਦੋਜਹਿਦ ਕਰ ਕੇ ਆ ਹੀ ਜਾਵਾਂਗਾ। ਰੁੱਖਾਂ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਉਨ੍ਹਾਂ ਦਾ ਬਾਪ ਉਨ੍ਹਾਂ ਨੂੰ ਦਿਲਾਸਾ ਦੇ ਕੇ ਜਾ ਰਿਹਾ ਸੀ। ਉਹ ਵੀ ਉਸ ਦਿਲਾਸੇ ਦੇ ਭਰੋਸੇ ਰਾਤ ਗੁਜ਼ਾਰਨ ਲਈ ਤਿਆਰ ਸਨ।

ਉਧਰ ਗੁਰੋ, ਜਿਸ ਦਾ ਪੂਰਾ ਨਾਂ ਗੁਰਪ੍ਰੀਤ ਸੀ ਤੇ ਉਸ ਨੂੰ ਲਾਡ ਨਾਲ ਗੁਰੋ ਆਖ ਕੇ ਹੀ ਬੁਲਾਇਆ ਜਾਂਦਾ ਸੀ, ਸ਼ਾਮ ਦੇ ਸਮੇਂ ਆਪਣੇ ਘਰ ਦੇ ਅੰਦਰ ਨਿੱਕੇ ਨਿੱਕੇ ਕੰਮ ਕਰ ਰਹੀ ਸੀ ਅਤੇ ਮਨ ਹੀ ਮਨ ਸੁਪਨੇ ਬੁਣ ਰਹੀ ਸੀ ਕਿ ਉਹ ਤਾਂ ਹੁਣ ਜਲਦੀ ਹੀ ਕਨੇਡਾ ਚਲੇ ਜਾਣਗੇ। ਉਸ ਨੂੰ ਆਪਣੇ ਗੁਆਂਢ ਰਹਿੰਦੇ ਸਰਪੰਚ ਨੇ ਆਪਣੀ ਮਾਂ ਦੀ ਉਸਦੀ ਮਾਂ ਵਲੋਂ ਕੀਤੀ ਸੇਵਾ ਬਦਲੇ ਨਵੇਂ ਬਣੇ ਕਾਨੂੰਨ ਅਧੀਨ ਕਨੇਡਾ ਭੇਜਣ ਦਾ ਵਿਸ਼ਵਾਸ ਦਿਵਾਇਆ ਸੀ। ਉਨ੍ਹਾਂ ਦੀ ਸਰਪੰਚ ਨਾਲ ਪੁਰਾਣੀ ਜਾਣ ਪਛਾਣ ਸੀ। ਉਸ ਤੇ ਉਹ ਰੱਬ ਜਿੰਨਾ ਵਿਸ਼ਵਾਸ ਕਰਦੇ ਸਨ।

ਭਾਵੇਂ ਹੁਣ ਗੁਰੋ ਦਾ ਸਹੁਰਾ ਉਥੇ ਜਾ ਚੁੱਕਾ ਸੀ ਜਿਥੋਂ ਕਦੇ ਵੀ ਕੋਈ ਵਾਪਿਸ ਨਹੀਂ ਆ ਸਕਿਆ ਅਤੇ ਨਾ ਹੀ ਉਸ ਥਾਂ ਬਾਰੇ ਕਿਸੇ ਨੂੰ ਪੂਰਨ ਗਿਆਨ ਹੀ ਸੀ। ਕਿਹਾ ਜਾਂਦਾ ਹੈ ਉਥੇ ਮਨੁੱਖ ਦੇ ਕਰਮਾਂ ਦਾ ਲੇਖਾ ਹੁੰਦਾ ਹੈ ਅਤੇ ਉਸ ਆਧਾਰ ’ਤੇ ਹੀ ਸਵਰਗ ਜਾਂ ਨਰਕ ਵਿਚ ਭੇਜਿਆ ਜਾਂਦਾ ਹੈ। ਇਸ ਭੰਬਲ-ਭੂਸੇ ਦੇ ਅੰਦਰ ਮਨੁੱਖ ਪੂਰੀ ਤਰ੍ਹਾਂ ਫਸਿਆ ਹੋਇਆ ਹੈ। ਗੁਰੋ ਦਾ ਸਹੁਰਾ ਜਰਨੈਲ ਸਿੰਘ ਜਿਸ ਨੂੰ ਸਾਰੇ ਜੈਲਾ ਆਖ ਕੇ ਬੁਲਾਉਂਦੇ ਸਨ, ਸਰਪੰਚ ਦਾ ਲੰਗੋਟੀਆ ਯਾਰ ਸੀ ਅਤੇ ਵੇਲੇ ਕੁਵੇਲੇ ਉਸ ਦੀ ਮੱਦਦ ਲਈ ਤਤਪਰ ਰਹਿੰਦਾ ਸੀ। ਸਰਪੰਚ ਦੀ ਮਾਂ ਜੈਲੇ ਨੂੰ ਵੀ ਆਪਣਾ ਪੁੱਤ ਮੰਨਿਆ ਕਰਦੀ ਸੀ ਅਤੇ ਜਦੋਂ ਕਦੇ ਸਰਪੰਚ ਲੋਕਾਂ ਦੇ ਕੰਮਾਂ-ਧੰਧਿਆਂ ਲਈ ਵਾਂਢੇ ਚਲਾ ਜਾਂਦਾ ਸੀ ਤਾਂ ਜੈਲੇ ਨੂੰ ਹੀ ਉਸਦੀ ਦੇਖਭਾਲ ਲਈ ਆਖ ਕੇ ਜਾਂਦਾ ਸੀ। ਜੈਲਾ ਵੀ ਉਸ ਨੂੰ ਆਪਣੀ ਮਾਂ ਕਰਕੇ ਹੀ ਜਾਣਦਾ ਸੀ। ਗੁਰੋ ਦੀ ਸੱਸ ਵੀ ਆਮ ਤੌਰ ’ਤੇ ਸਰਪੰਚ ਦੀ ਮਾਂ ਕੋਲ ਹੀ ਆਪਣਾ ਵੇਹਲਾ ਸਮਾਂ ਬਿਤਾਇਆ ਕਰਦੀ ਸੀ। ਉਸ ਨੇ ਕਦੇ ਵੀ ਉਸ ਨੂੰ ਸਰਪੰਚ ਦੀ ਮਾਂ ਨਹੀਂ ਸਮਝਿਆ ਸੀ ਸਗੋਂ ਆਪਣੀ ਮਾਂ ਦੀ ਤਰ੍ਹਾਂ ਉਸ ਨਾਲ ਦੁੱਖ ਸੁੱਖ ਕਰ ਲੈਂਦੀ ਸੀ।

ਲੋੜ ਸਮੇਂ ਆਪਣੀ ਗਰਜ਼ ਲਈ ਪੈਸਾ ਧੇਲਾ ਵੀ ਲੈ ਜਾਇਆ ਕਰਦੀ ਸੀ। ਸਰਪੰਚ ਹੋਣ ਕਾਰਨ ਉਨ੍ਹਾਂ ਦੇ ਘਰ ਆਇਆ ਗਿਆ ਰਹਿੰਦਾ ਸੀ ਤੇ ਗੁਰੋ ਦੀ ਸੱਸ ਰਸੋਈ ਵਿਚ ਵੀ ਮੱਦਦ ਕਰ ਦਿਆ ਕਰਦੀ ਸੀ।

ਸਰਪੰਚਣੀ ਦੀ ਕੁੱਖੋਂ ਦੋ ਜੁੜਵਾ ਬੱਚਿਆਂ ਨੇ ਜਨਮ ਲਿਆ ਤੇ ਜਣੇਪੇ ਵੇਲੇ ਗੁਰੋ ਦੀ ਸੱਸ ਉਨ੍ਹਾਂ ਦੇ ਘਰ ਹੀ ਸੌਂ ਜਾਇਆ ਕਰਦੀ ਸੀ ਤਾਂ ਜੋ ਵੇਲੇ-ਕੁਵੇਲੇ ਉਸ ਨੂੰ ਠੰਡਾ ਤੱਤਾ ਦਿੱਤਾ ਜਾ ਸਕੇ ਅਤੇ ਦੋਵਾਂ ਬੱਚਿਆਂ ਦੀ ਸੰਭਾਲ ਠੀਕ ਤਰ੍ਹਾਂ ਕੀਤੀ ਜਾ ਸਕੇ। ਉਹ ਬੱਚੇ ਹੌਲੀ-ਹੌਲੀ ਵੱਡੇ ਹੋ ਰਹੇ ਸਨ ਅਤੇ ਪੜ੍ਹਾਈ ਵਿਚ ਕਾਫੀ ਹੁਸ਼ਿਆਰ ਸਨ। ਜਦੋਂ ਉਨ੍ਹਾਂ ਨੇ 12 ਜਮਾਤਾਂ ਪਾਸ ਕਰ ਲਈਆਂ ਤੇ ਸਾਰੇ ਪਰਿਵਾਰ ਦੀ ਸਲਾਹ ਨਾਲ ਉਨ੍ਹਾਂ ਨੂੰ ਕਨੇਡਾ ਭੇਜਣ ਲਈ ਆਈਲਟਸ ਦੀ ਤਿਆਰੀ ਸ਼ੁਰੂ ਕਰਵਾ ਦਿਤੀ ਸੀ ਅਤੇ ਚੰਗੇ ਭਾਗਾਂ ਨੂੰ ਇਨ੍ਹਾਂ ਨੇ ਬੈਂਡ ਵੀ ਠੀਕ ਲੈ ਲਏ ਸਨ। ਸਰਪੰਚ ਨੇ ਆਪਣੀ ਜਾਣ ਪਛਾਣ ਸਦਕਾ ਏਜੰਟ ਦੇ ਰਾਹੀਂ ਉਨ੍ਹਾਂ ਦੋਹਾਂ ਦੀ ਫਾਈਲ ਕਨੇਡਾ ਲਈ ਲਗਵਾ ਦਿੱਤੀ ਸੀ। ਨੰਬਰ ਚੰਗੇ ਹੋਣ ਕਾਰਨ ਉਨ੍ਹਾਂ ਨੂੰ ਕਨੇਡਾ ਵਿਚ ਦਾਖਲਾ ਮਿਲ ਗਿਆ ਸੀ। ਬੱਚੇ ਤੇ ਸਾਰਾ ਪਰਿਵਾਰ ਖੁਸ਼ ਸੀ। ਸਲਾਹ ਮਸ਼ਵਰੇ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਕਿ ਬੱਚਿਆਂ ਦੇ ਨਾਲ ਮਾਤਾ ਪਿਤਾ ਵੀ ਜਾਣਗੇ ਤੇ ਸਰਪੰਚ ਤਾਂ ਥੋੜ੍ਹਾ ਸਮਾਂ ਰਹਿ ਕੇ ਵਾਪਿਸ ਭਾਰਤ ਆ ਜਾਵੇਗਾ ਜਦੋਂ ਕਿ ਬੱਚਿਆਂ ਦੀ ਮਾਂ ਉਨ੍ਹਾਂ ਦੀ ਦੇਖਭਾਲ ਅਤੇ ਰੋਟੀ ਪਾਣੀ ਦੀ ਮੱਦਦ ਲਈ ਉਨ੍ਹਾਂ ਕੋਲ ਰਹੇਗੀ।

ਉਧਰ ਜੈਲੇ ਦੇ ਘਰ ਵੀ ਇਕ ਮੁੰਡਾ ਸੀ, ਉਸ ਨੂੰ ਸਾਰੇ ਮਿੰਦਾ ਹੀ ਆਖਦੇ ਸਨ। ਪੂਰਾ ਨਾਂ ਭਾਵੇਂ ਉਸ ਦਾ ਮਹਿੰਦਰ ਸੀ। ਉਹ ਵੀ ਹੁਣ ਜਵਾਨ ਹੋ ਗਿਆ ਸੀ ਘਰ ਅੰਦਰ ਗ਼ਰੀਬੀ ਕਾਰਣ ਅਤੇ ਜੈਲੇ ਦੀ ਬੇਵਕਤ ਮੌਤ ਕਾਰਨ ਉਸ ਦੀ ਪੜ੍ਹਾਈ ਨਹੀਂ ਹੋ ਸਕੀ ਸੀ। ਉਸ ਦੇ ਮਨ ਅੰਦਰ ਵੀ ਕਨੇਡਾ ਜਾਣ ਦਾ ਸੁਪਨਾ ਚਲਦਾ ਰਹਿੰਦਾ ਸੀ। ਸਰਪੰਚ ਨੇ ਵੀ ਕਈ ਵਾਰ ਉਸ ਨੂੰ ਕਿਹਾ ਸੀ ਕਿ ਫ਼ਿਕਰ ਨਾ ਕਰ ਤੂੰ ਮੇਰੇ ਛੋਟੇ ਵੀਰ ਵਰਗੇ ਮਿੱਤਰ ਦਾ ਪੁੱਤਰ ਹੈਂ ਅਤੇ ਮੈਂ ਤੈਨੂੰ ਭਤੀਜ ਨੂੰ ਵੀ ਕੋਈ ਨਾ ਕੋਈ ਜੁਗਾੜ ਲਾ ਕੇ ਕਨੇਡਾ ਭੇਜਣ ਦਾ ਯਤਨ ਕਰਾਂਗਾ। ਅਗੇ ਤੇਰਾ ਮੁਕੱਦਰ !

ਮਿੰਦੇ ਦੀ ਮਾਂ ਆਪਣੀ ਵਡੇਰੀ ਉਮਰ ਹੋ ਜਾਣ ਕਾਰਣ ਚਾਹੁੰਦੀ ਸੀ ਕਿ ਮੈਂ ਵੀ ਆਪਣੇ ਪੁੱਤਰ ਦਾ ਵਿਆਹ ਕਰ ਦੇਵਾਂ। ਅਜਿਹਾ ਨਾ ਹੋਵੇ ਕਿ ਇਹ ਕਿਸੇ ਮਾੜੀ ਸੰਗਤ ਵਿਚ ਪੈ ਨਸ਼ੇ ਆਦਿ ਕਰਨ ਲੱਗ ਜਾਵੇ। ਉਸ ਕੋਲ ਭਾਵੇਂ ਰੁਪਏ ਪੈਸੇ ਦੀ ਕਮੀ ਸੀ ਪਰ ਉਸ ਨੂੰ ਵਿਸ਼ਵਾਸ ਸੀ ਕਿ ਸਰਪੰਚ ਤੋਂ ਕੁਝ ਰਕਮ ਲੈ ਕੇ ਉਸ ਦਾ ਵਿਆਹ ਕਰ ਸਕਾਂਗੀ। ਉਸ ਨੇ ਆਪਣੇ ਭਰਾਵਾਂ ਨਾਲ ਸਲਾਹ ਕਰਕੇ ਮਿੰਦੇ ਲਈ ਕੁੜੀ ਪਸੰਦ ਕਰ ਲਈ ਅਤੇ ਵਿਆਹ ਰੱਖ ਲਿਆ। ਸਰਪੰਚ ਦੇ ਪਰਿਵਾਰ ਦੇ ਕਨੇਡੇ ਦੀ ਉਡਾਰੀ ਭਰਨ ਤੋਂ ਪਹਿਲਾਂ ਉਸ ਨੇ ਵਿਆਹ ਕਰ ਲਿਆ ਅਤੇ ਕੰਮ ਧੰਧੇ ਤੋਂ ਸੋਖੀ ਹੋ ਗਈ। ਮਿੰਦੇ ਦੀ ਵਹੁਟੀ ਗੁਰੋ ਰੰਗ ਦੀ ਚਿੱਟੀ, ਮਿਰਗ ਅੱਖਾਂ ਵਾਲੀ

ਅਤੇ ਸੁਰਾਹੀਦਾਰ ਗਰਦਨ ਵਾਲੀ ਸੁੰਦਰ ਲੜਕੀ ਸੀ। ਮਿੰਦਾ ਖ਼ੁਸ਼ ਸੀ ਤੇ ਖ਼ੁਸ਼ੀ ਵਿਚ ਉਸ ਦਾ ਪੈਰ ਭੁੰਜੇ ਨਹੀਂ ਲੱਗਦਾ ਸੀ। ਸਰਪੰਚ ਦਾ ਸਾਰਾ ਪਰਿਵਾਰ ਹੀ ਵਿਆਹ ਵਿਚ ਸ਼ਾਮਿਲ ਸੀ। ਮਿੰਦੇ ਦੇ ਬਾਪ ਵਾਲੀਆਂ ਸਾਰੀਆਂ ਰਸਮਾਂ ਸਰਪੰਚ ਨੇ ਹੀ ਨਿਭਾਈਆਂ ਸਨ। ਵਿਆਹ ਦੇ ਸਮੇਂ ਤੋਂ ਕੁਝ ਦਿਨ ਬਾਅਦ ਗੁਰੋ ਵੀ ਸਰਪੰਚ ਦੀ ਮਾਂ ਦੀ ਸੇਵਾ ਲਈ ਚਲੀ ਜਾਂਦੀ ਸੀ ਅਤੇ ਜਦੋਂ ਸਰਪੰਚ ਦੇ ਟੱਬਰ ਨੇ ਕਨੇਡੇ ਦੀ ਉਡਾਣ ਲਈ ਜਾਣਾ ਸੀ, ਉਨ੍ਹਾਂ ਦੇ ਘਰ ਆਉਣ ਜਾਣ ਵਾਲਿਆਂ ਦੀ ਭੀੜ ਸੀ ਤਾਂ ਗੁਰੋ ਤੇ ਉਸ ਦੀ ਸੱਸ ਨੇ ਰਲ ਕੇ ਰਸੋਈ ਸਾਂਭੀ ਹੋਈ ਸੀ ਤਾਂ ਜੋ ਸਰਪੰਚਣੀ ਤਿਆਰੀ ਕਰਵਾ ਸਕੇ ਅਤੇ ਆਏ ਗਏ ਨਾਲ ਪਿਆਰ ਨਾਲ ਗੱਲਾਂ ਕਰ ਸਕੇ।

ਸਰਪੰਚ ਨੇ ਜਦੋਂ ਦੀ ਗੁਰੋ ਦੀ ਸੁੰਦਰਤਾ ਦੇਖੀ ਸੀ ਉਸ ਦਾ ਦਿਲ ਬੇਈਮਾਨ ਹੋ ਗਿਆ।

ਮਿੱਥੇ ਪ੍ਰੋਗਰਾਮ ਅਨੁਸਾਰ ਸਰਪੰਚ ਆਪਣੇ ਬੱਚਿਆਂ ਅਤੇ ਉਨ੍ਹਾਂ ਦੀ ਮਾਂ ਨੂੰ ਕਨੇਡਾ ਛੱਡ ਕੇ ਆਪਣੀ ਮਾਂ ਦੀ ਦੇਖਭਾਲ ਲਈ ਵਾਪਿਸ ਆ ਗਿਆ ਸੀ। ਆਉਂਦਿਆਂ ਹੀ ਉਸ ਨੇ ਮਿੰਦੇ ਅਤੇ ਗੁਰੋ ਨੂੰ ਬੁਲਾ ਕੇ ਆਖ ਦਿੱਤਾ ਕਿ ਮੈਂ ਇਕ ਨਵੇਂ ਕਾਨੂੰਨ ਬਾਰੇ ਪਤਾ ਕੀਤਾ ਹੈ ਜਿਸ ਅਨੁਸਾਰ ਤੁਹਾਨੂੰ ਵੀ ਕੁਝ ਸਮੇਂ ਵਿਚ ਜਹਾਜ਼ੇ ਚੜ੍ਹਾ ਕਨੇਡਾ ਘੱਲ ਦੇਵਾਂਗਾ। ਤੁਸੀਂ ਮੇਰੀ ਮਾਂ ਦੀ ਸੇਵਾ ਪੂਰੀ ਤਨਦੇਹੀ ਨਾਲ ਕਰਿਆ ਕਰੋ। ਮੈਨੂੰ ਪਤਾ ਹੈ ਕਸਰ ਤਾਂ ਪਹਿਲਾਂ ਵੀ ਤੁਸੀਂ ਕੋਈ ਨਹੀਂ ਛੱਡ ਰਹੇ ਹੋ। ਤੁਹਾਡੇ ਕਨੇਡਾ ਜਾਣ ਤੋਂ ਬਾਅਦ ਤੁਹਾਡੀ ਮਾਂ ਤੇ ਮੇਰੀ ਮਾਂ ਰਲ ਕੇ ਗੱਲਾਂ-ਬਾਤਾਂ ਕਰਨਗੀਆਂ ਅਤੇ ਤੁਹਾਡੀ ਮਾਂ ਮੇਰੀ ਮਾਂ ਦੀ ਸੇਵਾ ਕਰ ਲਿਆ ਕਰੇਗੀ।

ਇਹ ਸੁਣ ਦੋਵੇਂ ਬਹੁਤ ਖੁਸ਼ ਹੋਏ ਅਤੇ ਆਪਣੀ ਮਾਂ ਨੂੰ ਮਿੰਦੇ ਨੇ ਸਾਰੀ ਵਿਉਂਤ ਦੱਸ ਦਿੱਤੀ। ਮਾਂ ਆਪਣੇ ਬੱਚਿਆਂ ਨੂੰ ਕਨੇਡਾ ਤਾਂ ਭੇਜਣਾ ਚਾਹੁੰਦੀ ਸੀ ਪਰੰਤੂ, ਉਸ ਨੂੰ ਸਰਪੰਚ ਦੀ ਨੀਯਤ ਵਿਚ ਫਰਕ ਲੱਗਾ। ਪਰ ਉਹ ਇਸ ਵਿਸ਼ੇ 'ਤੇ ਚੁੱਪ ਵੱਟ ਗਈ। ਸਰਪੰਚ ਹੁਣ ਕਿਸੇ ਨਾ ਕਿਸੇ ਬਹਾਨੇ ਮਿੰਦੇ ਨੂੰ ਸ਼ਹਿਰ ਭੇਜ ਦਿੰਦਾ ਤਾਂ ਜੋ ਗੁਰੋ ਨੂੰ ਇਕੱਲੀ ਮਿਲਣ ਦਾ ਕੋਈ ਸਬੱਬ ਬਣ ਜਾਵੇ। ਗੁਰੋ ਦੀ ਸੱਸ ਭਾਵੇਂ ਸਰਪੰਚ ਦੀ ਮਾਂ ਕੋਲ ਬੈਠਦੀ ਸੀ ਪਰ ਉਹ ਆਪਣੀ ਨੂੰਹ ਦਾ ਪੂਰਾ ਖਿਆਲ ਰੱਖਦੀ ਸੀ।

ਇਕ ਦਿਨ ਗੁਰੋ ਦੀ ਸੱਸ ਬਿਮਾਰ ਹੋ ਗਈ। ਮਿੰਦਾ ਉਸ ਨੂੰ ਲੈ ਕੇ ਸ਼ਹਿਰ ਦਵਾਈ ਲੈਣ ਚਲਾ ਗਿਆ। ਗੁਰੋ ਨੂੰ ਇਕੱਲੀ ਨੂੰ ਹੀ ਸਰਪੰਚ ਦੇ ਘਰ ਜਾਣਾ ਪਿਆ। ਸਰਪੰਚ ਨੇ ਉਸ ਨੂੰ ਇਕੱਲੀ ਨੂੰ ਵੇਖ ਰਸਮੀ ਤੌਰ 'ਤੇ ਮਿੰਦੇ ਦੇ ਨਾ ਆਉਣ ਬਾਰੇ ਪੁੱਛਿਆ ਅਤੇ ਜਦੋਂ ਉਸ ਨੂੰ ਪਤਾ ਲੱਗਾ ਕੇ ਮਾਂ ਪੁੱਤ ਸ਼ਹਿਰ ਗਏ ਹਨ, ਉਹ ਆਪਣੇ ਕਮਰੇ ਵਿਚ ਚਲਾ ਗਿਆ। ਜਦੋਂ ਸਫਾਈ ਕਰਦੀ ਹੋਈ ਗੁਰੋ ਉਸ ਦੇ ਕਮਰੇ ਵਿਚ ਆਈ ਤਾਂ ਉਹ ਮੌਕਾ ਤਾੜ ਕੇ ਉਸ ਨਾਲ ਗ਼ਲਤ ਹਰਕਤਾਂ ਕਰਨ ਲੱਗਾ। ਜਦੋਂ ਉਸ ਨੇ ਇਨਕਾਰ ਕੀਤਾ ਤਾਂ ਉਸ ਨੇ ਕਿਹਾ ਕਨੇਡਾ ਜਾਣਾ ਹੈ ਤਾਂ ਤੈਨੂੰ

ਮੈਨੂੰ ਖੁਸ਼ ਕਰਨਾ ਪਵੇਗਾ। ਮਰਦਾ ਕੀ ਨਹੀਂ ਕਰਦਾ। ਉਸ ਨੇ ਸੋਚਿਆ ਕਿ ਜੇ ਮੈਂ ਘਰ ਗੱਲ ਕੀਤੀ ਤਾਂ ਉਨ੍ਹਾਂ ਨੇ ਮੇਰੇ ਉੱਤੇ ਬਿਲਕੁਲ ਵੀ ਵਿਸ਼ਵਾਸ ਨਹੀਂ ਕਰਨਾ ਕਿ ਸਰਪੰਚ ਵਿਸ਼ਵਾਸਘਾਤ ਵੀ ਕਰ ਸਕਦਾ ਹੈ ਕਿਉਂ ਜੋ ਉਨ੍ਹਾਂ ਨੂੰ ਸਰਪੰਚ ਉਪਰ ਤਾਂ ਬਹੁਤ ਹੀ ਜ਼ਿਆਦਾ ਵਿਸ਼ਵਾਸ ਸੀ। ਮਜਬੂਰੀ ਅੰਦਰ ਉਸ ਵਿਚਾਰੀ ਨੇ ਚੁੱਪਚਾਪ ਸਹਿਮਤੀ ਦੇ ਦਿੱਤੀ ਅਤੇ ਆਪਣੇ ਆਪ ਨੂੰ ਸਰਪੰਚ ਨੂੰ ਸਮਰਪਿਤ ਕਰ ਦਿੱਤਾ ਸੀ। ਸਰਪੰਚ ਨੂੰ ਤਾਂ ਹੁਣ ਮੌਜਾਂ ਲੱਗ ਗਈਆਂ। ਜਦੋਂ ਵੀ ਮੌਕਾ ਮਿਲਦਾ ਸਰਪੰਚ ਉਸ ਦੀ ਮਜਬੂਰੀ ਦਾ ਫਾਇਦਾ ਉਠਾਉਣ ਦਾ ਕੋਈ ਵੀ ਮੌਕਾ ਅੰਜਾਈਂ ਨਹੀਂ ਜਾਣ ਦਿੰਦਾ ਸੀ। ਗੁਰੋ ਨੇ ਮਿੰਦੇ ਕੋਲ ਵੀ ਸਰਪੰਚ ਦੇ ਇਸ ਵਰਤਾਵ ਦਾ ਕਦੇ ਭੋਗ ਨਾ ਪਾਇਆ।

ਗੁਰੋ ਨੂੰ ਹੁਣ ਪੂਰਾ ਯਕੀਨ ਸੀ ਕਿ ਸਰਪੰਚ ਉਨ੍ਹਾਂ ਨੂੰ ਕਨੇਡਾ ਜ਼ਰੂਰ ਹੀ ਭੇਜੇਗਾ। ਗੁਰੋ ਨੇ ਇਕ ਦਿਨ ਸਰਪੰਚ ਨੂੰ ਪੂਰਨ ਭਰੋਸੇ ਵਿਚ ਲੈ ਲਿਆ ਸੀ। ਉਸ ਨੇ ਪਿਆਰ ਦਾ ਸਦਕਾ ਉਸ ਨੂੰ ਕੁਝ ਜ਼ਮੀਨ ਆਪਣੇ ਨਾਂ ਕਰਵਾਉਣ ਲਈ ਮਨਾ ਲਿਆ ਸੀ। ਭਾਵੇਂ ਸਰਪੰਚ ਵੀ ਕੱਚੀਆਂ ਗੋਲੀਆਂ ਨਹੀਂ ਖੇਡਿਆ ਸੀ ਪਰ ਫਿਰ ਵੀ ਉਸ ਨੇ ਗੁਰੋ ਦੀਆਂ ਗੱਲਾਂ ਵਿਚ ਆ ਪੰਜ ਕਿੱਲ੍ਹੇ ਮਿੰਦੇ ਦੇ ਨਾਂ ਕਰਵਾ ਦਿੱਤੇ। ਗੁਰੋ ਦਾ ਜਾਦੂ ਚਲ ਗਿਆ ਸੀ।

ਇਕ ਦਿਨ ਸਰਪੰਚ ਦਾ ਇਕ ਦੋਸਤ ਕੈਲਾ ਸਰਪੰਚ ਕੋਲ ਆਇਆ ਤੇ ਉਸ ਨੂੰ ਕਹਿਣ ਲੱਗਾ ਮਿੰਦੇ ਨੇ ਦੱਸਿਆ ਹੈ ਕਿ ਕੋਈ ਨਵਾਂ ਕਾਨੂੰਨ ਆਇਆ ਹੈ ਜਿਸ ਨਾਲ ਤੁਸੀਂ ਹੋਰ ਬੱਚਿਆਂ ਨੂੰ ਕਨੇਡਾ ਭੇਜ ਸਕਦੇ ਹੋ। ਉਸ ਕਾਨੂੰਨ ਬਾਰੇ ਮੈਨੂੰ ਵੀ ਦੱਸ। ਸਰਪੰਚ ਨੇ ਪਹਿਲਾਂ ਤਾਂ ਟਾਲਣ ਦੀ ਕੋਸ਼ਿਸ਼ ਕੀਤੀ ਫਿਰ ਉਸ ਨੇ ਦਾਰੂ ਦੀ ਬੋਤਲ ਖੋਲ ਲਈ ਅਤੇ ਗੱਲੀਂ ਲੱਗ ਗਏ। ਜਦੋਂ ਥੋੜ੍ਹੇ ਨਸ਼ੇ ਵਿਚ ਹੋਏ ਤਾਂ ਸਰਪੰਚ ਕਹਿਣ ਲੱਗਾ ਕਿ ਯਾਰ ਕੋਈ ਕਾਨੂੰਨ ਨਹੀਂ ਹੈ, ਮੈਂ ਤਾਂ ਮਿੰਦੇ ਨੂੰ ਲਾਰਾ ਹੀ ਲਾਇਆ ਹੈ ਤਾਂ ਜੋ ਉਹ ਸਾਰੇ ਸਾਡੇ ਘਰ ਦਾ ਕੰਮ ਤਨਦੇਹੀ ਨਾਲ ਕਰਦੇ ਰਹਿਣ। ਇਹ ਗੱਲ ਉਸ ਨੇ ਜਦੋਂ ਆਖੀ, ਗੁਰੋ ਵੀ ਨੇੜੇ ਹੀ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਸੀ ਜਿਸ ਦਾ ਸਰਪੰਚ ਨੂੰ ਪਤਾ ਹੀ ਨਹੀਂ ਸੀ। ਜਦੋਂ ਬੋਤਲ ਖ਼ਤਮ ਹੋ ਗਈ ਤੇ ਸਰਪੰਚ ਦਾ ਦੋਸਤ ਚਲਾ ਗਿਆ ਤਾਂ ਗੁਰੋ ਜੋ ਨੇੜੇ ਹੀ ਫਿਰਦੀ ਸੀ ਨੇ ਸਰਪੰਚ ਨੂੰ ਘੇਰ ਲਿਆ ਅਤੇ ਕਹਿਣ ਲੱਗੀ ਕਿ ਤੂੰ ਸਾਡੇ ਨਾਲ ਧੋਖਾ ਕੀਤਾ ਹੈ। ਉਸ ਨੇ ਸਾਰੀ ਗੱਲ ਸੁਣ ਲਈ ਹੈ ਜਿਸ ਦਾ ਸਰਪੰਚ ਨੂੰ ਬਿਲਕੁਲ ਹੀ ਪਤਾ ਨਹੀਂ ਸੀ। ਸਰਪੰਚ ਨੂੰ ਤਾਂ ਖਾਬੋ-ਖ਼ਿਆਲ ਹੀ ਨਹੀਂ ਸੀ ਕਿ ਗੁਰੋ ਨੇ ਸਾਡੀ ਗੱਲ ਸੁਣ ਲਈ ਹੋਵੇਗੀ। ਗੁਰੋ ਦੀ ਘੂਰ ਸੁਣ ਸਰਪੰਚ ਨੇ ਉਸ ਨੂੰ ਕਿਹਾ ਕਿ ਤੂੰ ਹੁਣ ਰੌਲਾ ਨਾ ਪਾ, ਤੇਰੇ ਨਾਂ ਵੀ ਕੁਝ ਜ਼ਮੀਨ ਕਰ ਦੇਵਾਂਗਾ। ਪਰੰਤੂ ਗੁਰੋ ਦਾ ਪਾਰਾ ਤਾਂ ਸੱਤਵੇਂ ਅਸਮਾਨ ਚੜ੍ਹਿਆ ਹੋਇਆ ਸੀ। ਉਸ ਨੂੰ ਇਹ ਗੱਲ ਤਾਂ ਹੋਰ ਵੀ ਮਾੜੀ ਲੱਗੀ ਅਤੇ ਉਹ ਗੁੱਸੇ ਵਿਚ ਉਬਲਣ ਲੱਗ ਪਈ । ਗੁੱਸੇ ਵਿਚ ਭਰੀ ਪੀਤੀ ਨੇ ਸਰਪੰਚ ਨੂੰ ਜ਼ੋਰ ਦੀ ਧੱਕਾ ਮਾਰਿਆ ਤੇ ਉਹ ਡਿਗ ਪਿਆ, ਉਸ ਦਾ ਸਿਰ ਨੇੜੇ ਪਏ ਲੋਹੇ ਦੇ ਬੈਂਚ

ਉੱਤੇ ਜਾ ਵਜਿਆ ਤੇ ਖ਼ੂਨ ਦੀ ਧਤੀਰੀ ਪੈਣ ਲੱਗੀ। ਗੁਰੋ ਘਬਰਾ ਗਈ ਅਤੇ ਮੌਕਾ ਸਾਂਭ ਉਹ ਤਾਂ ਉੱਚੀ-ਉੱਚੀ ਰੋਣ ਲੱਗ ਪਈ। ਉਸ ਦਾ ਰੋਣਾ ਸੁਣ, ਮਿੰਦਾ ਜੋ ਹਾਲੇ ਪਸ਼ੂਆਂ ਨੂੰ ਪੱਠੇ ਆਦਿ ਪਾ ਰਿਹਾ ਸੀ, ਵੀ ਪਸ਼ੂਆਂ ਵਾਲੇ ਕਮਰੇ ਵਿਚੋਂ ਭੱਜ ਕੇ ਬਾਹਰ ਆ ਗਿਆ। ਗੁਰੋ ਨੇ ਦੱਸਿਆ ਕਿ ਹਾਇ ! ਮੈਂ ਮਰ ਜਾਂ ! ਸਰਪੰਚ ਸਾਹਿਬ ਤਾਂ ਡਿਗ ਪਏ ਹਨ ਅਤੇ ਬਹੁਤ ਸਾਰਾ ਖ਼ੂਨ ਵਹਿ ਗਿਆ ਹੈ। ਮਿੰਦੇ ਨੇ ਸਰਪੰਚ ਦੀ ਕਾਰ ਕੱਢੀ ਤੇ ਬਿਨਾ ਸਮਾਂ ਗੁਆਏ ਸਰਪੰਚ ਨੂੰ ਕਾਰ ਵਿਚ ਪਾ ਕੇ ਤੇ ਗੁਰੋ ਨੂੰ ਨਾਲ ਲੈ ਕੇ ਸ਼ਹਿਰ ਵਲ ਚੱਲ ਪਏ। ਖ਼ੂਨ ਬਹੁਤਾ ਵਗ ਜਾਣ ਕਰਕੇ ਸਰਪੰਚ ਤਾਂ ਰਸਤੇ ਵਿਚ ਹੀ ਦਮ ਤੋੜ ਗਿਆ। ਤਸੱਲੀ ਕਰਨ ਖ਼ਾਤਿਰ ਡਾਕਟਰ ਕੋਲ ਗਏ ਤਾਂ ਉਸ ਨੇ ਹਾਲਤ ਦੇਖ ਮਿੰਦੇ ਨੂੰ ਦੱਸ ਦਿੱਤਾ ਕਿ ਸਰਪੰਚ ਸਾਹਿਬ ਤਾਂ ਅਗਲੇ ਜਹਾਨ ਵਿਚ ਚਲੇ ਗਏ ਹਨ, ਤੁਸੀਂ ਹੁਣ ਇਨ੍ਹਾਂ ਨੂੰ ਵਾਪਸ ਲੈ ਜਾਓ। ਮਿੰਦਾ ਤੇ ਗੁਰੋ ਲਾਸ਼ ਲੈ ਕੇ ਘਰ ਪੁੱਜ ਗਏ। ਸਰਪੰਚ ਦੀ ਮਾਂ ਤਾਂ ਸੌਂ ਚੁਕੀ ਸੀ, ਉਸ ਨੂੰ ਜਗਾ ਕੇ ਦੱਸਣਾ ਠੀਕ ਨਾ ਸਮਝਿਆ ਪਰ ਮਿੰਦੇ ਨੇ ਕਨੇਡਾ ਫੋਨ ਕਰ ਸਾਰੀ ਹਾਲਤ ਦੱਸ ਦਿੱਤੀ। ਬੱਚੇ ਅਤੇ ਉਨ੍ਹਾਂ ਦੀ ਮਾਂ ਸੁਣ ਕੇ ਬਹੁਤ ਪ੍ਰੇਸ਼ਾਨ ਹੋਏ। ਉਨ੍ਹਾਂ ਨੇ ਮਿੰਦੇ ਨੂੰ ਕਿਹਾ ਕੇ ਅਸੀਂ ਜਲਦੀ ਆ ਰਹੇ ਹਾਂ। ਪਾਪਾ ਜੀ ਨੂੰ ਨੇੜੇ ਵਾਲੇ ਲਾਸ਼ਾਂ ਨੂੰ ਸੰਭਾਲਣ ਵਾਲੇ ਸਥਾਨ 'ਤੇ ਪੁਚਾ ਦੇਣਾ। ਅਸੀਂ ਆ ਕੇ ਹੀ ਅੰਤਿਮ ਰਸਮਾਂ ਕਰਾਂਗੇ ਤੇ ਤੁਸੀਂ ਦਾਦੀ ਮਾਂ ਦਾ ਖ਼ਿਆਲ ਰੱਖਣਾ। ਜਲਦੀ ਵਿਚ ਟਿਕਟਾਂ ਲੈ ਕੇ ਸਾਰੇ ਪੁੱਜ ਗਏ ਤੇ ਅੰਤਿਮ ਰਸਮਾਂ ਨਿਭਾਈਆਂ ਗਈਆਂ।

# ਨਿਰਮਲ

ਮੈਂ ਜਦੋਂ ਘਰ ਵਿਚ ਇਕੱਲੀ ਆਪਣੇ ਡਾਕਟਰ ਪਤੀ ਨੂੰ ਉਡੀਕ ਰਹੀ ਸੀ ਉਸ ਸਮੇਂ ਅਸਮਾਨ ਦੇ ਹੋਂਠ, ਸੂਰਜ ਦੇ ਲਹੂ ਦਾ ਅਖ਼ੀਰਲਾ ਤੁਪਕਾ ਵੀ ਚੂਸ ਚੁੱਕੇ ਸਨ। ਚਮਕਦੀ ਚਮਕਦੀ ਦੁਨੀਆਂ ਸੰਧਿਆ ਦੇ ਕਾਲੇ ਸਮੁੰਦਰ ਵਿਚ ਢਲਦੀ ਜਾ ਰਹੀ ਸੀ। ਇਸ ਸਮੇਂ ਨੂੰ ਸੰਧਿਆ ਇਸ ਲਈ ਕਿਹਾ ਜਾਂਦਾ ਹੈ ਕਿਉਂ ਜੋ ਦਿਨ ਅਤੇ ਰਾਤ ਦੀ ਆਪੋ ਵਿਚ ਸੰਧੀ ਹੋ ਰਹੀ ਸੀ। ਦਿਨ ਆਪਣੀਆਂ ਫ਼ੌਜਾਂ ਵਾਪਸ ਲੈ ਕੇ ਜਾ ਰਿਹਾ ਸੀ ਅਤੇ ਰਾਤ ਦੀਆਂ ਫ਼ੌਜਾਂ ਚੜ੍ਹਾਈ ਕਰ ਰਹੀਆਂ ਸਨ। ਮੈਂ, ਨਿਰਮਲ ਕੌਰ, ਜਿਸ ਨੂੰ ਮੇਰੇ ਬਾਪ ਨੇ ਅੱਜ ਤੋਂ ਲਗਭਗ ਪੰਜ ਸਾਲ ਪਹਿਲਾਂ ਡਾਕਟਰ ਨਾਲ ਵਿਆਹ ਦਿੱਤਾ ਸੀ ਅਤੇ ਮੈਂ ਇਕ ਪਿੰਜਰੇ ਤੋਂ ਦੂਜੇ ਪਿੰਜਰੇ ਵਿਚ ਆ ਗਈ ਸਾਂ। ਮੇਰੇ ਬਾਪ ਨੇ ਆਪਣੇ ਘਰੋਂ ਡੋਲੀ ਟੋਰਨ ਸਮੇਂ ਆਖਿਆ ਸੀ ਕਿ ਪੁੱਤਰ ਹੁਣ ਤੂੰ ਜਿਥੇ ਜਾ ਰਹੀ ਹੈਂ ਉਹ ਹੀ ਹੀ ਤੇਰਾ ਘਰ ਹੈ ਅਤੇ ਉਥੋਂ ਹੀ ਤੇਰੀ ਅਰਥੀ ਉੱਠਣੀ ਚਾਹੀਦੀ ਹੈ। ਇਸੇ ਵਿਚ ਸਾਡੇ ਖ਼ਾਨਦਾਨ ਦੀ ਇੱਜਤ ਹੈ। ਮੈਂ ਆਪਣੇ ਪਿਤਾ ਦੀ ਇਹ ਗੱਲ ਲੜ ਬੰਨ੍ਹ ਲਈ ਸੀ। ਮੈਂ, ਜੋ ਵਿਆਹ ਤੋਂ ਪਹਿਲਾਂ ਅਸਲ ਸ਼ਬਦਾਂ ਵਿਚ ਨਿਰਮਲ ਹੀ ਸਾਂ  ਕਾਲਿਜ ਵਿਚ ਪੜ੍ਹਦੇ ਸਮੇਂ ਮੈਂ ਕਿਸੇ ਹੋਰ ਲੜਕੇ ਵਲ ਅੱਖ ਚੁੱਕ ਵੀ ਨਹੀਂ ਵੇਖਿਆ ਸੀ। ਮੈਂ ਸੁੰਦਰ ਸੁਸ਼ੀਲ ਅਤੇ ਪੜ੍ਹਾਈ ਵਿਚ ਹੁਸ਼ਿਆਰ ਆਪਣੀਆਂ ਸਾਰੀਆਂ ਕਲਾਸਾਂ ਵਿਚ ਪਹਿਲੇ ਨੰਬਰ ਤੇ ਆਉਣ ਵਾਲੀ ਆਪਣੇ ਬਾਪ ਦੀ ਪੱਗ ਦੀ ਇੱਜਤ ਦੀ ਰਾਖੀ ਅਤੇ ਭਰਾਵਾਂ ਦੀ ਲਾਡਲੀ ਇਸ ਸਮੇਂ ਕਾਲਿਜ ਵਿਚ ਨੌਕਰੀ ਕਰ ਰਹੀ ਸਾਂ। ਮੈਂ ਕਦੇ ਵੀ ਆਪਣੇ ਬਾਪ ਦੇ ਕਿਸੇ ਵੀ ਗ਼ਲਤ ਜਾਂ ਸਹੀ ਹੁਕਮ ਅੱਗੇ ਕਿੰਤੂ ਪਰੰਤੂ ਨਹੀਂ ਕੀਤਾ ਸੀ। ਜੇ ਕਿਤੈ ਮਨ ਅੰਦਰ ਕਿਸੇ ਹੁਕਮ ਨੂੰ ਠੀਕ ਨਹੀਂ ਮੰਨਿਆ ਤਾਂ ਕਦੇ ਕਦੇ ਆਪਣੀ ਮਾਂ ਕੋਲ ਸਹਿਜੇ ਹੀ ਦਸ ਦਿਆ ਕਰਦੀ ਸੀ ਅਤੇ ਮੇਰੀ ਮਾਂ ਮੈਨੂੰ ਹਮੇਸ਼ਾ ਹੀ ਆਖਿਆ ਕਰਦੀ ਸੀ ਕਿ ਤੇਰਾ ਬਾਪ ਸਾਥੋਂ ਸਭ ਤੋਂ ਸਿਆਣਾ ਹੈ ਉਸ ਨੂੰ ਦੁਨੀਆ ਦੀ ਵਧੇਰੇ ਸਮਝ ਹੈ ਅਤੇ ਉਹ ਹਮੇਸ਼ਾ ਹੀ ਸਾਡੇ ਭਲੇ ਲਈ ਹੀ ਸਾਨੂੰ ਗਲਤ ਕੰਮਾਂ ਤੋਂ ਵਰਜਦੇ ਹਨ। ਅਸੀਂ ਦੋਵੇਂ ਭੈਣ, ਭਰਾਵਾਂ ਨੇ ਆਪਣੀ ਮਾਂ ਨੂੰ ਕਦੇ ਵੀ ਆਪਣੇ ਬਾਪ ਨਾਲ ਉੱਚੀ ਆਵਾਜ਼ ਵਿਚ ਗੱਲ ਕਰਦੇ ਹੋਏ ਨਹੀਂ ਸੁਣਿਆ ਸੀ। ਭਾਵੇਂ ਸਾਡਾ ਬਾਪ ਕਦੇ ਸ਼ਰਾਬ ਦੇ ਨਸ਼ੇ ਵਿਚ ਮੰਦਾ ਵੀ ਬੋਲ ਜਾਂਦਾ ਸੀ ਤਾਂ ਵੀ ਮਾਂ ਚੁੱਪ ਕਰ ਕੇ ਅੰਦਰ ਵੜ ਕੇ ਦੋ ਹੰਝੂ ਵਹਾ ਲਿਆ ਕਰਦੀ ਸੀ ਅਤੇ ਕਦੇ ਵੀ ਬਾਪ ਨੂੰ ਪਤਾ ਨਹੀਂ ਲੱਗਣ ਦਿੰਦੀ ਸੀ ਅਤੇ ਅਸੀਂ ਆਪਣੇ ਬਾਪ ਤੋਂ ਡਰਦੇ ਆਪਣੀ ਮਾਂ ਦੇ ਖੰਭਾਂ ਥਲੇ ਲੁਕ ਜਾਇਆ ਕਰਦੇ ਸੀ। ਭਾਵੇਂ ਸਾਡੀ ਕੋਈ ਗ਼ਲਤੀ ਨਹੀਂ ਹੁੰਦੀ ਸੀ ਸਾਡੇ ਹਿੱਸੇ ਦੀਆਂ ਝਿੜਕਾਂ ਵੀ

ਮਾਂ ਦੇ ਹਿੱਸੇ ਹੀ ਆਉਂਦੀਆਂ ਸਨ। ਭਾਵੇਂ ਸਾਡੇ ਬਾਪ ਦਾ ਸੁਭਾਅ ਕਿਹੋ ਜਿਹਾ ਵੀ ਸੀ ਉਸ ਨੇ ਸਾਡੇ ਉਪਰ ਜਾਂ ਸਾਡੀ ਮਾਂ ਉਪਰ ਕਦੇ ਹੱਥ ਨਹੀਂ ਚੁੱਕਿਆ ਸੀ। ਸਾਨੂੰ ਹੌਲੀ ਹੌਲੀ ਏਨੀ ਸਮਝ ਪੈ ਚੁੱਕੀ ਸੀ ਕਿ ਸਾਡੇ ਬਾਪ ਦੇ ਅੰਦਰ ਇਕ ਕੋਮਲ ਦਿਲ ਹੈ ਅਤੇ ਸਾਨੂੰ ਸਾਰਿਆਂ ਨੂੰ ਉਹ ਬਹੁਤ ਪਿਆਰ ਕਰਦਾ ਸੀ। ਸਾਡੀ ਕੋਈ ਵੀ ਮੰਗ ਉਹ ਹਮੇਸ਼ਾ ਹੀ ਪੂਰੀ ਕਰਨ ਲਈ ਯਤਨਸ਼ੀਲ ਰਹਿੰਦਾ ਸੀ।

ਆਪਣੇ ਪਤੀ ਪਿਆਰਾ ਸਿੰਘ ਜੀ ਨੂੰ ਉਡੀਕਦੇ ਹੋਏ ਮੈਂ ਬਾਹਰ ਬਾਲਕੋਨੀ ਵਿਚ ਬੈਠੀ ਹਾਂ ਤਾਂ ਮੇਰਾ ਖਿਆਲ ਸਾਹਮਣੇ ਮੈਪਲ ਦੇ ਰੁੱਖ ਵਲ ਜਾਂਦਾ ਹੈ ਜਿਸ ਦੇ ਸਾਰੇ ਹੀ ਪੱਤੇ ਲਗਭਗ ਝੜ ਚੁੱਕੇ ਹਨ ਅਤੇ ਦੋ ਪੱਤਰ ਜਿਹੜੇ ਹੁਣ ਸਾਵੇ ਨਹੀਂ ਰਹੇ ਤੇ ਆਪਣਾ ਰੰਗ ਵਟਾ ਚੁੱਕੇ ਹਨ ਰੁਮਕਦੀ ਹਵਾ ਨਾਲ ਹਿਲ ਰਹੇ ਹਨ। ਮੈਨੂੰ ਜਾਪਦਾ ਹੈ ਕਿ ਇਹ ਇੱਕ ਦੂਜੇ ਦੇ ਗੱਲ ਲੱਗ ਪਿਆਰ ਦਾ ਇਜ਼ਹਾਰ ਕਰ ਰਹੇ ਹਨ। ਸ਼ਾਇਦ ਇਨ੍ਹਾਂ ਨੂੰ ਵੀ ਇਹ ਮਾਲੂਮ ਹੈ ਕਿ ਕੁਝ ਸਮੇਂ ਪਿੱਛੋਂ ਅਸੀਂ ਵੀ ਆਪਣੇ ਇਸ ਰੁੱਖ ਨਾਲੋਂ ਟੁੱਟ ਧਰਤੀ ਮਾਂ ਉਪਰ ਪੈ ਆਪਣੇ ਸਾਥੀਆਂ ਦੀ ਤਰ੍ਹਾਂ ਹਵਾ ਦੇ ਤੇਜ਼ ਬੁਲਿਆਂ ਵਿਚ ਨਾ ਮਾਲੂਮ ਕਿਸੇ ਥਾਂ ਪੁੱਜ ਮਿੱਟੀ ਹੀ ਹੋ ਜਾਣਾ ਹੈ। ਮੈਨੂੰ ਵੀ ਇਹ ਇਹਸਾਸ ਕਰਵਾ ਰਹੇ ਹਨ ਕਿ ਜ਼ਿੰਦਗੀ ਨੂੰ ਮਾਣ ਲੈ ਅਤੇ ਛੋਟੀਆਂ ਛੋਟੀਆਂ ਖੁਸ਼ੀਆਂ ਨੂੰ ਕਦੇ ਵੀ ਆਪਣੇ ਹੱਥੋਂ ਨਾ ਜਾਣ ਦਿਓ ਪਤਾ ਨਹੀਂ ਕਦੋਂ ਸਮਾਂ ਤੁਹਾਨੂੰ ਕਿਸ ਪਾਸੇ ਵੱਲ ਧੱਕ ਦੇਵੇ। ਇਹ ਸੋਚ ਮੈਂ ਵੀ ਆਪਣੇ ਪਿਛਲੇ ਪੰਜ ਸਾਲਾਂ ਦੇ ਸਾਥ ਬਾਰੇ ਸੋਚਣ ਲੱਗਦੀ ਹਾਂ।

ਮੈਂ ਜਦੋਂ ਦੀ ਇਸ ਘਰ ਵਿਚ ਵਿਆਹੀ ਆਈ ਹਾਂ ਮੇਰੇ ਪ੍ਰਤੀ ਮੇਰੇ ਸਹੁਰੇ ਘਰ ਵਿਚ ਮੇਰੇ ਨਾਲ ਕੀ ਵਾਪਰ ਰਿਹਾ ਹੈ। ਮੇਰੇ ਡਾਕਟਰ ਪਤੀ ਨਾਮ ਨੂੰ ਹੀ ਮੇਰਾ ਪਤੀ ਹੈ ਉਸ ਨੇ ਕਦੇ ਵੀ ਮੇਰੇ ਨਾਲ ਇਕ ਸਾਥੀ ਵਾਲਾ ਵਤੀਰਾ ਨਹੀਂ ਕੀਤਾ ਹੈ ਅਤੇ ਮੈਂ ਹਮੇਸ਼ਾ ਇਸ ਗੱਲ ਲਈ ਤਰਸ ਰਹੀ ਹਾਂ ਕਿ ਕਦੇ ਮੈਨੂੰ ਵੀ ਉਸ ਦੇ ਮਿੱਠੇ ਬੋਲ ਸੁਣਨ ਨੂੰ ਮਿਲਣਗੇ। ਉਹ ਮੇਰੇ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਦੇ ਹਨ ਜਿਵੇਂ ਕਿਸੇ ਦਫਤਰ ਅੰਦਰ ਕਰਮਚਾਰੀਆਂ ਵਲੋਂ ਵਰਕ ਟੂ ਰੂਲ ਚਲ ਰਿਹਾ ਹੋਵੇ। ਜਿਸ ਗੱਲ ਬਿਨਾਂ ਨਹੀਂ ਸਰਦਾ ਉਹ ਹੀ ਮੇਰੇ ਨਾਲ ਕਰਦੇ ਹਨ। ਪੂਰਾ ਮਹੀਨਾ ਉਹ ਮੇਰੇ ਨਾਲ ਬੜਾ ਅਜੀਬ ਵਿਹਾਰ ਕਰਦੇ ਸਨ ਜਿਵੇਂ ਮੈਂ ਉਨ੍ਹਾਂ ਦੀ ਪਤਨੀ ਨਹੀਂ ਹਾਂ ਅਤੇ ਘਰ ਵਿਚ ਤੁਰਦੀ ਫਿਰਦੀ ਰਬੜ ਦੀ ਮੂਰਤ ਹਾਂ ਅਤੇ ਮੈਨੂੰ ਪਿਆਰ ਨਾਂ ਦੀ ਕਿਸੇ ਵਸਤੂ ਬਾਰੇ ਸੋਚਣ ਜਾਂ ਗੱਲ ਕਰਨ ਦੀ ਖੁੱਲ੍ਹ ਨਹੀਂ ਹੈ ਅਤੇ ਮੈਂ ਕੇਵਲ ਤੇ ਕੇਵਲ ਘਰ ਦੀ ਸੇਵਾਦਾਰਨੀ ਹੀ ਹਾਂ। ਮਹੀਨੇ ਦੇ ਅੰਤ ਵਿਚ ਜਦੋਂ ਤਨਖਾਹ ਮਿਲਣੀ ਹੁੰਦੀ ਸੀ ਉਨ੍ਹਾਂ ਦਾ ਵਰਤਾਵ ਬਦਲ ਜਾਂਦਾ ਸੀ ਅਤੇ ਜਦੋਂ ਅਸੀਂ ਇਕੱਲੇ ਹੁੰਦੇ ਸੀ ਤਾਂ ਉਹ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਸਨ ਅਤੇ ਮੈਨੂੰ ਪਲਚਾ ਕੇ ਸਾਰੀ ਦੀ ਸਾਰੀ ਤਨਖਾਹ ਲੈ ਲਿਆ ਕਰਦੇ ਸਨ ਅਤੇ ਮੈਂ ਆਪਣੇ ਖਰਚ ਲਈ ਹਰ ਰੋਜ਼ ਉਨ੍ਹਾਂ ਤੋਂ ਪੈਸੇ ਮੰਗਦੀ ਰਹਿੰਦੀ ਹਾਂ। ਕਾਫੀ ਜ਼ੋਰ ਦੇਣ ਉਪਰ ਮੈਨੂੰ ਮੇਰੀ ਲੋੜ ਲਈ ਕੁਝ ਰਕਮ ਮੈਨੂੰ ਦੇ ਦਿਤੀ ਜਾਂਦੀ ਸੀ ਅਤੇ ਫਿਰ ਹਰ ਖਰਚੇ ਪੈਸੇ ਦਾ ਵੇਰਵਾ ਵੀ

ਮੰਗਿਆ ਜਾਂਦਾ ਸੀ। ਪਹਿਲੇ ਕੁਝ ਮਹੀਨੇ ਅਜਿਹਾ ਵਰਤਾਵ ਅਜੀਬ ਨਹੀਂ ਲੱਗਾ ਸੀ ਪਰ ਬਾਅਦ ਵਿਚ ਮੈਨੂੰ ਵੀ ਸਮਝ ਆ ਗਈ ਸੀ ਕਿ ਕੇਵਲ ਪੈਸੇ ਲਈ ਇਹ ਪਿਆਰ ਜਤਾਇਆ ਜਾ ਰਿਹਾ ਹੈ। ਉਹ ਦਿਨ ਮੈਨੂੰ ਵੀ ਸੌਖੇ ਗੁਜ਼ਰਦੇ ਪ੍ਰਤੀਤ ਹੁੰਦੇ ਸਨ। ਮੈਂ ਇਸ ਦੀ ਖ਼ਬਰ ਆਪਣੇ ਮਾਂ ਜਾਂ ਬਾਪ ਨੂੰ ਕਦੇ ਵੀ ਨਹੀਂ ਦਿੱਤੀ ਸੀ। ਮੈਂ ਜਦੋਂ ਵੀ ਪੇਕੇ ਘਰ ਜਾਂਦੀ ਹਾਂ ਮੇਰੀ ਮਾਂ ਹਰ ਗੇੜੇ ਕੁਝ ਨਾ ਕੁਝ ਰਕਮ ਦੇ ਦਿੰਦੀ ਹੈ ਜਿਸ ਦੀ ਵਰਤੋਂ ਮੈਂ ਆਪਣੇ ਨਿੱਜੀ ਕੰਮਾਂ ਲਈ ਕਰਦੀ ਹਾਂ। ਮੇਰੇ ਸੱਸ ਅਤੇ ਸਹੁਰਾ ਬਹੁਤ ਹੀ ਦੇਵਤਾ ਪੁਰਸ਼ ਹਨ ਉਹ ਮੈਨੂੰ ਆਪਣੀ ਲੜਕੀ ਜਿੰਨਾ ਹੀ ਪਿਆਰ ਦਿੰਦੇ ਹਨ ਇਸ ਲਈ ਹੀ ਮੇਰਾ ਮਨ ਉਸ ਘਰ ਵਿਚ ਲੱਗ ਰਿਹਾ ਹੈ ਪਰੰਤੂ ਮੇਰੇ ਪਤੀ ਵਲੋਂ ਕੀਤਾ ਗਿਆ ਵਰਤਾਰਾ ਮੈਨੂੰ ਬਿਲਕੁਲ ਵੀ ਠੀਕ ਨਹੀਂ ਲੱਗਦਾ ਸੀ। ਮੈਂ ਹਰ ਸਮੇਂ ਇਸ ਕੋਸ਼ਿਸ਼ ਵਿਚ ਰਹਿੰਦੀ ਹਾਂ ਕਿ ਮੈਂ ਆਪਣੇ ਡਾਕਟਰ ਨੂੰ ਅੰਦਰੋਂ ਪੜ੍ਹ ਸਕਾਂ ਅਤੇ ਉਸ ਨੂੰ ਆਪਣੇ ਵੱਲ ਨੂੰ ਮੋੜ ਸਕਾਂ। ਮੈਂ ਹਰ ਤਰੀਕਾ ਅਪਣਾਇਆ। ਡਾਕਟਰ ਸਾਹਿਬ ਦਾ ਮੇਰੇ ਪ੍ਰਤੀ ਵਤੀਰਾ ਨਾਂਹ ਪੱਖੀ ਹੀ ਰਿਹਾ। ਮੈਨੂੰ ਕਦੇ ਕਦੇ ਇਹ ਸ਼ੱਕ ਵੀ ਹੁੰਦਾ ਕਿ ਇਨ੍ਹਾਂ ਦਾ ਕਿਸੇ ਹੋਰ ਨਾਲ ਸਬੰਧ ਹੋ ਸਕਦਾ ਹੈ। ਮੈਂ ਹਰ ਤਰ੍ਹਾਂ ਨਾਲ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਹੱਥ ਨਾ ਲੱਗੀ।

ਇਕ ਦਿਨ ਤਾਂ ਹੱਦ ਹੋ ਗਈ ਜਦੋਂ ਮੈਂ ਪਿਆਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ ਤਾਂ ਡਾਕਟਰ ਸਾਹਿਬ ਨੇ ਮੈਨੂੰ ਝਿੜਕ ਕੇ ਕਿਹਾ ਇਸ ਤਰ੍ਹਾਂ ਤੂੰ ਮੇਰਾ ਦਿਲ ਨਹੀਂ ਜਿੱਤ ਸਕਦੀ ਕਿਉਂ ਕਿ ਮੈਂ ਤਾਂ ਕਿਸੇ ਹੋਰ ਨੂੰ ਪਿਆਰ ਕਰਦਾ ਹਾਂ। ਮੈਂ ਜਦ ਇਹ ਕਿਹਾ ਕਿ ਜੇ ਕੋਈ ਅਜੇਹੀ ਗੱਲ ਸੀ ਤਾਂ ਤੁਸੀਂ ਪਹਿਲਾਂ ਹੀ ਦੱਸ ਦਿੰਦੇ ਅਤੇ ਮੇਰਾ ਜੀਵਨ ਬਰਬਾਦ ਕਰਨ ਦੀ ਕੀ ਲੋੜ ਸੀ। ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਮਾਪਿਆਂ ਨੂੰ ਦੱਸਿਆ ਸੀ ਪਰ ਉਨ੍ਹਾਂ ਨੇ ਮੈਨੂੰ ਜਬਰਦਸਤੀ ਤੇਰੇ ਨਾਲ ਨੂੜ ਦਿਤਾ ਹੈ। ਇਹ ਸੁਣ ਕੇ ਮੇਰੇ ਹੋਸ਼ ਉਡ ਗਏ। ਮੈਂ ਕਦੇ ਇਸ ਤਰ੍ਹਾਂ ਸੋਚਿਆ ਵੀ ਨਹੀਂ ਸੀ। ਮੈਂ ਤਾਂ ਵਿਆਹ ਨੂੰ ਇਕ ਪਵਿੱਤਰ ਬੰਧਨ ਹੀ ਸਮਝਦੀ ਸਾਂ ਅਤੇ ਇਸ ਬੰਧਨ ਨੂੰ ਪੂਰੀ ਵਫ਼ਾਦਾਰੀ ਨਾਲ ਨਿਭਾਉਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਸਾਂ। ਕਾਲਿਜ ਵਿਚ ਕਈ ਅਜਿਹੀਆਂ ਕਹਾਣੀਆਂ ਸੁਣੀਆਂ ਸਨ ਕਿ ਜੇ ਕਿਸੇ ਦੇ ਵਿਆਹ ਤੋਂ ਪਹਿਲਾਂ ਸਬੰਧ ਹੁੰਦੇ ਹਨ ਤਾਂ ਵਿਆਹ ਤੋਂ ਬਾਅਦ ਆਮ ਤੌਰ 'ਤੇ ਹੌਲੀ ਹੌਲੀ ਖ਼ਤਮ ਹੋ ਜਾਂਦੇ ਹਨ ਅਤੇ ਬਾਅਦ ਵਿਚ ਗੱਡੀ ਆਪਣੀ ਪਟੜੀ ਤੇ ਆਮ ਰਫਤਾਰ ਨਾਲ ਚਲ ਪੈਂਦੀ ਹੈ।ਮੈਨੂੰ ਕੀ  ਪਤਾ ਸੀ ਕਿ ਮੈਂ ਜੋ ਆਪਣੇ ਬਾਪ ਨੂੰ ਵਚਨ ਦਿੱਤਾ ਸੀ ਕਿ ਮੇਰੀ ਅਰਥੀ ਇਸ ਨਵੇਂ ਘਰ ਵਿਚੋਂ ਉਠੇਗੀ ਅਤੇ ਇਸ ਘਰ ਨੂੰ ਆਪਣਾ ਸਮਝ ਬੈਠੀ ਸੀ ਪਰ ਅਸਲ ਵਿਚ ਇਹ ਘਰ ਵੀ ਮੇਰਾ ਨਹੀਂ ਹੈ। ਪਰੰਤੂ ਮੈਂ ਹੁਣ ਕਿਥੇ ਜਾ ਸਕਦੀ ਸੀ। ਮੈਂ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਇਸ ਡਾਕਟਰ ਦਾ ਦਿਲ ਜਿੱਤਣ ਦੀ ਮੈਂ ਪੂਰੀ ਕੋਸ਼ਿਸ਼ ਕਰਾਂਗੀ। ਮੈਂ ਆਪਣਾ ਵਤੀਰਾ ਹੋਰ ਪਿਆਰ ਭਰਿਆ ਕਰ ਲਿਆ ਅਤੇ ਕਾਲਿਜ ਵਿਚੋਂ ਛੇਤੀ ਹੀ ਵਾਪਿਸ

ਆ ਜਾਇਆ ਕਰਦੀ ਸੀ।

ਇੱਕ ਦਿਨ ਮੇਰੀ ਦੋਸਤ ਪ੍ਰੀਤ ਨੇ ਪੁੱਛਿਆ ਕਿ ਨਿਮੋ ਕੀ ਗੱਲ ਹੈ ਘਰ ਸਭ ਸੁਖ ਤਾਂ ਹੈ ਤੂੰ ਅੱਜ ਕਲ ਉਦਾਸ ਉਦਾਸ ਰਹਿੰਦੀ ਹੈਂ ਅਤੇ ਕਾਲਿਜ ਵਿਚ ਵੀ ਘੱਟ ਸਮਾਂ ਲਗਾ ਰਹੀ ਹੈਂ। ਪ੍ਰੀਤ ਮੇਰੀ ਕਾਲਿਜ ਵਿਚ ਪੜ੍ਹਦੇ ਸਮੇਂ ਦੀ ਸਹੇਲੀ ਸੀ ਅਤੇ ਸਬੱਬ ਨਾਲ ਅਸੀਂ ਇੱਕੋ ਕਾਲਿਜ ਵਿਚ ਨੌਕਰੀ ਕਰ ਰਹੀਆਂ ਸੀ। ਉਹ ਮੇਰੇ ਪੇਕਿਆਂ ਨੂੰ ਵੀ ਜਾਣਦੀ ਸੀ ਅਤੇ ਉਸ ਨੂੰ ਥੋੜ੍ਹਾ ਬਹੁਤਾ ਮੇਰੇ ਡਾਕਟਰ ਦਾ ਸੁਭਾਅ ਵੀ ਪਤਾ ਸੀ। ਉਸ ਦੇ ਹਮਦਰਦੀ ਨਾਲ ਪੁੱਛਣ ਤੇ ਮੇਰੀਆਂ ਅੱਖਾਂ ਵਿਚ ਅੱਥਰੂ ਛਲਕ ਪਏ। ਮੈਂ ਉਸ ਤੋਂ ਬਹਾਨਾ ਬਣਾ ਕੇ, ਕਿ ਮੈਨੂੰ ਜਲਦੀ ਹੈ ਮੈਂ ਘਰ ਜਾਣਾ ਹੈ, ਖਹਿੜਾ ਛੁਡਾਣ ਦਾ ਯਤਨ ਕੀਤਾ। ਪਰ ਉਸ ਨੇ ਤਾਂ ਮੇਰੇ ਹੱਥ ਫੜ ਕੇ ਖਿੱਚ ਲਿਆ ਅਤੇ ਆਪਣੇ ਕਮਰੇ ਵਿਚ ਲੈ ਗਈ ਜਿਥੇ ਸਾਡੇ ਦੋਵਾਂ ਤੋਂ ਬਿਨਾ ਕੋਈ ਵੀ ਨਹੀਂ ਸੀ। ਉਸ ਦਾ ਪਿਆਰ ਵੇਖ ਮੈਂ ਉਸ ਨੂੰ ਸਚਾਈ ਦੱਸ ਦਿਤੀ। ਉਸ ਨੇ ਇਸ ਤੇ ਹੈਰਾਨੀ ਪ੍ਰਗਟ ਕੀਤੀ ਤੇ ਇਹ ਵੀ ਗਿਲਾ ਕੀਤਾ ਕਿ ਅਜਿਹੀਆਂ ਹਾਲਤਾਂ ਵਿਚ ਦੋਸਤ ਹੀ ਮੱਦਦਗਾਰ ਹੁੰਦੇ ਹਨ। ਤੂੰ ਸ਼ਾਂਤੀ ਰੱਖ ਆਪਾਂ ਰਲ ਕੇ ਮਸਲਾ ਹਲ ਕਰਾਂਗੇ। ਮੇਰੇ ਮਨ ਨੂੰ ਵੀ ਧਰਵਾਸ ਮਿਲਿਆ। ਕੁਝ ਪਲਾਂ ਲਈ ਮੈਂ ਸ਼ਾਂਤ ਹੋ ਉਸ ਦੇ ਮੂੰਹ ਵਲ ਵੇਖਣ ਲੱਗੀ। ਉਸ ਨੇ ਸੁਝਾਇਆ ਕਿ ਪਹਿਲਾਂ ਤਾਂ ਇਹ ਲੱਭੀਏ ਕਿ ਉਸ ਦੀ ਪਸੰਦ ਕੌਣ ਹੈ ਫਿਰ ਉਸ ਨੂੰ ਮਿਲਾਂਗੇ ਤੇ ਤੇਰੀ ਗੱਡੀ ਨੂੰ ਵਾਪਸ ਪਟੜੀ ਤੇ ਲਿਆਉਣ ਲਈ ਜੋ ਵੀ ਕਰਨਾ ਪਿਆ ਆਪਾਂ ਮਿਲ ਕੇ ਕਰਾਂਗੇ। ਉਸ ਨੇ ਮੈਥੋਂ ਇਹ ਵਿਸ਼ਵਾਸ ਲਿਆ ਕਿ ਮੈਂ ਇਕੱਲਿਆਂ ਕੋਈ ਵੀ ਫੈਸਲਾ ਨਹੀਂ ਕਰਨਾ। ਮਨ ਹੌਲਾ ਕਰ ਮੈਂ ਘਰ ਆ ਗਈ। ਆਪਣੇ ਮਨ ਅੰਦਰ ਇਹ ਵਿਚਾਰ ਬਣਾਇਆ ਕਿ ਇਹ ਜ਼ਿੰਦਗੀ ਇਕ ਵਾਰ ਮਿਲੀ ਹੈ ਇਸ ਨੂੰ ਭੰਗ ਦੇ ਭਾਅ ਨਹੀਂ ਜਾਣ ਦੇਵਾਂਗੀ। ਮੈ ਆਰਥਿਕ ਤੌਰ ਤੇ ਆਜ਼ਾਦ ਹੋ ਕੇ ਵੀ ਜ਼ਿੰਦਗੀ ਜੀ ਸਕਦੀ ਹਾਂ। ਪਰ ਮੈਂ ਕਾਹਲੀ ਵਿਚ ਕੋਈ ਵੀ ਫੈਸਲਾ ਨਹੀਂ ਕਰਾਂਗੀ।

ਮੈਂ ਆਪਣੇ ਮਿਸ਼ਨ ਅਨੁਸਾਰ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਵੇਰੇ ਵੇਲੇ ਨਾਸ਼ਤਾ ਵੰਨ-ਸੁਵੰਨਾ ਤਿਆਰ ਕਰਨ ਲੱਗੀ ਪਹਿਲਾਂ ਡਾਕਟਰ ਸਾਹਿਬ ਨੂੰ ਨਾਸ਼ਤਾ ਕਰਵਾ ਕੰਮ ਤੇ ਭੇਜਦੀ। ਉਸ ਤੋਂ ਬਾਅਦ ਆਪਣੇ ਪਿਤਾ ਸਮਾਨ ਸਹੁਰੇ ਨੂੰ ਨਾਸ਼ਤਾ ਕਰਾ ਦਿੰਦੀ। ਇਸ ਸਮੇਂ ਤਕ ਮੇਰੀ ਸੱਸ ਜੋ ਧਾਰਮਿਕ ਸੁਭਾਅ ਦੀ ਸੀ ਆਪਣਾ ਪਾਠ ਖਤਮ ਕਰ ਬੈਠਦੀ ਸੀ ਉਸ ਨਾਲ ਬੈਠ ਆਪ ਨਾਸ਼ਤਾ ਕਰਦੀ। ਜਦੋਂ ਸੱਸ ਨੇ ਮੇਰਾ ਵਤੀਰਾ ਬਦਲਿਆ ਦੇਖਿਆ ਤਾਂ ਇਕ ਦਿਨ ਚਾਹ ਵੇਲੇ ਮੈਨੂੰ ਪੁੱਛਿਆ ਕਿ ਧੀਏ ਤੇਰੇ ਚੇਹਰੇ ਤੇ ਖੁਸ਼ੀ ਨਹੀਂ ਦਿਸਦੀ ਤੈਨੂੰ ਕੋਈ ਤਕਲੀਫ ਹੈ ਸ਼ਾਇਦ ਉਸ ਨੂੰ ਘਰ ਵਿਚ ਨਵੇਂ ਜੀ ਦੇ ਆਉਣ ਦੀ ਖ਼ਬਰ ਪ੍ਰਾਪਤ ਕਰਨ ਦਾ ਸ਼ੱਕ ਸੀ, ਪਰ ਮੈਂ ਤਾਂ ਕਿਸੇ ਹੋਰ ਭੱਠੀ ਵਿਚ ਮੱਚ ਰਹੀ ਸੀ। ਮੈਂ ਤਾਂ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ। ਮੈਂ ਫਿਸ ਪਈ ਕਿ ਡਾਕਟਰ ਸਾਹਿਬ ਨੇ ਮੈਨੂੰ ਦੱਸਿਆ ਹੈ ਉਹ ਮੇਰੇ ਨਾਲ ਵਿਆਹ ਨਹੀਂ ਕਰਵਾਣਾ ਚਾਹੁੰਦੇ ਸੀ ਤੁਸੀਂ ਮੈਨੂੰ ਉਹਦੇ ਨਾਲ ਨੂੜਿਆ ਹੈ।

ਇਹ ਸੁਣ ਕੇ ਇੱਕ ਵਾਰ ਤਾਂ ਉਨ੍ਹਾਂ ਦਾ ਰੰਗ ਉੱਡ ਗਿਆ ਤੇ ਫੇਰ ਲੰਮਾ ਸਾਹ ਲੈ ਕੇ ਬੋਲੇ। ਆ ਧੀਏ ਬੈਠ ਮੈਂ ਤੈਨੂੰ ਦੱਸਦੀ ਹਾਂ। ਜਦੋਂ ਡਾਕਟਰ ਪੜ੍ਹਦਾ ਸੀ ਇਸ ਦਾ ਇਸ਼ਕ ਇੱਕ ਲੜਕੀ ਨਾਲ ਹੋ ਗਿਆ। ਇਹ ਪਿਆਰ ਵਿਚ ਲੰਮੀ ਦੂਰੀ ਤਕ ਚਲੇ ਗਏ। ਉਹ ਪਰਿਵਾਰ ਸਾਡੇ ਕਿਵੇਂ ਵੀ ਮੇਲ ਦਾ ਨਹੀਂ ਸੀ ਉਸ ਦੀ ਜ਼ਾਤ ਵੀ ਨੀਵੀਂ ਸੀ ਮਾਇਕ ਤੌਰ ਤੇ ਵੀ ਉਸ ਦੇ ਮਾਪੇ ਪਤਲੀ ਹਾਲਤ ਵਿਚ ਸਨ। ਪਰੰਤੂ ਸਾਡਾ ਮੁੰਡਾ ਉਸ ਨਾਲ ਵਿਆਹ ਕਰਵਾਣ ਲਈ ਜ਼ਿਦ ਕਰ ਰਿਹਾ ਸੀ। ਪਰ ਆਪਣੇ ਪਿਤਾ ਦੇ ਡਰ ਕਾਰਣ ਅਤੇ ਘਰ ਦੀ ਇੱਜਤ ਰੱਖਣ ਕਾਰਨ ਅਸੀਂ ਇਸ ਨੂੰ ਮਨਾ ਲਿਆ ਕਿ ਅਸੀਂ ਤੇਰਾ ਰਿਸ਼ਤਾ ਕਿਸੇ ਪੜ੍ਹੀ ਲਿਖੀ ਕੁੜੀ ਨਾਲ ਕਰ ਦਿਆਂਗੇ। ਸਾਡੇ ਚੰਗੇ ਭਾਗਾਂ ਨੂੰ ਸਾਡਾ ਮੇਲ ਤੁਹਾਡੇ ਪਰਿਵਾਰ ਨਾਲ ਹੋ ਗਿਆ ਅਸੀਂ ਤੁਹਾਨੂੰ ਵਿਆਹ ਬੰਧਨ ਵਿਚ ਬੰਨ ਦਿੱਤਾ। ਸਾਨੂੰ ਲੱਗਦਾ ਸੀ ਕਿ ਇਹ ਹੁਣ ਤੇਰੇ ਨਾਲ ਦਿਲ ਲਾ ਲਵੇਗਾ। ਜਦੋਂ ਅਸੀਂ ਇਹ ਮਹਿਸੂਸ ਕੀਤਾ ਕਿ ਸਾਡੀ ਪੀੜ੍ਹੀ ਅੱਗੇ ਨਹੀਂ ਵੱਧ ਰਹੀ ਤਾਂ ਅਸੀਂ ਇਸ ਨਾਲ ਫਿਰ ਗੱਲ ਕੀਤੀ ਤਾਂ ਇਸ ਨੇ ਸਪਸ਼ਟ ਕਰ ਦਿਤਾ ਕਿ ਮੈਂ ਤਾਂ ਆਪਣੀ ਚੰਨੋ ਨਾਲ ਹੀ ਵਿਆਹ ਕਰਵਾਣਾ ਹੈ। ਇਸ ਨਿਰਮਲ ਨਾਲ ਮੇਰੀ ਦਾਲ ਨਹੀਂ ਗ਼ਲ ਰਹੀ। ਮੈਂ ਉਸ ਨੂੰ ਬਹੁਤ ਸਮਝਾਇਆ ਕਿ ਇਸ ਤਰ੍ਹਾਂ ਠੀਕ ਨਹੀਂ ਹੈ। ਅਸੀਂ ਵੀ ਬਹੁਤ ਪ੍ਰੇਸ਼ਾਨ ਹਾਂ ਕਿ ਕੀ ਕੀਤਾ ਜਾਵੇ। ਅਸੀਂ ਇਨ੍ਹਾਂ ਸੋਚਾਂ ਵਿਚ ਤੁਹਾਨੂੰ ਇਕੱਠੇ ਰਹਿਣ ਲਈ ਸਮਾਂ ਦੇ ਰਹੇ ਸਾਂ ਕਿ ਸ਼ਾਇਦ ਸਮੇਂ ਨਾਲ ਸਭ ਠੀਕ ਹੋ ਜਾਵੇਗਾ। ਅਸੀਂ ਚੰਨੋ ਦੇ ਮਾਪਿਆਂ ਨੂੰ ਵੀ ਮਿਲੇ ਹਾਂ ਤੇ ਉਨ੍ਹਾਂ ਨੂੰ ਵੀ ਕਿਹਾ ਹੈ ਤੁਸੀਂ ਸਾਥੋਂ ਜੋ ਕੁਝ ਲੈਣਾ ਹੈ ਲੈ ਲਵੋ ਅਤੇ ਚੰਨੋ ਨੂੰ ਸਮਝਾਓ ਕਿ ਸਾਡੇ ਮੁੰਡੇ ਦਾ ਖਹਿੜਾ ਛੱਡ ਦੇਵੇ ਪਰੰਤੂ ਉਸ ਨੇ ਹਾਲੇ ਤਕ ਕਿਤੇ ਵੀ ਵਿਆਹ ਨਹੀਂ ਕਰਵਾਇਆ ਇਸ ਦੀ ਉਡੀਕ ਵਿਚ ਕੁੰਵਾਰੀ ਹੀ ਬੈਠੀ ਹੈ। ਅਸੀਂ ਇਹ ਗੱਲਾਂ ਕਰ ਰਹੇ ਸੀ ਕਿ ਉਤੋਂ ਮੇਰੇ ਪਿਤਾ ਸਮਾਨ ਸਹੁਰਾ ਸਾਹਿਬ ਆ ਗਏ। ਮੇਰੀ ਸੱਸ ਮਾਂ ਨੇ ਇਹ ਗੱਲ ਬੰਦ ਕਰ ਦਿਤੀ ਅਤੇ ਹੋਰ ਗੱਲਾਂ ਵਿਚ ਪੈ ਗਏ।ਪਰੰਤੂ ਮੇਰੇ ਅੰਦਰ ਤਾਂ ਅੱਗ ਲੱਗੀ ਹੋਈ ਸੀ ਮੈਥੋਂ ਚੁੱਪ ਨਾ ਰਿਹਾ ਗਿਆ। ਮੈਂ ਆਪਣੇ ਸਹੁਰਾ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਦਸੋ ਕਿ ਮੈਂ ਕਿਹੜਾ ਖੂਹ ਟੋਬਾ ਗੰਦਾ ਕਰਾਂ। ਆਪਣੇ ਘਰ ਮੈਂ ਵਾਪਸ ਨਹੀਂ ਜਾ ਸਕਦੀ। ਮੇਰੇ ਪਿਤਾ ਜੀ ਜਿਨ੍ਹਾਂ ਨੇ ਮੈਨੂੰ ਡੋਲੀ ਪਾ ਇਸ ਘਰ ਵਲ ਤੋਰਿਆ ਸੀ ਉਹ ਤਾਂ ਉਥੇ ਚਲੇ ਗਏ ਜਿਥੋਂ ਕਦੇ ਕੋਈ ਵਾਪਸ ਨਹੀਂ ਆਇਆ। ਮਾਂ ਮੇਰੀ ਤਾਂ ਹੌਕਿਆਂ ਨਾਲ ਹੀ ਮਰ ਜਾਵੇਗੀ। ਇੱਕ ਭਰਾ ਹੈ ਉਹ ਮੈਨੂੰ ਸਾਰੀ ਉਮਰ ਘਰ ਨਹੀਂ ਰੱਖ ਸਕਦਾ। ਜੇ ਕਰ ਅਜਿਹਾ ਸੰਭਵ ਹੁੰਦਾ ਤਾਂ ਉਹ ਮੇਰਾ ਵਿਆਹ ਹੀ ਨਾ ਕਰਨ ਦਿੰਦਾ। ਮੈਂ ਆਪਣੇ ਬਾਬਲ ਦੇ ਘਰ ਹੀ ਰਹਿ ਪੈਂਦੀ। ਧੀਆਂ ਤਾਂ ਰਾਜੇ ਮਹਾਰਾਜੇ ਵੀ ਘਰ ਨਹੀਂ ਰੱਖ ਸਕੇ ਅਤੇ ਮੇਰੇ ਮਾਪੇ ਤਾਂ ਵਿਚਾਰੇ ਇਸ ਜਹਾਨ ਦੇ ਅੰਦਰ ਕਿਸ ਬਾਗ਼ ਦੀ ਮੂਲੀ ਸਨ।

ਇਹ ਮੇਰਾ ਸਹੁਰਾ ਵੀ ਸੁਣ ਕੇ ਸੁੰਨ ਹੋ ਗਿਆ ਅਤੇ ਇਕਦਮ ਜਿਥੇ ਖੜ੍ਹੇ ਸਨ

ਉਥੇ ਹੀ ਲੇਟ ਗਏ। ਸਾਨੂੰ ਹੱਥਾਂ ਪੈਰਾਂ ਦੀ ਪੈ ਗਈ।ਮਾਂ ਨੇ ਆਪਣੇ ਪੁੱਤ ਨੂੰ ਫੋਨ ਕਰ ਬੁਲਾ ਲਿਆ। ਉਸ ਨੇ ਆਪਣੇ ਬਾਪ ਨੂੰ ਦਵਾਈ ਦਿਤੀ ਉਨ੍ਹਾਂ ਨੂੰ ਕੁਝ ਹੋਸ਼ ਆਇਆ। ਉਨ੍ਹਾਂ ਦੀ ਨਾਜ਼ੁਕ ਹਾਲਤ ਦੇਖ ਉਹ ਨੇੜੇ ਦੇ ਵੱਡੇ ਹਸਪਤਾਲ ਲੈ ਕੇ ਜਾਣ ਲਈ ਤਿਆਰ ਹੋਏ। ਆਪਣੀ ਗੱਡੀ ਬਾਹਰ ਕੱਢ ਲਈ। ਮੈਨੂੰ ਘਰ ਛੱਡ ਤਿੰਨਾਂ ਨੇ ਜਾਣ  ਦਾ ਫੈਸਲਾ ਕਰ ਲਿਆ। ਮੈਂ ਜ਼ਿਦ ਕਰ ਕੇ ਨਾਲ ਹੀ ਚਲੀ ਗਈ। ਭਾਵੇਂ ਮੇਰੀ ਸੱਸ ਤਾਂ ਮੈਨੂੰ ਲੈ ਕੇ ਜਾਣ ਦੇ ਹੱਕ ਵਿਚ ਸੀ ਪਰ ਮੇਰੇ ਡਾਕਟਰ ਸਾਹਿਬ ਇਸ ਲਈ ਬਿਲਕੁਲ ਵੀ ਤਿਆਰ ਨਹੀਂ ਸਨ। ਜਦੋਂ ਮੈਂ ਕਿਹਾ ਕਿ ਮੈਂ ਡਾਕਟਰਾਂ ਦੀ ਅਣਗਹਿਲੀ ਕਾਰਨ ਆਪਣਾ ਇੱਕ ਪਿਤਾ ਗਵਾ ਚੁੱਕੀ ਹਾਂ ਦੂਸਰੇ ਪਿਤਾ ਨੂੰ ਨਹੀਂ ਗਵਾਉਣਾ ਚਾਹੁੰਦੀ। ਇਸ ਤੇ ਮੇਰੇ ਡਾਕਟਰ ਸਾਹਿਬ ਚੁੱਪ ਹੋ ਗਏ ਅਤੇ ਚੁੱਪ ਸਹਿਮਤੀ ਦੇ ਦਿੱਤੀ ਤਾਂ ਹੀ ਮੇਰਾ ਨਾਲ ਜਾਣਾ ਸੰਭਵ ਹੋ ਸਕਿਆ। ਇਹ ਪਹਿਲੀ ਗੱਲ ਸੀ ਜਿਹੜੀ ਮੇਰੇ ਸਾਹਿਬ ਨੇ ਮੇਰੀ ਮੰਨ ਲਈ ਸੀ।

ਪਿਤਾ ਜੀ ਨੂੰ ਦਾਖਲ ਕਰ ਲਿਆ ਗਿਆ ਅਤੇ ਇਲਾਜ ਸ਼ੁਰੂ ਹੋ ਗਿਆ। ਉਸੇ ਹਸਪਤਾਲ ਵਿਚ ਹੀ ਮੇਰੇ ਡਾਕਟਰ ਦੀ ਪ੍ਰੇਮਿਕਾ ਲੱਗੀ ਹੋਈ ਸੀ। ਡਾਕਟਰ ਨੇ ਉਸ ਨੂੰ ਵੀ ਉਥੇ ਹੀ ਬੁਲਾ ਲਿਆ। ਜਦੋਂ ਮੇਰੀ ਸੱਸ ਨੇ ਉਸ ਨੂੰ ਵੇਖਿਆ ਤਾਂ ਥੋੜ੍ਹਾ ਸਖਤ ਹੋ ਕੇ ਉਸ ਨੇ ਆਪਣੇ ਪੁੱਤ ਦੀ ਹਾਜ਼ਰੀ ਵਿਚ ਹੀ ਚੰਨੋ  ਨੂੰ ਉਥੋਂ ਚਲੇ ਜਾਣ ਲਈ ਆਖਿਆ। ਚੰਨੋ ਨੇ ਵੀ ਖਿਸਕਣ ਵਿਚ ਆਪਣੀ ਭਲਾਈ ਸਮਝੀ। ਪਿਤਾ ਜੀ ਫਿਰ ਬੇਹੋਸ਼ੀ ਦੀ ਹਾਲਤ ਵਿਚ ਜਾ ਚੁੱਕੇ ਸੀ। ਮੇਰੀ ਸੱਸ ਚੰਨੋ ਨੂੰ ਹੀ ਇਸ ਹਾਲਤ ਲਈ ਜ਼ਿੰਮੇਵਾਰ ਸਮਝਦੇ ਸਨ। ਮੇਰੇ ਡਾਕਟਰ ਨੇ ਇਸ ਗੱਲ ਨੂੰ ਚੰਗਾ ਨਾ ਸਮਝਿਆ। ਪਰ ਉਹ ਮੌਕਾ ਤਾੜ ਚੁੱਪ ਵੱਟ ਗਏ। ਮੈਂ ਇਸ ਪਲ ਥੋੜ੍ਹੀ ਖੁਸ਼ ਸਾਂ ਕਿਉਂ ਜੋ ਮੇਰੀ ਸੱਸ ਵਲੋਂ ਲਿਆ ਗਿਆ ਇਹ ਫੈਸਲਾ ਮੇਰੇ ਹੱਕ ਵਿਚ ਵਧਦਾ ਇਕ ਕਦਮ ਸੀ। ਹਸਪਤਾਲ ਵਿਚ ਲਗਭਗ ਇਕ ਮਹੀਨਾ ਲੱਗਿਆ। ਚੰਨੋ ਫਿਰ ਨੇੜੇ ਤੇੜੇ ਨਜ਼ਰ ਨਹੀਂ ਆਈ। ਹੋ ਸਕਦਾ ਹੈ ਉਹ ਅੱਗੇ ਪਿਛੇ ਮੇਰੇ ਡਾਕਟਰ ਨੂੰ ਮਿਲਦੀ ਹੋਵੇ ਅਤੇ ਉਸ ਨੇ ਮੇਰੀ ਸੱਸ ਦੇ ਵਤੀਰੇ ਪ੍ਰਤੀ ਗੁੱਸਾ ਪ੍ਰਗਟਾਇਆ ਹੋਵੇ। ਮੈਂ ਰੋਜ਼ਾਨਾ ਹੀ ਘਰ ਜਾਂਦੀ ਸਾਂ, ਘਰੋਂ ਰੋਜ਼ਾਨਾ ਖਾਣ ਲਈ ਸਮਾਨ ਤਿਆਰ ਕਰਕੇ ਲੈ ਆਉਂਦੀ ਸੀ ਅਤੇ ਮੇਰੀ ਸੱਸ ਹਸਪਤਾਲ ਵਿਚ ਹਾਜ਼ਰ ਰਹਿੰਦੀ ਸੀ। ਮੈਨੂੰ ਮੇਰੇ ਡਾਕਟਰ ਕਾਰ ਉੱਤੇ ਲੈ ਜਾਂਦੇ ਸੀ ਅਤੇ ਮੈਂ ਖੁਸ਼ ਸਾਂ ਕਿ ਹੁਣ ਵੱਧ ਸਮਾਂ ਉਨ੍ਹਾਂ ਨਾਲ ਬਿਤਾ ਰਹੀ। ਉਨ੍ਹਾਂ ਦੇ ਵਤੀਰੇ ਵਿਚ ਬਦਲਾਅ ਵੇਖ ਰਹੀ ਸਾਂ, ਉਹ ਵੀ ਮੇਰੇ ਨੇੜੇ ਹੋ ਕੇ ਬਹਿਣ ਦਾ ਅਵਸਰ ਲਭਦੇ ਰਹਿੰਦੇ ਸਨ। ਹਾਲਤ ਵਿਚ ਸੁਧਾਰ ਹੋ ਰਿਹਾ ਸੀ। ਕੁਝ ਸਮੇਂ ਬਾਅਦ ਹਸਪਤਾਲ ਵਿਚੋਂ ਛੁਟੀ ਮਿਲ ਗਈ।

ਉਧਰ ਪ੍ਰੀਤ ਦਾ ਬੁਰਾ ਹਾਲ ਸੀ ਜਦੋਂ ਮੈਂ ਕੁਝ ਦਿਨ ਕਾਲਿਜ ਨਾ ਗਈ ਤੇ ਬਾਅਦ ਵਿਚ ਕਾਲਿਜ ਵਿਚ ਛੁੱਟੀਆਂ ਹੋ ਗਈਆਂ। ਪ੍ਰੀਤ ਮੇਰੇ ਬਾਰੇ ਮਾੜਾ ਚੰਗਾ ਸੋਚ ਰਹੀ ਸੀ। ਜਕੋ ਤਕੀ ਅੰਦਰ ਉਸ ਨੇ ਇਕ ਦਿਨ ਮੈਨੂੰ ਫੋਨ ਕੀਤਾ। ਕੰਮ ਵਿਚ ਰੁਝੀ ਹੋਣ ਕਾਰਨ ਮੈਂ ਨਾ ਚੁੱਕ ਸਕੀ। ਕੁਝ ਦੇਰ ਪਿੱਛੋਂ ਜਦੋਂ ਵੇਹਲੀ ਹੋਈ ਤਾਂ ਨਿਗਾ

ਫੋਨ ਤੇ ਮਾਰੀ ਤਾਂ ਦੇਖਿਆ ਕਿ ਪ੍ਰੀਤ ਦੀਆਂ ਮਿਸਡ ਕਾਲਾਂ ਸਨ। ਮੈਂ ਉਸ ਨੂੰ ਫੋਨ ਕੀਤਾ। ਫੋਨ ਚੁੱਕ ਉਹ ਗਿਲਾ ਕਰਨ ਲੱਗ ਪਈ ਤੂੰ ਦੱਸਿਆ ਹੀ ਨਹੀਂ ਕਾਲਿਜ ਵਿਚ ਕਿਉਂ ਨਹੀਂ ਆ ਰਹੀ ਸੀ। ਮੈਂ ਉਸ ਨੂੰ ਸਾਰੀ ਬਿਮਾਰੀ ਵਾਲੀ ਗੱਲ ਦੱਸ ਦਿਤੀ। ਤਾਂ ਉਸ ਨੇ ਆਪਣੇ ਮਨ ਵਿਚ ਆਏ ਸਾਰੇ ਉਤਾਰ ਚੜਾਅ ਦਸੇ। ਮੈਂ ਆਪਣੇ ਬਾਰੇ ਨਾ ਦਸ ਸਕਣ ਬਾਰੇ ਖਿਮਾ ਮੰਗੀ ਤੇ ਨਾਲ ਹੀ ਚੰਨੋ ਬਾਰੇ ਸੰਖੇਪ ਵਿਚ ਦੱਸਿਆ ਕਿ ਉਸ ਦਿਨ ਸੱਸ ਨੇ ਉਸ ਨਾਲ ਕੀ ਵਿਹਾਰ ਕੀਤਾ ਸੀ। ਇਸ ਗੱਲ ਨੂੰ ਸੁਣ ਉਸ ਨੂੰ ਕੁਝ ਤਸੱਲੀ ਹੋਈ।

ਜਦੋਂ ਦੇ ਪਿਤਾ ਜੀ ਘਰ ਆਏ ਸਨ ਮੇਰਾ ਡਾਕਟਰ ਦਿਨ ਵਿਚ ਵੀ ਘਰ ਗੇੜਾ ਮਾਰਦਾ ਸੀ ਅਤੇ ਕੰਮ ਤੋਂ ਤੁਰੰਤ ਬਾਅਦ ਘਰ ਵਿਚ ਆ ਜਾਂਦੇ ਸਨ। ਮੇਰੇ ਨਾਲ ਵੀ ਵੱਧ ਸਮਾਂ ਬੀਤਦਾ ਸੀ ਮੈਨੂੰ ਹਮੇਸ਼ਾ ਹੀ ਬਾਪੂ ਜੀ ਦੀ ਸੇਵਾ ਵਿਚ ਹਾਜ਼ਰ ਹੀ ਵੇਖਦੇ ਸਨ। ਮੈਨੂੰ ਵੀ ਬਾਪੂ ਜੀ ਦੀ ਸੇਵਾ ਵਿਚ ਖੁਸ਼ੀ ਮਹਿਸੂਸ ਹੋ ਰਹੀ ਸੀ। ਮੈਨੂੰ ਮੇਰੇ ਦਿਨ ਫਿਰਦੇ ਪ੍ਰਤੀਤ ਹੋ ਰਹੇ ਸਨ।

ਇਕ ਰਾਤ ਅਸੀਂ ਆਪਣੇ ਕਮਰੇ ਅੰਦਰ ਗੱਲਾਂ ਕਰ ਰਹੇ ਸਾਂ ਤਾਂ ਮੇਰੇ ਡਾਕਟਰ ਨੇ ਮੇਰੇ ਨਾਲ ਕੁਝ ਅਜੀਬ ਜਿਹਾ ਸੁਖਦ ਵਿਹਾਰ ਕੀਤਾ। ਮੈਂ ਮਨ ਹੀ ਮਨ ਖੁਸ਼ ਹੋ ਆਪਣਾ ਆਪ ਉਨ੍ਹਾਂ ਨੂੰ ਸਮਰਪਿਤ ਕਰ ਦਿੱਤਾ। ਅਸੀਂ ਸਾਰੀਆਂ ਹੀ ਹੱਦਾਂ ਲੰਘ ਗਏ। ਮੈਨੂੰ ਉਸ ਦਿਨ ਵਿਆਹ ਦਾ ਪਹਿਲਾ ਦਿਨ ਮਹਿਸੂਸ ਹੋਇਆ। ਮੈਂ ਬਹੁਤ ਪ੍ਰਸੰਨ ਸਾਂ। ਮੇਰੀ ਖੁਸ਼ੀ ਨੂੰ ਮਾਪਿਆਂ ਨਹੀਂ ਜਾ ਸਕਦਾ ਸੀ । ਮੇਰੇ ਡਾਕਟਰ ਦਾ ਵਿਹਾਰ ਉਸ ਦਿਨ ਤੋਂ ਬਾਅਦ ਮੇਰੇ ਨਾਲ ਸੁਖਦ ਹੀ ਰਿਹਾ। ਮੈਨੂੰ ਜਾਪਿਆ ਕਿ ਮੇਰੀ ਮਿਹਨਤ ਰੰਗ ਲਿਆ ਰਹੀ ਹੈ। ਜਦੋਂ ਮੈਂ ਆਪਣੇ ਡਾਕਟਰ ਨੂੰ ਦੱਸਿਆ ਕਿ ਮੈਂ ਤੁਹਾਡੇ ਬੱਚੇ ਦੀ ਮਾਂ ਬਣਨ ਯੋਗ ਹਾਂ। ਉਹ ਬਹੁਤ ਖੁਸ਼ ਹੋਏ।ਮੈਨੂੰ ਉਨ੍ਹਾਂ ਦੇ ਚੇਹਰੇ ਦੇ ਭਾਵ ਦੇਖ ਕੇ ਤਾਂ ਖੁਮਾਰੀ ਚੜ੍ਹ ਗਈ ਸੀ। ਕੁਝ ਸਮੇਂ ਬਾਅਦ ਮੈਂ ਆਪਣੀ ਮਿੱਤਰ ਪ੍ਰੀਤ ਨਾਲ ਇਹ ਖਬਰ ਸਾਂਝੀ ਕੀਤੀ ਕਿ ਮੈਂ ਕਾਲਿਜ ਖੁੱਲ੍ਹਣ ਤੋਂ ਬਾਅਦ ਮੈਟਰਨਿਟੀ ਛੁੱਟੀ ਲਵਾਂਗੀ। ਉਸ ਨੇ ਬਹੁਤ ਖੁਸ਼ੀ ਮਨਾਈ। ਇਹ ਖ਼ਬਰ ਜਦੋਂ ਮੈਂ ਆਪਣੀ ਸੱਸ ਨੂੰ ਦਿੱਤੀ ਤਾਂ ਉਸ ਨੇ ਉਸ ਦਿਨ ਹੀ ਅਖੰਡ ਪਾਠ ਸੁਖ ਲਿਆ ਕਿ ਘਰ ਵਿਚ ਖੁਸ਼ੀਆਂ ਪਰਤ ਰਹੀਆਂ ਸਨ। ਮੇਰੇ ਸਿਰ ਉਪਰ ਹੱਥ ਰੱਖ ਮੈਨੂੰ ਅਸ਼ੀਰਵਾਦ ਦਿੱਤਾ ਕਿ ਧੀਏ ਤੂੰ ਖੁਸ਼ੀਆਂ ਮਾਣੇ। ਅਗਲੇ ਦਿਨ ਮੇਰੇ ਪਿਤਾ ਜੀ ਮੇਰੇ ਲਈ ਕਾਂਟੇ ਬਣਵਾ ਕੇ ਲਿਆਏ ਤੇ ਮੇਰੇ ਡਾਕਟਰ ਨੂੰ ਫੜਾ ਕੇ ਆਖਿਆ ਕਿ ਮੇਰੀ ਨੂੰਹ ਨੂੰ ਹੁਣੇ ਮੇਰੇ ਸਾਹਮਣੇ ਪਹਿਨਾ ਦੇ। ਮੇਰੇ ਡਾਕਟਰ ਵਿਚ ਨਾਂਹ ਕਰਨ ਦੀ ਹਿੰਮਤ ਨਹੀਂ ਸੀ। ਉਸ ਨੇ ਹੁਕਮ ਮੰਨਿਆ ਤੇ ਮੈਨੂੰ ਕਾਂਟੇ ਪਹਿਨਾ ਦਿੱਤੇ। ਮੈਂ ਬਹੁਤ ਹੀ ਖੁਸ਼ ਸਾਂ। ਉਸ ਦਿਨ ਰਾਤ ਨੂੰ ਜਦੋਂ ਅਸੀਂ ਗੱਲਾਂ ਕਰ ਰਹੇ ਸੀ ਤਾਂ ਮੇਰੇ ਡਾਕਟਰ ਨੇ ਦੱਸਿਆ ਕਿ ਚੰਨੋ ਨੇ ਮੇਰੇ ਨਾਲ ਧੋਖਾ ਕੀਤਾ ਹੈ ਤੇ ਹੁਣ ਕਿਸੇ ਹੋਰ ਦੀ ਬਣ ਕਨੇਡਾ ਚਲੀ ਗਈ ਹੈ। ਹੁਣ ਤੂੰ ਮੇਰੇ ਕੋਲ ਉਸ ਬਾਰੇ ਕੋਈ ਗੱਲ ਨਹੀਂ ਕਰਨੀ ਹੈ। ਮੈਂ ਖੁਸ਼ੀ ਖੁਸ਼ੀ ਉਨ੍ਹਾਂ ਦੇ ਗਲ ਵਿਚ ਬਾਹਾਂ ਦਾ ਹਰ ਪਾ ਦਿੱਤਾ ਤੇ ਅਗਲੇ

ਦਿਨ ਮਾਂ ਤੇ ਪਿਤਾ ਜੀ ਨੂੰ ਲੈ ਕੇ ਗੁਰਦਵਾਰੇ ਜਾ ਕੇ ਅਖੰਡ ਪਾਠ ਰੱਖਣ ਬਾਰੇ ਵਿਚਾਰ ਕੀਤੀ ਅਤੇ ਦਿਨ ਬੰਨ੍ਹ ਕੇ ਘਰ ਆ ਕੇ ਤਿਆਰੀ ਵਿਚ ਰੁਝ ਗਏ। ਮੈਂ ਜਦੋਂ ਪ੍ਰੀਤ ਨੂੰ ਦੱਸਿਆ ਤਾਂ ਉਸ ਨੇ ਵਧਾਈ ਦਿੰਦਿਆਂ ਆਖਿਆ ਕਿ ਹੁਣ ਆਪਦੇ ਡਾਕਟਰ ਨੂੰ ਸੰਭਾਲ ਕੇ ਰੱਖੀਂ ਤਾਂ ਜੋ ਫੇਰ ਨਾ ਕੋਈ ਉਲਝਣ ਪੈਦਾ ਹੋਵੇ। ਇਹ ਆਖ ਉਹ ਹੱਸ ਪਈ ਤੇ ਮੇਰਾ ਵੀ ਹਾਸਾ ਛਲਕ ਪਿਆ।

# ਭੁਲੇਖਾ

ਇਸ ਤਰ੍ਹਾਂ ਲੱਗ ਰਿਹਾ ਸੀ ਜਿਸ ਤਰ੍ਹਾਂ ਸੂਰਜ ਅਸਮਾਨ ਦੀ ਛਾਤੀ ਨੂੰ ਪਾੜ ਕੇ ਬਾਹਰ ਆਉਣ ਲਈ ਬਹੁਤ ਹੀ ਉਤਾਵਲਾ ਹੋਵੇ। ਸਾਰਾ ਕੁਝ ਇਸ ਤਰ੍ਹਾਂ ਹੀ ਤਪ ਰਿਹਾ ਸੀ ਜਿਸ ਤਰ੍ਹਾਂ ਦਾਣੇ ਭੁੰਨਣ ਵਾਲੀ ਦੀ ਭੱਠੀ ਦਾਣੇ ਭੁੰਨਣ ਵੇਲੇ ਤਪਦੀ ਹੈ ਅਤੇ ਕੋਈ ਵੀ ਮੱਕੀ ਦੇ ਦਾਣੇ ਤਪਦੀ ਸੜਕ ਤੇ ਡੋਲ ਕੇ ਭੁੰਨ ਸਕਦਾ ਸੀ ਤੇ ਮੱਕੀ ਨੇ ਤਾਂ ਖਿੜ ਕੇ ਹੱਸਣਾ ਹੀ ਹੁੰਦਾ ਹੈ। ਕਿਸੇ ਪਾਸੇ ਵਲੋਂ ਵੀ ਕਿਸੇ ਪੰਛੀ ਦੀ ਆਵਾਜ਼ ਨਹੀਂ ਆ ਰਹੀ ਸੀ। ਇੰਜ ਜਾਪਦਾ ਸੀ ਕਿ ਪੰਛੀਆਂ ਨੂੰ ਆਪਣੇ ਝੁਲਸ ਜਾਣ ਦਾ ਡਰ ਸੀ ਅਤੇ ਉਹ ਕਿਧਰੇ ਉਹਲਾ ਤਕਾ ਕੇ ਬੈਠੇ ਹੋਏ ਸਨ। ਇਕ ਸਧਾਰਨ ਕਿਸਾਨ ਅਜੇਹੀ ਝੁਲਸ ਦੇਣ ਵਾਲੀ ਗਰਮੀ ਵਿਚ, ਨੰਗੇ ਖੇਤਾਂ ਵਿਚ ਕਿਸੇ ਰੁੱਖ ਦੀ ਛਾਵੇਂ ਦੋ ਪਲ ਅਰਾਮ ਕਰਨ ਲਈ ਊਂਘਦਾ ਪਿਆ ਹੈ।ਉਸ ਕੋਲ ਮਾਲਕੀ ਦੀ ਥੋੜ੍ਹੀ ਜਿਹੀ ਭੋਏਂ ਸੀ ਅਤੇ ਕੁਝ ਜ਼ਮੀਨ ਉਸ ਨੇ ਠੇਕੇ ਤੇ ਲੈ, ਉਸ ਵਿਚ ਕਣਕ ਬੀਜੀ ਹੋਈ ਸੀ ਜੋ ਲਗਭਗ ਪੱਕਣ ਕਿਨਾਰੇ ਸੀ।

ਦੁਨੀਆਂ ਨੂੰ ਸਾਜਣ ਵਾਲੇ ਨੇ ਇਕ ਅਜੀਬ ਜਿਹਾ ਤਮਾਸ਼ਾ ਬਣਾਇਆ ਹੋਇਆ ਹੈ। ਜਦੋਂ ਤਕ ਪੂਰਣ ਸੇਕ ਵਾਲੀਆਂ ਧੁਪਾਂ ਨਾ ਲੱਗਣ ਕਣਕਾਂ ਨਹੀਂ ਪੱਕਦੀਆਂ। ਵਾਢੀ ਦੇ ਸਮੇਂ ਪਸੀਨੇ ਦੇ ਕਤਰੇ ਮਿੱਟੀ ਵਿਚ ਡਿੱਗਦੇ ਰਹਿੰਦੇ ਹਨ। ਦਾਣੇ ਸਾਂਭਣ ਸਮੇਂ ਸੂਰਜ ਕਿਸੇ ਭੱਠੀ ਵਿਚ ਤਪਦੇ ਲੋਹੇ ਦੀ ਤਰ੍ਹਾਂ ਲਾਲੀ ਫੜ ਲੈਂਦਾ ਹੈ। ਇਸ ਕਿਸਮ ਦੀਆਂ ਗੱਲਾਂ ਵਿਚ ਉਹ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ, ਅਰਾਮ ਕਰਨ ਬਾਰੇ ਸੋਚ ਹੀ ਰਿਹਾ ਸੀ। ਇੱਕ ਠੰਡੀ ਹਵਾ ਦੇ ਬੁੱਲੇ ਨੇ ਉਸ ਦੀਆਂ ਸੋਚਾਂ ਦੀ ਲੜੀ ਤੋੜ ਦਿਤੀ ਅਤੇ ਉਹ ਇਕ ਦਮ ਉਪਰ ਵਾਲੇ ਦਾ ਸ਼ੁਕਰਗੁਜ਼ਾਰ ਹੁੰਦਾ ਹੋਇਆ ਬੋਲਿਆ, ਵਾਹ ! ਮੇਰੇ ਸੱਚੇ ਪਾਤਸ਼ਾਹ ! ਤੂੰ ਹੀ ਗਰੀਬਾਂ ਦਾ ਰਖਵਾਲਾ ਹੈਂ ਅਤੇ ਇਤਨੀ ਗਰਮੀ ਵਿਚ ਸੁਖ ਦਾ ਸਾਹ ਆ ਜਾਵੇ ਇਸ ਲਈ ਕਿਸੇ ਨੇਕ ਕਰਮਚਾਰੀ ਨੂੰ ਹਵਾ ਦੇ ਪੱਖੇ ਉਪਰ ਬਿਠਾ ਦਿੱਤਾ ਹੈ। ਜਿਨ੍ਹਾਂ ਸਮਾਂ ਇਹ ਭਲਾ ਪੁਰਸ਼ ਆਪਣੇ ਕੰਮ ਤੇ ਹੈ ਗਰੀਬਾਂ ਨੂੰ ਠੰਡੀ ਹਵਾ ਮਿਲਦੀ ਰਹੇਗੀ।

ਠੰਡੀ ਠੰਡੀ ਰੁਮਕਦੀ ਹਵਾ ਵਿਚ ਉਸ ਦੀ ਅੱਖ ਲੱਗ ਗਈ ਤੇ ਉਹ ਸੁਪਨਿਆਂ ਦੀ ਦੁਨੀਆ ਵਿਚ ਮਸਤ ਹੋ ਗਿਆ। ਸੁਪਨੇ ਅੰਦਰ ਉਹ ਦੇਖਦਾ ਹੈ ਕਿ ਉਸ ਦਾ ਪੁੱਤਰ ਪੜ੍ਹ ਲਿਖ ਕੇ ਵੱਡਾ ਅਫਸਰ ਲੱਗ ਗਿਆ ਹੈ। ਉਸ ਦੀ ਨੌਕਰੀ ਘਰ ਤੋਂ ਦੂਰ ਹੈ। ਕਦੇ ਕਦੇ ਉਹ ਘਰ ਆ ਕੇ ਆਪਣੇ ਮਾਂ ਬਾਪ ਨੂੰ ਮਿਲ ਜਾਂਦਾ ਹੈ। ਉਸ ਨੂੰ ਸੌਖਿਆਂ ਵੇਖ ਉਸ ਦੇ ਵਿਆਹ ਦੀ ਵਿਓਂਤ ਬਣਾ ਲਈ ਜਾਂਦੀ ਹੈ। ਸਮੇਂ ਨਾਲ ਉਸ ਦਾ ਵਿਆਹ ਕਰ ਦਿਤਾ ਜਾਂਦਾ ਹੈ। ਉਸ ਨੂੰ ਤੀਸਰੀ ਰੋਟੀ ਮਿਲਣੀ ਸ਼ੁਰੂ ਹੋ

ਜਾਂਦੀ ਹੈ। ਉਹ ਸੋਚਦਾ ਹੈ ਹੁਣ ਖੇਤੀ ਬੰਦ ਕਰ ਕੇ ਪੁੱਤਰ ਕੋਲ ਜਾ ਕੇ ਸ਼ਹਿਰ ਵਿਚ ਉਸ ਦੇ ਕੋਲ ਹੀ ਰਹਾਂਗੇ। ਉਸ ਦੇ ਨਿੱਕੇ ਨਿੱਕੇ ਬੱਚਿਆਂ ਨੂੰ ਲਾਡ ਨਾਲ ਖਿਡਾਵਾਂਗੇ ਅਤੇ ਇਸ ਤੋਂ ਅੱਗੇ ਜ਼ਿੰਦਗੀ ਸੌਖੀ ਕਟਾਂਗੇ। ਹੁਣ ਤਕ ਤਾਂ ਮਿੱਟੀ ਨਾਲ ਮਿੱਟੀ ਹੀ ਹੁੰਦੇ ਰਹੇ ਹਾਂ। ਉਹ ਇਨ੍ਹਾਂ ਸੁਪਨਿਆਂ ਵਿਚ ਉਡਾਰੀ ਮਾਰ ਰਿਹਾ ਸੀ ਜਦੋਂ ਉਸ ਦੀ ਘਰ ਵਾਲੀ ਨੇ ਆ ਆਵਾਜ਼ ਦਿਤੀ ਕਿ ਉੱਠੋ ਜੀ, ਬਹੁਤ ਦੇਰ ਹੋ ਗਈ ਵਾਜਾਂ ਮਾਰਦੀ ਨੂੰ, ਤੁਹਾਡੀ ਤਾਂ ਚਾਹ ਵੀ ਠੰਡੀ ਹੋ ਰਹੀ ਹੈ। ਇਹ ਸੁਣ ਉਹ ਉੱਠ ਬੈਠਾ ਤੇ ਆਪਦੀ ਪਤਨੀ ਨੂੰ ਬੋਲਿਆ ਭਲੀਏ ਮਾਨਸੇ ਸਾਰੀ ਖੇਡ ਹੀ ਵਿਗਾੜ ਦਿਤੀ ਮੈਂ ਤਾਂ ਆਪਣੇ ਰਾਜੂ ਦੇ ਮੁੰਡੇ ਨੂੰ ਖਿਡਾਉਣ ਦੇ ਸੁਪਨੇ ਲੈ ਰਿਹਾ ਸੀ।

ਉਸ ਨੇ ਆਪਣੀ ਪਤਨੀ ਸ਼ੀਲਾ ਨੂੰ ਆਪਣਾ ਸੁਪਨਾ ਸੁਣਾਇਆ ਤਾਂ ਉਹ ਕਹਿਣ ਲੱਗੀ ਕਿ ਕਹਿੰਦੇ ਹਨ ਦਿਨ ਵਿਚ ਲੈ ਹੋਏ ਸੁਪਨੇ ਸੱਚੇ ਹੋ ਜਾਂਦੇ ਹਨ। ਹੋ ਸਕਦਾ ਹੈ ਆਪਣੀ ਕਿਸਮਤ ਛੇਤੀ ਹੀ ਖੁਲਣ ਵਾਲੀ ਹੋਵੇ।

ਰਾਜਿੰਦਰ ਉਨ੍ਹਾਂ ਦੇ ਵੱਡੇ ਮੁੰਡੇ ਦਾ ਪੂਰਾ ਨਾਮ ਸੀ ਪਰ ਪਿਆਰ ਨਾਲ ਉਹ ਉਸ ਨੂੰ ਰਾਜੂ ਹੀ ਆਖਿਆ ਕਰਦੇ ਸਨ। ਰਾਜੂ ਪਿੰਡ ਤੋਂ ਥੋੜੀ ਦੂਰ ਕਾਲਿਜ ਵਿਚ ਪੜ੍ਹਾਈ ਕਰ ਰਿਹਾ ਸੀ ਉਸ ਥਾਂ ਤੋਂ ਰੋਜ਼ਾਨਾ ਵਾਪਸ ਘਰ ਆਉਣ ਵਿਚ ਕਾਫੀ ਸਮਾਂ ਬਰਬਾਦ ਹੋ ਜਾਂਦਾ ਸੀ ਇਸ ਲਈ ਉਹ ਉਥੇ ਹੀ ਇਕ ਰਿਸ਼ਤੇਦਾਰ ਦੇ ਘਰ ਰਹਿੰਦਾ ਸੀ। ਰਿਸ਼ਤੇਦਾਰੀ ਵਿਚ ਉਹ ਉਸ ਦਾ ਮਾਮਾ ਲਗਦਾ ਸੀ। ਰਿਸ਼ਤੇ ਵਰਤੋਂ ਦੇ ਹੁੰਦੇ ਹਨ ਉਹ ਮਾਮਾ ਉਸ ਦੀ ਮਾਂ ਸ਼ੀਲਾ ਦੇ ਪਿੰਡ ਦਾ ਗੁਆਂਢੀ ਸੀ ਇਸ ਲਈ ਉਹ ਉਨ੍ਹਾਂ ਨਾਲ ਪੂਰੀ ਵਰਤੋਂ ਰੱਖਦਾ ਸੀ ਅਤੇ ਹਰ ਵਾਰ ਤਿਓਹਾਰ ਉਪਰ ਉਸ ਨੂੰ ਭੈਣ ਵਾਂਗ ਹੀ ਵਰਤਦਾ ਸੀ। ਮਾਮੇ ਦੀ ਇਕ ਲੜਕੀ ਜਿਹੜੀ ਰਾਜੂ ਦੇ ਕਾਲਿਜ ਵਿਚ ਹੀ ਪੜ੍ਹਦੀ ਸੀ। ਉਸ ਨੂੰ ਸਾਰੇ ਜੀਤ ਕਰ ਕੇ ਬੁਲਾਂਦੇ ਸਨ ਭਾਵੇਂ ਪੂਰਾ ਨਾਮ ਉਸ ਦਾ ਹਰਜੀਤ ਸੀ। ਜੀਤ, ਰਾਜੂ ਤੋਂ ਇਕ ਕਲਾਸ ਪਿਛੇ ਸੀ। ਰਾਜੂ ਉਸ ਦੇ ਨਾਲ ਭੈਣ ਵਾਲਾ ਵਿਵਹਾਰ ਕਰਦਾ ਸੀ। ਉਸ ਨੂੰ ਗਾਹੇ ਬਗਾਹੇ ਔਕੜਾਂ ਤੋਂ ਬਚਾਉਣ ਲਈ ਹਮੇਸ਼ਾ ਯਤਨਸ਼ੀਲ ਸੀ। ਜੀਤ ਸੋਹਣੀ ਦਿੱਖ ਅਤੇ ਤੀਖਣ ਬੁੱਧੀ ਦੀ ਮਾਲਕ ਸੀ। ਉਸ ਦੇ ਨਾਲ ਵਾਲੇ ਉਸ ਦੇ ਹੁਸ਼ਿਆਰ ਹੋਣ ਕਾਰਨ ਉਸ ਨਾਲ ਈਰਖਾ ਕਰਦੇ ਸਨ ਅਤੇ ਨਾਲ ਦੀਆਂ ਕੁੜੀਆਂ ਉਸ ਦੇ ਕੱਪੜਿਆਂ ਜਾਂ ਫੈਸ਼ਨਪ੍ਰਸਤ ਨਾ ਹੋਣ ਕਾਰਨ ਉਸ ਵਿਰੁੱਧ ਕੋਈ ਨਾ ਕੋਈ ਝੂਠੀ ਕਹਾਣੀ ਘੜ ਬਾਕੀ ਕੁੜੀਆਂ ਵਿਚ ਫੈਲਾ ਕੇ ਉਸ ਨੂੰ ਬਦਨਾਮ ਕਰ ਨੀਵਾਂ ਵਿਖਾਉਣ ਦਾ ਹਰ ਯਤਨ ਕਰਦੀਆਂ ਸਨ ਪਰ ਜੀਤ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਸੀ। ਉਹ ਅਕਸਰ ਰਾਜੂ ਦੇ ਵੇਹਲੇ ਸਮੇਂ ਵਿਚ ਉਸ ਕੋਲ ਚਲੀ ਜਾਂਦੀ ਦੋਵੇਂ ਇਕੱਠੇ ਗੱਲਾਂ ਕਰਦੇ ਰਹਿੰਦੇ ਸਨ ਅਤੇ ਬਾਕੀ ਵਿਦਿਆਰਥੀ ਉਨ੍ਹਾਂ ਦੇ ਇਸ ਵਿਵਹਾਰ ਕਾਰਨ ਝੂਠੀਆਂ ਕਹਾਣੀਆਂ ਬਣਾਉਂਦੇ ਰਹਿੰਦੇ ਸਨ।

ਇਸ ਕਾਲਿਜ ਵਿਚ ਨਵੀਂ ਆਈ ਮੋਹਿੰਦਰ ਜਿਸ ਨੂੰ ਸਾਰੇ ਮਿੰਦੀ ਆਖਦੇ ਸਨ

ਤੇਜ ਬੁਧੀ ਵਾਲੀ ਸੀ ਉਹ ਕਾਲਿਜ ਵਿਚ ਬਣ ਠਣ ਕੇ ਆਇਆ ਕਰਦੀ ਸੀ। ਪਰੰਤੂ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਾਰਨ ਉਸ ਨੇ ਥੋੜੇ ਸਮੇਂ ਦੇ ਅੰਦਰ ਕਾਲਿਜ ਦੇ ਅਧਿਆਪਕਾਂ ਅਤੇ ਸਾਥੀ ਵਿਦਿਆਰਥੀਆਂ ਦੇ ਮਨਾਂ ਵਿਚ ਡੂੰਘੀ ਥਾਂ ਬਣਾ ਲਈ ਸੀ। ਆਜ਼ਾਦੀ ਵਾਲੇ ਦਿਨ ਮਿੰਦੀ ਨੇ ਆਪਣੀ ਸੁਰੀਲੀ ਅਤੇ ਜੋਸ਼ੀਲੀ ਅਦਾਕਾਰੀ ਕਾਰਣ ਰਾਜੂ ਵੀ ਉਸ ਵਲ ਖਿਚਿਆ ਗਿਆ ਸੀ। ਉਹ ਉਸ ਦਿਨ ਤੋਂ ਬਾਅਦ ਉਸ ਨਾਲ ਸੰਪਰਕ ਕਰਨ ਦੇ ਯਤਨ ਕਰਨ ਲੱਗਾ। ਦੋ ਚਾਰ ਵਾਰ ਉਸ ਨੇ ਮਿੰਦੀ ਕੋਲੋਂ ਜਮਾਤ ਦੇ ਲਿਖੇ ਹੋਏ ਨੋਟਸ ਵੀ ਮੰਗੇ। ਪ੍ਰੰਤੂ ਮਿੰਦੀ ਨੇ ਰਾਜੂ ਬਾਰੇ ਸੁਣੀਆਂ ਗੱਲਾਂ ਕਾਰਣ, ਹਮੇਸ਼ਾ ਹੀ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ ਦੀਆ ਕਰਦੀ ਸੀ। ਭਾਵੇਂ ਮਿੰਦੀ ਆਪ ਤਾਂ ਸੁਘੜ ਸਿਆਣੀ ਲੜਕੀ ਸੀ ਪ੍ਰੰਤੂ ਰੋਜ਼ਾਨਾ ਦੀ ਹੋ ਰਹੀ ਚਰਚਾ ਉਸ ਉਪਰ ਵੀ ਅਸਰ ਪਾ ਰਹੀ ਸੀ। ਰੋਜ਼ਾਨਾ ਤਾਂ ਜੇ ਪੱਥਰ ਉਪਰ ਪਾਣੀ ਦੇ ਪੈਣ ਨਾਲ ਉਸ ਵਿਚ ਵੀ ਮੋਰੀ ਹੋ ਜਾਂਦੀ ਹੈ। ਉਹ ਤਾਂ ਮਨੁੱਖੀ ਮਨ ਰੱਖਣ ਵਾਲੀ ਲੜਕੀ ਹੀ ਸੀ।

ਇਕ ਦਿਨ ਰਾਜੂ ਨੇ ਤੇਜ਼ ਸਾਈਕਲ ਭਜਾ ਕੇ ਮਿੰਦੀ ਦਾ ਪਿੱਛਾ ਕੀਤਾ ਕਿਓਂ ਜੋ ਉਸ ਨੇ ਇੰਚਾਰਜ ਅਧਿਆਪਕ ਦਾ ਉਸ ਲਈ ਦਿੱਤਾ ਹੋਇਆ ਸੰਦੇਸ਼ ਦੇਣਾ ਸੀ, ਪਰ ਮਿੰਦੀ ਨੂੰ ਇੰਜ ਲੱਗਾ ਕਿ ਸੁਣੀਆਂ ਸੁਣਾਈਆਂ ਗੱਲਾਂ ਵਿਚ ਸਚਾਈ ਹੈ ਤੇ ਹੁਣ ਰਾਜੂ ਮੇਰਾ ਪਿੱਛਾ ਕਰ ਰਿਹਾ ਹੈ। ਉਹ ਘਬਰਾ ਗਈ ਅਤੇ ਨਾ ਚਾਹੁੰਦੀ ਹੋਈ ਰਾਹ ਵਿਚ ਆਪਣੀ ਸਹੇਲੀ ਦੇ ਘਰ ਰੁਕ ਗਈ। ਉਸ ਨੇ ਉਸ ਤੋਂ ਕਿਤਾਬ ਲੈਣ ਦਾ ਬਹਾਨਾ ਘੜ ਲਿਆ। ਰਾਜੂ ਉਥੇ ਨਾ ਰੁਕਿਆ ਤੇ ਸਿਧਾ ਆਪਣੇ ਘਰ ਚਲਾ ਗਿਆ। ਭਾਵੇਂ ਉਸ ਨੇ ਜਰੂਰੀ ਸਨੇਹਾ ਦੇਣਾ ਸੀ ਪਰੰਤੂ ਉਸ ਨੇ ਉਸ ਦੀ ਸਹੇਲੀ ਦੇ ਘਰ ਰੁਕ ਕੇ ਸਨੇਹਾ ਦੇਣਾ ਠੀਕ ਨਾ ਸਮਝਿਆ। ਤਾਂ ਜੋ ਇਸ ਦਾ ਕੋਈ ਗਲਤ ਅਰਥ ਨਾ ਕੱਢਿਆ ਜਾਵੇ। ਨਵੀਂ ਮੁਸੀਬਤ ਗੱਲ ਪਾਉਣ ਦੇ ਡਰ ਕਾਰਨ ਉਹ ਆਪਣੇ ਘਰ ਪੁੱਜ ਗਿਆ।

ਮਿੰਦੀ ਨੂੰ ਘਰ ਪੁੱਜ ਕੇ ਚੈਨ ਨਾ ਪਿਆ ਉਹ ਆਪਣੇ ਖਿਆਲ ਵਿਚ ਹੀ ਵਹਿ ਗਈ ਅਤੇ ਰਾਜੂ ਬਾਰੇ ਹੋਰ ਮਾੜਾ ਸੋਚਣ ਲੱਗੀ। ਮਿੰਦੀ ਨੇ ਅਗਲੇ ਦਿਨ ਕਾਲਿਜ ਪੁੱਜ ਕੇ ਆਪਣੀ ਦੋਸਤ ਨੂੰ ਰਾਜੂ ਦੀ ਆਪਣਾ ਪਿੱਛਾ ਕਰਨ ਦੀ ਸਾਰੀ ਰਾਮ ਕਹਾਣੀ ਸੁਣਾਈ। ਉਸ ਨੇ ਸਲਾਹ ਦਿਤੀ ਇਸ ਦੀ ਸੂਚਨਾ ਪ੍ਰਿੰਸੀਪਲ ਨੂੰ ਦਿੱਤੀ ਜਾਵੇ। ਪਰ ਉਹ ਮਨ ਵਿਚ ਡਰ ਗਈਆਂ ਕਿ ਅਸੀਂ ਕਿਉਂ ਵੈਰ ਪਾਉਣਾ ਹੈ ਬਦਨਾਮੀ ਤਾਂ ਸਾਡੀ ਵੀ ਹੋਵੇਗੀ ਹੀ। ਇਸ ਗੱਲ ਕਾਰਨ ਉਨ੍ਹਾਂ ਨੇ ਰਾਜੂ ਨਾਲ ਨਾ ਬੋਲਣ ਦਾ ਫੈਸਲਾ ਕਰ ਲਿਆ।

ਇਕ ਦਿਨ ਰਾਜੂ ਤੇਜ ਤੇਜ਼ ਲਾਇਬਰੇਰੀ ਵਲ ਜਾ ਰਿਹਾ ਸੀ ਕਿ ਉਸ ਨੂੰ ਮਿੰਦੀ ਰਾਹ ਵਿਚ ਰੁਕੀ ਹੋਈ ਦਿਸੀ। ਉਹ ਅਕੇਲੀ ਹੀ ਸੀ ਰਾਜੂ ਨੂੰ ਗੱਲ ਕਰਨ ਦਾ ਇਹ ਮੌਕਾ ਠੀਕ ਜਾਪਿਆ।

ਰਾਜੂ ਉਸ ਕੋਲ ਰੁਕ ਕੇ ਬੋਲਿਆ ਮਹਿੰਦਰ!

ਮਿੰਦੀ ਦੇ ਮਨ ਵਿਚ ਪਹਿਲਾਂ ਹੀ ਇਸੇ ਗੱਲ ਦਾ ਡਰ ਸੀ ਕਿ ਰਾਜੂ ਕੁਝ ਨਾ ਕੁਝ ਜ਼ਰੂਰ ਕਹੇਗਾ। ਉਸ ਨੇ ਆਪਣਾ ਫੈਸਲਾ ਭੁਲਾ ਕਿ ਪੁੱਛਿਆ, "ਹਾਂ ਦੱਸ!"

ਮਿੰਦੀ ਦੇ ਮਨ ਵਿਚ ਵਹਿਮ ਸੀ ਕਿ ਇਹ ਤਾਂ ਮੇਰੇ ਪਿਛੇ ਹੀ ਪੈ ਗਿਆ ਹੈ। ਵਿਚਾਰੀ ਜੀਤ ਨਾਲ ਕੀ ਬੀਤਦੀ ਹੋਵੇਗੀ। ਹਾਲੇ ਥੋੜੇ ਦਿਨ ਪਹਿਲਾਂ ਹੀ ਕੰਟੀਨ ਵਿਚ ਬੈਠੇ ਮੁੰਡੇ ਕੁੜੀਆਂ ਵਿਚ ਹੋ ਰਹੀ ਰਾਜੂ ਬਾਰੇ ਚਰਚਾ ਸੁਣੀ ਸੀ। ਉਸ ਦੇ ਮਨ ਉਪਰ ਇਸ ਚਰਚਾ ਦਾ ਪੂਰਾ ਅਸਰ ਸੀ।

ਰਾਜੂ ਨੇ ਉਸ ਦੇ ਚੇਹਰੇ ਤੇ ਪਈਆਂ ਤਿਉੜੀਆਂ ਦੇਖ, ਪਹਿਲਾਂ ਤਾਂ ਆਪਣੇ ਮਨ ਦੀ ਗੱਲ ਨਾ ਕਰਨ ਦਾ ਫੈਸਲਾ ਕੀਤਾ ਪਰ ਫਿਰ ਵੀ ਹੌਸਲਾ ਕਰ ਕੇ ਬੋਲਿਆ, ਇਕ ਗੱਲ ਅੱਖਾਂ ਜੇ ਤੂੰ ਮੰਨੇ ਤਾਂ !

ਮਿੰਦੀ ਨੇ ਇਸ ਤਰ੍ਹਾਂ ਨਾਲ ਨਜ਼ਾਕਤ ਨਾਲ ਸਿਰ ਹਿਲਾਇਆ ਜਿਸ ਤੋਂ ਹਾਂ ਜਾਂ ਨਾਂਹ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ ਸੀ।

ਰਾਜੂ ਨੇ ਫਿਰ ਆਪਣੀ ਗੱਲ ਦੁਬਾਰਾ ਆਖੀ, ਸੋਚ ਲੈ! ਮੈਂ ਤਾਂ ਹੀ ਕਹਾਂਗਾ ਜੇ ਤੂੰ ਸਪਸ਼ਟ ਹਾਂ ਆਖੇਂਗੀ।

ਮਿੰਦੀ ਨੇ ਥੋੜ੍ਹੀ ਸਖਤ ਹੋ ਕਿਹਾ, ਅਜੇਹੀ ਕਿਹੜੀ ਗੱਲ ਹੈ ਜੋ ਤੂੰ ਮੈਨੂੰ ਪੂਰੀ ਤਰ੍ਹਾਂ ਪੱਕਿਆਂ ਕਰ ਕੇ ਕਰਨੀ ਹੈ।

ਰਾਜੂ ਨੇ ਮਨ ਨੂੰ ਕਰੜਾ ਕੀਤਾ ਤੇ ਬੋਲਿਆ, "ਮਹਿੰਦਰ ਜੇ ਭਲਾ ਤੂੰ ਆਪਣਾ ਕਮਰਾ ਛੱਡ ਸਾਡੇ ਘਰ ਆ ਕੇ ਰਹਿ ਪਵੇਂ ਤਾਂ ਚੰਗਾ ਲਗੇਗਾ।"

ਮਿੰਦੀ ਬੋਲੀ, "ਪਰ ਕਿਉਂ! ਮੈਨੂੰ ਉਥੇ ਕੋਈ ਤਕਲੀਫ ਨਹੀਂ ਹੈ।"

ਰਾਜੂ ਨੇ ਕਿਹਾ, "ਪਰ ਤੇਰਾ ਆਉਣ ਨਾਲ ਸਾਡੀ ਸਮੱਸਿਆ ਹਲ ਹੋ ਸਕਦੀ ਹੈ। ਫਿਰ ਤੈਨੂੰ ਇਹ ਕਮਰਾ ਛੱਡਣ ਵਿਚ ਕੀ ਇਤਰਾਜ ਹੈ।"

ਮਿੰਦੀ ਇਹ ਸੁਣ ਕੇ ਆਪੇ ਤੋਂ ਬਾਹਰ ਹੋ ਗਈ ਤੇ ਬੋਲੀ, "ਰਾਜੂ ਤੂੰ ਲੜਕੀਆਂ ਨੂੰ ਏਨਾਂ ਬੁੱਧੂ ਸਮਝਦਾ ਹੈਂ ਕਿ ਉਹ ਤੇਰੀਆਂ ਮਿਠੀਆਂ ਮਿਠੀਆਂ ਗੱਲਾਂ ਵਿਚ ਆ ਜਾਣਗੀਆਂ। ਮੈਂ ਤੇਰੇ ਬਾਰੇ ਬਹੁਤ ਕੁਝ ਸੁਣ ਚੁਕੀ ਹਾਂ ਤੇਰੀ ਇਹ ਸਾਊਪੁਣਾ ਮੈਨੂੰ ਭੁਲੇਖਾ ਨਹੀਂ ਪਾ ਸਕਦਾ। ਇਸ ਤੋਂ ਬਾਅਦ ਮੈਨੂੰ ਬੁਲਾਣ ਦੀ ਜੁਰਅਤ ਨਾ ਕਰੀਂ ਨਹੀਂ ਤਾਂ ਮੈਂ ਆਪਣੀ ਬੁਰੀ ਤੇ ਆ ਜਾਵਾਂਗੀ।"

ਰਾਜੂ ਨੂੰ ਇਹ ਉਮੀਦ ਨਹੀਂ ਸੀ। ਉਹ ਬਿਨਾ ਹੋਰ ਗੱਲ ਕੀਤਿਆਂ ਉਥੋਂ ਚਲਾ ਗਿਆ। ਉਸ ਦਾ ਦਿਲ ਹੁਣ ਉਥੋਂ ਭੱਜ ਜਾਣ ਨੂੰ ਕਰਦਾ ਸੀ।

ਉਸ ਨੇ ਇਹ ਅਪਮਾਨ ਸਹਿਣ ਕਰ ਲਿਆ ਅਤੇ ਵਾਜਬ ਸਮਾਂ ਆਉਣ ਤੇ ਉਤਰ ਦੇਣ ਬਾਰੇ ਸੋਚਿਆ।

ਉਹ ਸਮੇਂ ਸਿਰ ਘਰ ਪੁਜਾ। ਉਸ ਦੇ ਮਨ ਅੰਦਰ ਜੋ ਚਲ ਰਿਹਾ ਸੀ ਉਸ ਦੀ ਜੀਤ ਨੂੰ ਖਬਰ ਨਾ ਹੋਣ ਦਿੱਤੀ। ਉਹ ਆਪਣੇ ਮਨ ਨਾਲ ਘੁਲ ਰਿਹਾ ਸੀ। ਉਸ ਨੇ ਨਿਰਾਸ਼ਤਾ ਦਾ ਮੁਕਾਬਲਾ ਹੌਸਲੇ ਨਾਲ ਕਰਨ ਦਾ ਮਨ ਬਣਾ ਲਿਆ। ਉਹ ਪਹਿਲਾਂ ਨਾਲੋਂ ਵਧੇਰੇ ਮੇਹਨਤ ਕਰਨ ਲੱਗਾ। ਪਹਿਲੀ ਛਿਮਾਹੀ ਦੇ ਪਰਚੇ ਹੋਏ ਉਸ

ਨੇ ਪੂਰੀ ਮਿਹਨਤ ਨਾਲ ਪੇਪਰ ਕੀਤੇ। ਪੇਪਰਾਂ ਤੋਂ ਬਾਅਦ ਨਤੀਜੇ ਨੂੰ ਦੇਰ ਸੀ। ਉਸ ਨੇ ਅਗਲੀ ਛਿਮਾਹੀ ਦੀ ਪੜ੍ਹਾਈ ਸ਼ੁਰੂ ਕਰ ਦਿਤੀ। ਆਪਣਾ ਜ਼ਿਆਦਾ ਸਮਾਂ ਲਾਇਬਰੇਰੀ ਵਿਚ ਹੀ ਪੜ੍ਹਦਾ ਸੀ। ਜਦੋਂ ਪਹਿਲੀ ਛਿਮਾਹੀ ਦਾ ਨਤੀਜਾ ਆਇਆ ਉਸ ਦੇ ਨੰਬਰ ਸਾਰੀ ਕਲਾਸ ਨਾਲੋਂ ਵੱਧ ਸਨ। ਉਸ ਤੋਂ ਅੱਗੇ ਰਹਿਣ ਵਾਲੀ ਮਿੰਦੀ ਭਾਵੇਂ ਦੂਸਰੇ ਨੰਬਰ ਤੇ ਸੀ ਪਰ ਨੰਬਰਾਂ ਦਾ ਅੰਤਰ 50 ਤੋਂ ਵੀ ਵੱਧ ਸੀ।

ਮਿੰਦੀ ਨੂੰ ਝਟਕਾ ਲੱਗਾ। ਉਸ ਨੂੰ ਆਪਣਾ ਮਾੜਾ ਵਿਵਹਾਰ ਯਾਦ ਆਉਣ ਲੱਗਾ। ਉਹ ਹੁਣ ਰਾਜੂ ਨੂੰ ਵਧਾਈ ਦੇਣ ਜੋਗੀ ਵੀ ਨਹੀਂ ਸੀ। ਉਸ ਨੇ ਵੀ ਮਿਹਨਤ ਸ਼ੁਰੂ ਕੀਤੀ ਪਰ ਉਸ ਦਾ ਮਨ ਹੁਣ ਪੜ੍ਹਾਈ ਦੀ ਥਾਂ ਰਾਜੂ ਵਲ ਹੀ ਰਹਿੰਦਾ ਸੀ।

ਰਾਜੂ ਨੇ ਆਈ.ਏ.ਐਸ. ਦਾ ਇਮਿਤਿਹਾਨ ਦੇਣ ਦਾ ਮਨ ਬਣਾਇਆ ਤੇ ਤਨਦੇਹੀ ਨਾਲ ਇਸ ਪਾਸੇ ਵਲ ਧਿਆਨ ਦੇਣ ਲੱਗਾ। ਘਰ ਵਿਚ ਉਸ ਨੂੰ ਜੀਤ ਦੀ ਹਮਦਰਦੀ ਅਤੇ ਹੱਲਾਸ਼ੇਰੀ ਮਿਲ ਰਹੀ ਸੀ। ਉਹ ਹੁਣ ਕਾਲਿਜ ਵਿਚ ਵੀ ਘਟ ਹੀ ਜਾਂਦਾ ਸੀ ਤਿਆਰੀ ਵਿਚ ਮਗਨ ਰਹਿੰਦਾ ਸੀ। ਇਮਿਤਿਹਾਨ ਦਾ ਸਮਾਂ ਆਇਆ ਉਸ ਨੇ ਪੂਰੀ ਮੇਹਨਤ ਨਾਲ ਇਮਿਤਿਹਾਨ ਦਿੱਤਾ। ਇਸ ਦਾ ਪਤਾ ਕੇਵਲ ਜੀਤ ਨੂੰ ਹੀ ਸੀ। ਕਾਲਿਜ ਦੇ ਹਮ ਜਮਾਤੀਆਂ ਨੂੰ ਉਸ ਨੇ ਕੋਈ ਖਬਰ ਨਾ ਕੀਤੀ। ਅਗਲੀ ਛਿਮਾਹੀ ਵਿਚ ਵੀ ਉਸ ਨੇ ਪੂਰੀ ਮਿਹਨਤ ਕੀਤੀ। ਦੂਜੀ ਛਿਮਾਹੀ ਵਿਚ ਉਸ ਨੇ ਸ਼ਾਨਦਾਰ ਨੰਬਰ ਪ੍ਰਾਪਤ ਕੀਤੇ। ਸਾਰੀ ਕਲਾਸ ਉਸ ਤੋਂ ਬਹੁਤ ਹੀ ਪਿਛੇ ਸੀ। ਮਿੰਦੀ ਤਾਂ ਹੁਣ ਪੂਰੀ ਤਰ੍ਹਾਂ ਨਾਲ ਪ੍ਰੇਸ਼ਾਨ ਸੀ। ਉਸ ਦੀ ਪ੍ਰੇਸ਼ਾਨੀ ਹੋਰ ਵੱਧ ਗਈ ਜਦੋਂ ਉਸ ਨੇ ਸੁਣਿਆ ਕਿ ਰਾਜੂ ਨੇ ਆਈ.ਏ.ਐਸ. ਦੀ ਲਿਖਤੀ ਪ੍ਰੀਖਿਆ ਸ਼ਾਨਦਾਰ ਅੰਕਾਂ ਨਾਲ ਪਾਸ ਕਰ ਲਈ ਹੈ।

ਭਾਵੇਂ ਰਾਜੂ ਦਾ ਪਿਤਾ ਆਪਣੇ ਪੁੱਤਰ ਦੀ ਇਸ ਕਾਮਯਾਬੀ ਨੂੰ ਛੁਪਾ ਨਾ ਸਕਿਆ। ਉਸ ਨੇ ਸਾਰੇ ਪਿੰਡ ਵਿਚ ਲੱਡੂ ਵੰਡੇ। ਇਹ ਖ਼ਬਰ ਮਿੰਦੀ ਦੇ ਅਮੀਰ ਮਾਪਿਆਂ ਤਕ ਵੀ ਪੁੱਜ ਗਈ। ਉਹ ਨੇੜੇ ਦੇ ਪਿੰਡ ਦੇ ਵਾਸੀ ਹੋਣ ਕਾਰਣ ਉਸ ਦੇ ਮਾਪਿਆਂ ਨੂੰ ਵਧਾਈ ਦੇਣ ਆਏ। ਉਨ੍ਹਾਂ ਦੇ ਮਨ ਅੰਦਰ ਆਪਣੀ ਲੜਕੀ ਦੇ ਲਈ ਵਰ ਟੋਲਣ ਲਈ ਵੀ ਇਹ ਮੁੰਡਾ ਠੀਕ ਲੱਗਿਆ ਸੀ। ਉਨ੍ਹਾਂ ਦਾ ਵਤੀਰਾ ਰਾਜੂ ਦੇ ਮਾਪਿਆਂ ਨੂੰ ਭਰੋਸੇ ਵਿਚ ਲੈਣ ਦਾ ਸੀ। ਪਰ ਉਹ ਉਸ ਦਿਨ ਕੇਵਲ ਵਧਾਈ ਦੇ ਕੇ ਚਲੇ ਗਏ ਸੀ।

ਉਧਰ ਮਿੰਦੀ ਦਾ ਮਨ ਬਦਲ ਰਿਹਾ ਸੀ। ਉਹ ਮਹਿਸੂਸ ਕਰ ਰਹੀ ਸੀ ਕਿ ਉਸ ਨੇ ਗਲਤ ਪਹਿਚਾਣ ਕਰ ਕੇ ਗਲਤੀ ਕੀਤੀ ਸੀ। ਉਹ ਰਾਜੂ ਨੂੰ ਮਿਲਣ ਦਾ ਕੋਈ ਬਹਾਨਾ ਲੱਭ ਰਹੀ ਸੀ। ਉਹ ਦਿਲੋਂ ਉਸ ਵਲ ਖਿੱਚੀ ਜਾ ਰਹੀ ਸੀ। ਪਰ ਉਸ ਵਲੋਂ ਕੀਤਾ ਵਿਵਹਾਰ ਉਸ ਨੂੰ ਉਸ ਨਾ ਗੱਲ ਕਰਨ ਤੋਂ ਵਰਜ ਰਿਹਾ ਸੀ। ਓਧਰ ਰਾਜੂ ਨੂੰ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਲੋਂ ਵਧਾਈਆਂ ਦਿਤੀਆਂ ਜਾ ਰਹੀਆਂ ਸਨ। ਜੀਤ ਦੇ ਪੈਰ ਧਰਤੀ ਤੇ ਨਹੀਂ ਲੱਗ ਰਹੇ ਸੀ।

ਰਾਜੂ ਨੂੰ ਹੁਣ ਇੰਟਰਵਿਊ ਦੀ ਉਡੀਕ ਸੀ। ਪੜ੍ਹਾਈ ਦੀ ਤਾਂ ਆਖਰੀ ਛਿਮਾਹੀ

ਚਲ ਰਹੀ ਸੀ ਉਸ ਦਾ ਰਾਜੂ ਨੂੰ ਕੋਈ ਫਿਕਰ ਨਹੀਂ ਸੀ। ਫਿਰ ਵੀ ਉਹ ਅਵੇਸਲਾ ਨਹੀਂ ਹੋਇਆ ਸੀ। ਸਿਰ ਤੋੜ ਮਿਹਨਤ ਕਰ ਰਿਹਾ ਸੀ।

ਆਖਿਰ ਉਡੀਕ ਖਤਮ ਹੋਈ ਇੰਟਰਵਿਊ ਦੀ ਮਿਤੀ ਮਿਲ ਗਈ। ਉਸ ਨੇ ਇਸ ਬਾਰੇ ਕੇਵਲ ਜੀਤ ਨੂੰ ਹੀ ਦੱਸਿਆ। ਦੋ ਚਾਰ ਦਿਨ ਦੀ ਛੁਟੀ ਲੈ ਇੰਟਰਵਿਊ ਦੇਣ ਲਈ ਗਿਆ ਹੋਇਆ ਸੀ। ਜੀਤ ਤਾਂ ਰੋਜ਼ ਹੀ ਕਾਲਿਜ ਆਇਆ ਕਰਦੀ ਸੀ। ਇਕ ਦਿਨ ਜੀਤ ਨੂੰ ਇਕੱਲਿਆਂ ਦੇਖ ਮਿੰਦੀ ਉਸ ਨੂੰ ਮਿਲਣ ਲਈ ਨੇੜੇ ਹੋਈ। ਜੀਤ ਨੂੰ ਪਤਾ ਨਹੀਂ ਸੀ ਉਹ ਆਪਣੇ ਖਿਆਲ ਵਿਚ ਅੱਗੇ ਵੱਧ ਗਈ। ਮਿੰਦੀ ਨੇ ਜੀਤ ਨੂੰ ਆਵਾਜ਼ ਦਿੱਤੀ। ਆਵਾਜ਼ ਸੁਣ ਜੀਤ ਰੁਕ ਗਈ। ਮਿੰਦੀ ਨੂੰ ਸਮਝ ਨਹੀਂ ਆ ਰਿਹਾ ਸੀ ਗੱਲ ਕਿਥੋਂ ਸ਼ੁਰੂ ਕਰੇ। ਅਖੀਰ ਹੌਸਲੇ ਨਾਲ ਉਸ ਨੇ ਜੀਤ ਨੂੰ ਵਧਾਈ ਦਿਤੀ। ਜੀਤ ਉਸ ਨੂੰ ਆਪਣੇ ਨਾਲ ਕੰਟੀਨ ਵਿਚ ਲੈ ਗਈ। ਉਥੇ ਉਨ੍ਹਾਂ ਨੇ ਚਾਹ ਤੇ ਮਿੱਠਿਆਈ ਦਾ ਆਰਡਰ ਦਿੱਤੋ ਤੇ ਗਲੀਂ ਪੈ ਗਈਆਂ। ਮਿੰਦੀ ਆਪਣਾ ਸ਼ੰਕਾ ਨਿਵਿਰਤ ਕਰਨਾ ਚਾਹੁੰਦੀ ਸੀ। ਉਹ ਗੱਲਾਂ ਨੂੰ ਘੁੰਮਾ ਕੇ ਕਰ ਰਹੀ ਸੀ। ਜੀਤ ਨੇ ਗੱਲਾਂ ਗੱਲਾਂ ਵਿਚ ਇਹ ਦੱਸਿਆ ਕਿ ਵੀਰਾ ਰਾਜੂ ਤਾਂ ਇੰਟਰਵਿਊ ਤੇ ਗਿਆ ਹੈ। ਵੀਰਾ ਅੱਖਰ ਸੁਣ ਉਸ ਦੇ ਕੰਨ ਖੜੇ ਹੋ ਗਏ। ਉਸ ਨੇ ਮਨ ਵਿਚ ਸੋਚਿਆ ਕਿ ਲੋਕ ਤਾਂ ਖੰਭਾਂ ਦੀਆਂ ਡਾਰਾਂ ਬਣਾਉਂਦੇ ਹਨ। ਉਸ ਨੂੰ ਜਦੋਂ ਜੀਤ ਦੇ ਮੂੰਹੋਂ ਵਾਰ ਵਾਰ ਰਾਜੂ ਵੀਰੇ, ਰਾਜੂ ਵੀਰੇ ਸੁਣਿਆ ਤਾਂ ਉਸ ਨੇ ਪੁੱਛਿਆ ਕਿ ਰਾਜੂ ਤਾਂ ਸਾਡੇ ਪਿੰਡ ਦੇ ਨਾਲ ਦਾ ਹੈ ਤੇਰਾ ਵੀਰ ਕਿਵੇਂ ਹੋਇਆ। ਜੀਤ ਨੇ ਦੱਸਿਆ ਕਿ ਰਾਜੂ ਤਾਂ ਉਸ ਦੀ ਭੂਆ ਦਾ ਲੜਕਾ ਹੈ। ਉਸ ਦੇ ਫੁਫੜ ਜੀ ਵਾਹੀ ਕਰਦੇ ਹਨ ਅਤੇ ਮਾਤਾ ਘਰ ਦਾ ਕੰਮ ਕਰਦੀ ਹੈ ਅਤੇ ਖੇਤੀ ਵਿਚ ਫੁਫੜ ਜੀ ਦੀ ਮਦਦ ਕਰਦੀ ਹੈ। ਜਦੋਂ ਵੀਰਾ ਪੜ੍ਹਾਈ ਕਰ ਵਾਪਸ ਜਾਵੇਗਾ ਉਸ ਦਾ ਵਿਆਹ ਰੱਖਣਗੇ। ਅਸੀਂ ਸਾਰੇ ਵਿਆਹ ਤੇ ਜਾਵਾਂਗੇ।

ਮਿੰਦੀ ਬੋਲੀ ਮੇਰੇ ਵਲੋਂ ਵੀਰੇ ਨੂੰ ਵਧਾਈ ਦੇਵੀਂ। ਜੀਤ ਕਹਿਣ ਲੱਗੀ ਤੂੰ ਵੀ ਦੇ ਦੇਵੀਂ ਉਹ ਤਾਂ ਤੇਰਾ ਜਮਾਤੀ ਹੈ। ਇਹ ਸੁਣ ਮਿੰਦੀ ਚੁੱਪ ਹੋ ਗਈ ਅਤੇ ਦੋਵੇਂ ਇਕ ਦੂਸਰੀ ਤੋਂ ਵੱਖ ਹੋ ਆਪਣੀ ਆਪਣੀ ਕਲਾਸ ਵਲ ਚਲੀਆਂ ਗਈਆਂ।

ਜਦੋਂ ਰਾਜੂ ਇੰਟਰਵਿਊ ਤੋਂ ਵਾਪਸ ਘਰ ਪੁਜਾ ਤਾਂ ਜੀਤ ਨੇ ਉਸ ਨੂੰ ਮਿੰਦੀ ਨਾਲ ਮੇਲ ਹੋਣ ਬਾਰੇ ਦੱਸਿਆ। ਰਾਜੂ ਨੇ ਚੁੱਪਚਾਪ ਸਾਰਾ ਕੁਝ ਸੁਣ ਲਿਆ ਪਰ ਕੁਝ ਨਾ ਬੋਲਿਆ।

ਅਗਲੇ ਦਿਨ ਸਮੈਸਟਰ ਦੇ ਇਮਿਤਿਹਾਨ ਸ਼ੁਰੂ ਸਨ। ਆਖਰੀ ਸਮੈਸਟਰ ਦੇ ਇਮਿਤਿਹਾਨ ਖਤਮ ਹੋਏ ਤੇ ਸਾਰੇ ਆਪੋ ਆਪਣੇ ਘਰ ਚਲੇ ਗਏ। ਮਿੰਦੀ ਨੇ ਆਪਣੇ ਮਾਪਿਆਂ ਨੂੰ ਦੱਸਿਆ ਕੇ ਮੇਰਾ ਜਮਾਤੀ ਆਈ.ਏ.ਐਸ. ਵਿਚੋਂ ਪਾਸ ਹੋ ਗਿਆ ਹੈ ਤੇ ਇੰਟਰਵਿਊ ਦੇ ਆਇਆ ਹੈ ਉਸ ਨੂੰ ਨਤੀਜੇ ਦੀ ਉਡੀਕ ਹੈ। ਉਸ ਦੇ ਮਾਪੇ ਭਾਵੇਂ ਉਸ ਦੇ ਘਰ ਜਾ ਆਏ ਸਨ ਪਰ ਉਨ੍ਹਾਂ ਨੇ ਮਿੰਦੀ ਨੂੰ ਨਾ ਦੱਸਿਆ ਅਤੇ ਕਹਿਣ ਲੱਗੇ ਜੇ ਤੇਰੇ ਵਿਆਹ ਦੀ ਗੱਲ ਉਥੇ ਕਰੀਏ ਤਾਂ ਤੈਨੂੰ ਕਿਵੇਂ ਲੱਗੇਗਾ।

ਮਿੰਦੀ ਦੇ ਮਨ ਵਿਚ ਪਹਿਲਾਂ ਹੀ ਲੱਡੂ ਭੁਰ ਰਹੇ ਸਨ। ਪਰ ਉਸ ਨੇ ਅੱਖਾਂ ਨੀਵੀਆਂ ਕਰ ਲਈਆਂ ਤੇ ਕਿਹਾ ਕਿ ਮੈਂ ਕੀ ਕਹਿਣਾ ਹੈ ਜਿਵੇਂ ਤੁਹਾਡੀ ਮਰਜ਼ੀ ਹੈ ਕਰ ਲਵੋ।

ਮਿੰਦੀ ਦੇ ਮਾਪਿਆਂ ਨੇ ਇਸ ਨੂੰ ਉਸ ਦੀ ਹਾਂ ਜਾਣਿਆ ਅਤੇ ਰਾਜੂ ਦੇ ਮਾਪਿਆਂ ਨੂੰ ਘਰ ਚਾਹ ਤੇ ਬੁਲਾ ਲਿਆ ਅਤੇ ਨਾਲ ਕਿਹਾ ਕੇ ਰਾਜੂ ਨੂੰ ਵੀ ਨਾਲ ਲਈ ਆਉਣਾ ਉਹ ਘਰ ਵਿਚ ਇਕੱਲਾ ਕੀ ਕਰੇਗਾ। ਅਗਲੇ ਐਤਵਾਰ ਦਾ ਦਿਨ ਮਿੱਥ ਲਿਆ ਗਿਆ। ਰਾਜੂ ਨੂੰ ਤਾਂ ਆਪਣੇ ਨਤੀਜੇ ਦੀ ਉਡੀਕ ਸੀ। ਉਸ ਦਾ ਹੋਰ ਕਿਸੇ ਪਾਸੇ ਵਲ ਕੋਈ ਧਿਆਨ ਹੀ ਨਹੀਂ ਸੀ। ਜਦੋਂ ਰਾਜੂ ਦੀ ਮਾਂ ਨੇ ਉਸ ਨੂੰ ਇਸ ਚਾਹ ਪ੍ਰੋਗਰਾਮ ਬਾਰੇ ਦੱਸਿਆ ਉਸ ਨੇ ਹਾਮੀ ਭਰ ਦਿੱਤੀ। ਅਗਲੇ ਦਿਨ ਘਰ ਇਕ ਚਿਠੀ ਆ ਗਈ ਜਿਸ ਨੇ ਸਾਰਾ ਮਹੌਲ ਹੀ ਬਦਲ ਦਿੱਤਾ। ਇਸ ਚਿਠੀ ਵਿਚ ਰਾਜੂ ਦਾ ਨਤੀਜਾ ਸੀ। ਉਸ ਨੂੰ ਪੜ੍ਹ ਕੇ ਸਾਰੇ ਘਰ ਵਿਚ ਖੁਸ਼ੀ ਵਰਤ ਗਈ। ਪਿੰਡ ਦੇ ਅੰਦਰ ਲੱਡੂ ਵੰਡੇ ਗਏ। ਇਕ ਖਾਸ ਆਦਮੀ ਜੀਤ ਦੇ ਘਰ ਲੱਡੂ ਦੇ ਕੇ ਭੇਜਿਆ ਗਿਆ। ਜੀਤ ਸਮੇਤ ਪਰਿਵਾਰ ਉਨ੍ਹਾਂ ਘਰ ਪੁੱਜ ਗਈ ਖੁਸ਼ੀਆਂ ਵਿਚ ਵਾਧਾ ਗਿਆ। ਰਾਜੂ ਭੈਣ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਉਸ ਨੇ ਮਾਂ ਨੂੰ ਆਖ ਜੀਤ ਨੂੰ ਵੀ ਨਾਲ ਚਾਹ ਤੇ ਜਾਣ ਲਈ ਤਿਆਰ ਕਰ ਲਿਆ।

ਐਤਵਾਰ ਨੂੰ ਜਦੋਂ ਉਹ ਚਾਹ ਤੇ ਪੁਜੇ ਤਾਂ ਉਨ੍ਹਾਂ ਨੂੰ ਇੰਟਰਵਿਊ ਦੇ ਨਤੀਜੇ ਬਾਰੇ ਦੱਸਿਆ ਤਾਂ ਉਹ ਪੂਰੇ ਖੁਸ਼ ਹੋਏ। ਹਾਲੇ ਗੱਲਾਂ ਕਰ ਹੀ ਰਹੇ ਸਨ ਕਿ ਮਿੰਦੀ ਚਾਹ ਦੀ ਟਰੇਅ ਲੈ  ਕੇ ਆ ਗਈ। ਉਥੇ ਰਾਜੂ ਨੂੰ ਦੇਖ ਉਹ ਇਕ ਵਾਰ ਤਾਂ ਘਬਰਾ ਗਈ ਕਿਓਂ ਜੋ ਉਸ ਨੂੰ ਆਪਣੇ ਪਹਿਲਾਂ ਦੇ ਵਤੀਰੇ ਤੋਂ ਮਨ ਹੀ ਮਨ ਦੁਖੀ ਸੀ। ਮਿੰਦੀ ਜੀਤ ਨਾਲ ਗਲੀਂ ਲੱਗ ਗਈ। ਜਦੋਂ ਦੋਵਾਂ ਧਿਰਾਂ ਵਲੋਂ ਉਨ੍ਹਾਂ ਦੋਵਾਂ ਨੂੰ ਇਕੱਲੇ ਮਿਲ ਬੈਠਣ ਦਾ ਸਮਾਂ ਦਿੱਤਾ ਗਿਆ ਤਾਂ ਸਭ ਤੋਂ ਪਹਿਲਾਂ ਮਿੰਦੀ ਨੇ ਆਪਣੇ ਪਹਿਲੇ ਵਰਤਾਵ ਲਈ ਖਿਮਾਂ ਮੰਗੀ ਕਿ ਕਾਲਿਜ ਵਿਚ ਤੁਹਾਡੇ ਤੇ ਜੀਤ ਬਾਰੇ ਬਹੁਤ ਹੀ ਮਾੜੀਆਂ ਗੱਲਾਂ ਆਖੀਆਂ ਜਾਂਦੀਆਂ ਸਨ ਅਤੇ ਜਦੋਂ ਦਾ ਜੀਤ ਨੇ ਦੱਸਿਆ ਹੈ ਕਿ ਤੁਸੀਂ ਉਸ ਦੇ ਭਰਾ ਲੱਗਦੇ ਹੋ। ਮੈਨੂੰ ਆਪਣੇ ਵਰਤਾਰੇ ਤੇ ਬਹੁਤ ਪਛਤਾਵਾ ਹੋਇਆ ਸੀ। ਉਸ ਦਿਨ ਤੋਂ ਮੈਂ ਤੁਹਾਥੋਂ ਮੁਆਫੀ ਮੰਗਣ ਲਈ ਉਤਾਵਲੀ ਸੀ ਪਰ ਸਮੇਂ ਨੇ ਸਮਾਂ ਨਹੀਂ ਦਿੱਤਾ। ਅੱਜ ਸਮਾਂ ਮਿਲਿਆ ਹੈ ਪਹਿਲਾਂ ਮੈਨੂੰ ਮੁਆਫ ਕਰੋ ਅਗਲੀ ਗੱਲ ਫੇਰ ਕਰਾਂਗੀ।

ਰਾਜੂ ਕਹਿਣ ਲੱਗਾ ਇਤਨਾ ਪੱਕਾ ਕਰਨ ਦੀ ਕੀ ਲੋੜ ਹੈ। ਮੈਂ ਤਾਂ ਤੇਰਾ ਧੰਨਵਾਦ ਕਰਨਾ ਹੈ ਕਿ ਤੂੰ ਮੈਨੂੰ ਹਲੂਣਾ ਦਿੱਤਾ ਤਾਂ ਮੈਂ ਆਪਣਾ ਧਿਆਨ ਪੜ੍ਹਾਈ ਵਲ ਦਿੱਤਾ। ਉਸ ਦਾ ਨਤੀਜਾ ਖੁਸ਼ੀਆਂ ਵਿਚ ਤਬਦੀਲ ਹੋ ਸਕਿਆ। ਮੈਂ ਤਾਂ ਉਸ ਦਿਨ ਹੀ ਤੈਨੂੰ ਮੁਆਫ ਕਰ ਦਿੱਤਾ ਸੀ ਕਿ ਇਹ ਲੜਕੀ ਨੂੰ ਭੁਲੇਖਾ ਲੱਗਾ ਹੈ ਅਤੇ ਇਸ ਦਾ ਇਲਾਜ ਸਮੇਂ ਕੋਲ ਹੀ ਹੈ। ਹੁਣ ਸਮਾਂ ਆ ਹੀ ਗਿਆ ਹੈ। ਇਹ ਗੱਲਾਂ ਕਰਦੇ ਹੋਏ ਉਹ ਇਤਨੀ ਉੱਚੀ ਉੱਚੀ ਹੱਸਣ ਲੱਗੇ ਤੇ ਭੁੱਲ ਗਏ ਕਿ ਉਹ ਕਾਲਿਜ ਦੀ ਕੰਟੀਨ ਵਿਚ ਨਹੀਂ ਘਰ ਵਿਚ ਮਾਪਿਆਂ ਦੀ ਹਾਜ਼ਰੀ ਵਿਚ ਮਿਲ

ਰਹੇ ਹਨ। ਜਦੋਂ ਉਹ ਹਸਦੇ ਹੋਏ ਬਾਹਰ ਨਿਕਲੇ ਤਾਂ ਕਿਸੇ ਨੂੰ ਵੀ ਉਨ੍ਹਾਂ ਤੋਂ ਕੁਝ ਪੁੱਛਣ ਦੀ ਲੋੜ ਨਹੀਂ ਸੀ। ਜੀਤ ਨੇ ਭੱਜ ਕੇ ਮਿੰਦੀ ਨੂੰ ਜੱਫੀ ਪਾ ਲਈ ਤੇ ਬੋਲੀ, "ਭਾਬੀ ਜੀ ਤੁਸੀਂ ਤਾਂ ਹਸਦੇ ਹੋਏ ਬਹੁਤ ਹੀ ਸੋਹਣੇ ਲੱਗਦੇ ਹੋ।" ਮਾਪਿਆਂ ਨੇ ਇਹ ਸੁਣ ਕੇ ਇੱਕ ਦੂਸਰੇ ਨੂੰ ਵਧਾਈਆਂ ਦਿੱਤੀਆਂ। ਫਿਰ ਉਹ ਅਗਲੇ ਪ੍ਰੋਗਰਾਮ ਬਣਾਉਣ ਵਿਚ ਰੁਝ ਗਏ।

ਜਦੋਂ ਰਾਜੂ ਤੇ ਪਰਿਵਾਰ ਘਰ ਵਾਪਿਸ ਆ ਰਿਹਾ ਸੀ ਤਾਂ ਰਾਜੂ ਦੇ ਬਾਪ ਨੇ ਆਖਿਆ, "ਲਗਦਾ ਹੈ ਹੁਣ ਤਾਂ ਮੇਰਾ ਸੁਪਨਾ ਪੂਰਾ ਹੋਣ ਦਾ ਸਮਾਂ ਨੇੜੇ ਆਣ ਢੁਕਿਆ ਹੈ।" ਗੱਲਾਂ ਕਰਦੇ ਕਰਦੇ ਹੋਏ ਉਹ ਘਰ ਪੁੱਜ ਗਏ।

# ਕੰਡਿਆਲੀ ਤਾਰ

ਧਰਤੀ ਤੇ ਡਿੱਗੇ ਬਹੁਤ ਸਾਰੇ ਪੱਤੇ ਸਾਡੇ ਅੱਗੇ ਸੜਕ ਉਪਰ ਭਟਕਦੇ ਰਹਿੰਦੇ ਸਨ ਅਤੇ ਚਟਾਨਾਂ ਦੇ ਆਸ ਪਾਸ ਬਹੁਤ ਸਾਰੇ ਸੁੱਕੇ ਤੇ ਭੂਰੇ ਹੋਏ ਪੱਤੇ ਖਿਲਰੇ ਹੋਏ ਸਨ। ਕਦੇ ਕਦੇ ਸਾਡੇ ਬੈਠਿਆਂ ਤੋਂ ਰੁੱਖਾਂ ਤੋਂ ਬੇਸਹਾਰੇ ਪਰਿੰਦਿਆਂ ਵਾਂਗਰਾਂ ਸਾਡੇ ਉਪਰ ਤੇ ਇਧਰ ਉਧਰ ਡਿਗਦੇ ਹੀ ਰਿਹਾ ਕਰਦੇ ਸਨ। ਜਦੋਂ ਮੈਂ ਉਨ੍ਹਾਂ ਪੱਤਿਆਂ ਨੂੰ ਕਰੀਬ ਤੋਂ ਤੱਕਿਆ ਕਰਦੀ ਸਾਂ, ਭੂਰੇ ਰੰਗ ਦੇ ਪੱਤਿਆਂ ਵਿਚੋਂ ਕਈ ਰੰਗ ਝਾਤੀ ਮਾਰ ਆਪਣਾ ਪ੍ਰਗਟਾ ਕਰ ਰਹੇ ਹੁੰਦੇ। ਕਈ ਪੱਤੇ ਤਾਂ ਮਰ ਕੇ ਵੀ ਖੜਕਾ ਬਿਲਕੁਲ ਵੀ ਨਹੀਂ ਕਰਦੇ ਸਗੋਂ ਆਪਣੇ ਅੰਦਰਲੀ ਲਚਕ ਨੂੰ ਵੀ ਸਾਂਭੀ ਰੱਖਦੇ ਹਨ। ਇਸ ਜ਼ਿੰਦਗੀ ਦੇ ਅੰਦਰ ਕਈ ਕਈ ਮੌਕੇ ਅਜਿਹੇ ਵੀ ਆਉਂਦੇ ਹਨ ਜੋ ਆਪਣੇ ਸ਼ੋਖ ਰੰਗਾਂ ਨੂੰ ਸਾਲਾਂ ਮਗਰੋਂ ਵੀ ਯਾਦਾਂ ਵਿਚ ਆ ਪ੍ਰਗਟ ਹੋਇਆ ਕਰਦੇ ਹਨ। ਕਈ ਵਾਰ ਉਹ ਲਮਹੇ ਤਿੱਖੀ ਕਟਾਰ ਬਣ ਵਿਚਕਾਰਲੇ ਗੁਜ਼ਰੇ ਸਮੇਂ ਨੂੰ ਕੱਟਦੇ ਹੋਏ, ਸਾਲਾਂ ਬੱਧੀ ਪੁਰਾਣੀ, ਨਵੀਂ ਨਕੋਰ ਚਮਕ ਮਾਰਦੀ ਹੋਂਦ ਨੂੰ ਬਿਲਕੁਲ ਤੁਹਾਡੇ ਸਾਹਮਣੇ ਲਿਆ ਪਰੋਸਦੇ ਹਨ ਅਤੇ ਤੁਸੀਂ ਉਨ੍ਹਾਂ ਨੂੰ ਦੇਖ ਕੇ ਹੱਸਦੇ ਹੋਏ ਪੁੱਛਦੇ ਹੋ, "ਵਾਹ ਬਈ ਵਾਹ! ਤੁਸੀਂ ਹੁਣ ਕਿਥੋਂ ਆਏ ਹੋ ?" ਉਹ ਤੁਹਾਨੂੰ ਮੁਸਕਰਾ ਕੇ ਦੱਸਦੇ ਹਨ ਕਿ ਅਸੀਂ ਤਾਂ ਕਿਤੇ ਵੀ ਗਏ ਨਹੀਂ ਸਾਂ, ਤੇਰੇ ਆਲੇ ਦੁਆਲੇ ਹੀ ਗੇੜੇ ਕੱਢਦੇ ਰਹੇ ਹਾਂ! ਤੁਸੀਂ ਸਾਨੂੰ ਭੁੱਲ ਗਏ ਜਾਪਦੇ ਹੋ। ਪਤਝੜ ਦੇ ਦਿਨ ਦੂਰ ਰਹਿ ਗਏ ਸੀ, ਜਿਸ ਦੀ ਅਜੀਬ ਜਿਹੀ ਖੁਸ਼ਬੂ ਹੋਇਆ ਕਰਦੀ ਸੀ ਉਹ ਖੁਸ਼ਬੂ ਚੰਗੇ ਭਲੇ ਬੰਦੇ ਨੂੰ ਪਾਗਲ ਕਰਨ ਵਾਲੀ ਖੁਸ਼ਬੂ।

ਪਤਝੜ ਦੇ ਸਮੇਂ ਕਈ ਕਈ ਦਰਖਤ ਤਾਂ ਬਿਲਕੁਲ ਹੀ ਰੁੰਡ-ਮਰੁੰਡ ਹੋ ਜਾਂਦੇ ਹਨ। ਪ੍ਰੰਤੂ ਕਈ ਕਈ ਰੁੱਖਾਂ ਉਪਰ ਇਸ ਦਾ ਭੋਰਾ ਜਿੰਨਾ ਵੀ ਅਸਰ ਨਹੀਂ ਹੁੰਦਾ। ਖਾਲੀ ਖਾਲੀ ਟਹਿਣੀਆਂ ਵਾਲੇ ਰੁੱਖਾਂ ਦੇ ਜੰਗਲ ਅੰਦਰ ਇਹ ਮੀਨਾਰ ਜਿਹੇ ਰੁੱਖ ਪਤਲੀ ਜਿਹੀ ਹਵਾ ਨਾਲ ਹੌਲੇ-ਹੌਲੇ ਕੰਬਦੇ ਰਹਿੰਦੇ ਹਨ। ਇਹ ਇਕ ਅਜੀਬ ਹੀ ਵਰਤਾਰਾ ਹੈ।

ਮੈਨੂੰ ਜਾਪਦਾ ਹੈ ਕਿ ਪਾਲੀ ਦੇ ਨਾਲ ਮਿਲਾਪ ਹੋਣ ਤੋਂ ਪਹਿਲਾਂ ਵੀ ਪਤਝੜ ਤਾਂ ਆਉਂਦੀ ਹੋਵੇਗੀ ਧੁੱਪਾਂ ਵੀ ਚੜ੍ਹਦੀਆਂ ਹੋਣਗੀਆਂ, ਬਹਾਰ ਵੀ ਹਾਸਾ ਬਖੇਰਦੀ ਹੋਵੇਗੀ, ਪੱਤੇ ਹਵਾ ਵਿਚ ਕੰਬਦੇ ਹੋਣਗੇ, ਪੰਛੀ ਵੀ ਮਧੁਰ ਅਵਾਜ਼ਾਂ ਕੱਢਦੇ ਹੋਣਗੇ, ਇਥੋਂ ਤਕ ਕੇ ਘਾਹ ਦੀਆਂ ਨਿੱਕੀਆਂ ਨਿੱਕੀਆਂ ਤਿੜਾਂ ਵੀ ਨਿੰਮਾ ਨਿੰਮਾ ਮੁਸਕਰਾਂਦੀਆਂ ਹੋਣਗੀਆਂ, ਬਦਲ ਵੀ ਛਮ-ਛਮ ਵਰਸਦੇ ਹੋਣਗੇ। ਪ੍ਰੰਤੂ ਮੇਰਾ ਕਦੇ ਵੀ ਧਿਆਨ ਇਨ੍ਹਾਂ ਕੁਦਰਤ ਦੀਆਂ ਕਲਾਵਾਂ ਨੇ ਨਹੀਂ ਖਿਚਿਆ ਸੀ। ਮੈਂ ਤਾਂ ਇਸ

ਭੂਰੀ ਧਰਤੀ ਤੇ ਨੀਲੇ ਅਸਮਾਨ ਵਿਚਾਲੇ ਕੁਝ ਵਚਿੱਤਰ ਨਹੀਂ ਡਿਠਾ ਸੀ।

ਸੱਚ ਜਾਣਿਓ ਜਦੋਂ ਮੈਂ ਭੂਰੇ ਹੋਏ ਪੱਤਿਆਂ ਨੂੰ ਦਰਖਤਾਂ ਨਾਲੋਂ ਟੁੱਟ ਕੇ ਧਰਤੀ ਵਲ ਆਉਂਦਿਆਂ ਦੇਖਿਆ ਸੀ ਅਤੇ ਤਿਤਲੀਆਂ ਨੂੰ ਹਵਾ ਵਿਚ ਉਡਦਿਆਂ ਦੇਖਿਆ ਸੀ, ਮੈਨੂੰ ਇਹ ਅਜੀਬ ਹੀ ਜਾਪਿਆ ਸੀ ਤਾਂ ਮੇਰਾ ਮਿੱਠੜਾ ਯਾਰ ਮੇਰੇ ਸੰਗ ਸੀ। ਮੈਨੂੰ ਕਦੇ ਕਦੇ ਨੀਲੇ ਅਸਮਾਨ ਦੇ ਤਿੱਖੇ ਤੇਵਰ ਮਹਿਸੂਸ ਹੋਏ ਸਨ ਤਾਂ ਵੀ ਪਾਲੀ ਮੇਰੇ ਨਾਲ ਹੀ ਸੀ। ਮੀਂਹ ਪੈਣ ਸਮੇਂ ਹੋਈ ਗਿੱਲੀ ਮਿੱਟੀ ਦੀ ਅਜਬ ਖੁਸ਼ਬੋਈ ਦਾ ਅਸਲ ਪਤਾ ਮੈਨੂੰ ਉਸ ਦੇ ਸੰਗ ਹੀ ਹੋਇਆ ਸੀ। ਮੈਂ ਉਡਦੀਆਂ ਚਿੜੀਆਂ ਦੀਆਂ ਕਲੋਲਾਂ ਨੂੰ ਉਸ ਦੇ ਸਾਥ ਵਿਚ ਹੀ ਮਾਣਿਆ ਸੀ ਉਸ ਦੇ ਸਾਥ ਵਿਚ ਹੀ ਪੰਛੀਆਂ ਦੇ ਇਸ਼ਕ ਨੂੰ ਮਹਿਸੂਸ ਕੀਤਾ ਸੀ। ਜਿਨ੍ਹਾਂ ਪੱਥਰਾਂ ਉਪਰ ਉਸ ਦੇ ਨਾਲ ਮੈਂ ਜੁੜ ਬੈਠੀ ਸਾਂ ਉਹ ਤੇ ਇੱਕ ਪੁਰਾਣਾ ਖੰਡਰ ਸੀ ਅਤੇ ਇੰਜ ਹੀ ਲੱਗਦਾ ਸੀ ਕਿ ਇਹ ਪੱਥਰ ਹੁਣੇ ਭੁਰ ਜਾਣਗੇ ਤੇ ਅਸੀਂ ਦੂਰ ਕਿਸੇ ਖੱਡ ਵਿਚ ਜਾ ਮਿਲਾਂਗੇ। ਪਰ ਅਜਿਹਾ ਨਹੀਂ ਸੀ ਨੇੜੇ ਜਾ ਕੇ ਪਤਾ ਲੱਗਾ ਕਿ ਇਹ ਤਾਂ ਬਹੁਤ ਹੀ ਮਜ਼ਬੂਤ ਹਨ। ਇਹਨਾਂ ਦਾ ਰੰਗ ਗਾੜ੍ਹਾ ਨਹੀਂ ਲਗਦਾ ਸੀ ਸਗੋਂ ਨੇੜਿਉਂ ਤੱਕਿਆਂ ਹਲਕਾ ਹੀ ਲੱਗਦਾ ਸੀ। ਜਿਵੇਂ ਜਿਵੇਂ ਸੂਰਜ ਥੱਲੇ ਵਲ ਖਿਸਕਦਾ ਸੀ ਇਹੋ ਹੀ ਰੰਗ ਕਾਲਾ ਜਾਂ ਚਾਕਲੇਟ ਜਿਹਾ ਲੱਗਿਆ ਕਰਦਾ ਸੀ। ਉਸ ਦੇ ਸੰਗ ਵਿਚ ਇਹ ਰੰਗਾਂ ਦਾ ਬਦਲਣਾ ਤੱਕ ਖੂਬ ਹੈਰਾਨੀ ਹੁੰਦੀ ਸੀ। ਵਰਸਦੇ ਮੀਂਹ ਵਿਚ ਆਪਣਾ ਆਪ ਸਾਨੂੰ ਚੰਗਾ ਚੰਗਾ ਲਗਦਾ। ਪਿਆਰ ਦੀ ਪਰਿਭਾਸ਼ਾ ਸਮਝ ਆਉਣ ਲੱਗਦੀ। ਉਸ ਦਾ ਸੰਗ ਮਾਣਨ ਦਾ ਸੁਆਦ ਜਿਹਾ ਆਉਣ ਲੱਗਦਾ। ਮਨ ਕਰਦਾ ਕਿ ਇਥੇ ਮੀਂਹ ਦਾ ਆਨੰਦ ਮਾਣੀ ਹੀ ਜਾਈਏ। ਪਰ ਜੰਗਲੀ ਜਾਨਵਰਾਂ ਦਾ ਖਿਆਲ ਵੀ ਡਰਾਉਣਾ ਲਗਦਾ। ਮੇਰਾ ਪਾਲੀ ਨਾਲ ਸਾਥ ਨਿਭਾਉਣਾ ਮਨ ਨੂੰ ਹੋਰ ਭਾਉਣ ਲੱਗਦਾ ਤੇ ਡਰ ਕਿਤੇ ਦੂਰ ਭੱਜ ਜਾਇਆ ਕਰਦਾ ਸੀ। ਮੈਨੂੰ ਕਦੇ ਕਦੇ ਜਾਪਦਾ ਕਿ ਸਾਡੇ ਤੇ ਇਹ ਕਾਇਨਾਤ ਇਸ ਤਰ੍ਹਾਂ ਹੀ ਮੇਹਰਬਾਨ ਰਹੇਗੀ। ਪ੍ਰੰਤੂ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਇੱਕ ਦਿਨ ਅਸੀਂ ਉਨ੍ਹਾਂ ਬੇਜਾਨ ਪੱਥਰਾਂ ਦੇ ਉਪਰ ਬੈਠੇ ਕਲੋਲਾਂ ਕਰ ਰਹੇ ਸਾਂ ਤਾਂ ਗੱਲਾਂ-ਗੱਲਾਂ ਵਿਚ ਪਾਲੀ ਨੇ ਮੈਨੂੰ ਕਿਹਾ ਕੇ ਚੰਗਾ ਹੋਵੇਗਾ ਜੇ ਅਸੀਂ ਇਕ ਦੂਸਰੇ ਨੂੰ ਚੰਗੀ ਤਰ੍ਹਾਂ ਜਾਣ ਲਈਏ ਤੇ ਫੇਰ ਆਪਣੀ ਜ਼ਿੰਦਗੀ ਨੂੰ ਅੱਗੇ ਵਧਾਈਏ। ਕਚਾ ਪਿਆਰ ਬਿਨਾ ਜਾਣ ਪਛਾਣ ਤੋਂ ਅਧਵਾਟੇ ਰਹਿ ਜਾਂਦਾ ਹੈ। ਮੈਂ ਨਹੀਂ ਚਾਹੁੰਦਾ ਕਿ ਅਜਿਹਾ ਸਮਾਂ ਸਾਡੇ ਉਪਰ ਵੀ ਆਵੇ। ਸਾਨੂੰ ਚਾਹੀਦਾ ਹੈ ਕਿ ਅਸੀਂ ਇਕ ਦੂਸਰੇ ਦੇ ਜੀਵਨ ਨੂੰ ਚੰਗੀ ਤਰ੍ਹਾਂ ਜਾਣ ਲਈਏ ਤੇ ਫੇਰ ਆਪਸੀ ਸਹਿਮਤੀ ਨਾਲ ਅੱਗੇ ਕਦਮ ਵਧਾਏ ਜਾ ਸਕਦੇ ਹਨ। ਸਾਨੂੰ ਆਪਣੇ ਅਗਲੇ ਜੀਵਨ ਦਾ ਫੈਸਲਾ ਛੋਟੀਆਂ-ਛੋਟੀਆਂ ਰੰਗੀਨ ਗੱਲਾਂ ਬਾਤਾਂ ਤੇ ਜੀਭ ਦੀ ਮਿਠਾਸ ਤੇ ਨਹੀਂ ਕਰਨਾ ਚਾਹੀਦਾ। ਇਹ ਵੀ ਯਾਦ ਰੱਖੋ ਕਿ ਸਾਡੇ ਦੁਆਲੇ ਜਾਤ ਪਾਤ ਦੀ ਕੰਡਿਆਲੀ ਤਾਰ ਵੀ ਹੈ ਜਿਸ ਨੂੰ ਲੰਘਣਾ ਅਸਾਨ ਨਹੀਂ ਹੈ ਵੱਡੇ ਜਿਗਰੇ ਦੀ ਲੋੜ

ਹੈ। ਜ਼ਮਾਨਾ ਬਹੁਤ ਹੀ ਜ਼ਾਲਿਮ ਹੈ ਉਹ ਗਰੀਬੀ ਅਮੀਰੀ, ਰੁਤਬੇ ਦੇ ਫਰਕ, ਦੀਆਂ ਉੱਚੀਆਂ ਉਚੀਆਂ ਕੰਧਾਂ ਨੂੰ ਪਾਰ ਨਹੀਂ ਕਰਨ ਦਿੰਦਾ ਤੇ ਹਰ ਪਿਆਰ ਕਰਨ ਵਾਲੇ ਨੂੰ ਆਪਣੀ ਸੌੜੀ ਸੋਚ ਅੰਦਰ ਬੰਨ ਕੇ ਰੱਖਣ ਦਾ ਸ਼ੌਕੀਨ ਹੈ। ਉਹ ਦੋ ਦਿਲਾਂ ਦੇ ਮੇਲ ਨੂੰ ਬਰਦਾਸਤ ਨਹੀਂ ਕਰਦਾ। ਅਜੇਹੀ ਹਾਲਤ ਵਿਚ ਸਾਨੂੰ ਕੰਡਿਆਂ ਵਿਚੋਂ ਵੀ ਲੰਘਣਾ ਪੈ ਸਕਦਾ ਹੈ। ਸਾਨੂੰ ਆਪਣੇ ਆਪ ਨੂੰ ਸੰਭਾਲਣ  ਦੀ ਲੋੜ ਹੈ। ਆਪਣੇ ਮਨ ਅੰਦਰ ਫੈਸਲਾ ਕਰਨ ਦੀ ਜਰੂਰਤ ਹੈ ਕਿ ਕੀ ਅਸੀਂ ਇਨ੍ਹਾਂ ਔਕੜਾਂ ਨੂੰ ਪਾਰ ਕਰਨ ਦੇ ਸਮਰੱਥ ਆਪਣੇ ਆਪ ਨੂੰ ਬਣਾ ਸਕਦੇ ਹਾਂ। ਜੇ ਅਜਿਹਾ ਹੈ ਤਾਂ ਹੀ ਇਹ ਸੰਭਵ ਹੈ ਕਿ ਅਸੀਂ ਖੁਸ਼ੀਆਂ ਮਾਣ ਸਕਾਂਗੇ ਵਰਨਾ ਦੁਖੀ ਜ਼ਿੰਦਗੀ ਹੀ ਪੱਲੇ ਪਵੇਗੀ।

ਅੱਖਾਂ ਦੀ ਭਾਸ਼ਾ ਤੇ ਦਿਲ ਦੀ ਹਰਕਤ ਅਕਸਰ ਧੋਖਾ ਹੀ ਖਾਂਦੀ ਹੈ ਦੋਨਾਂ ਧਿਰਾਂ ਵਿਚ ਸੋਖੀ ਤੇ ਸ਼ਰਾਰਤ ਹਾਜ਼ਰ ਹੁੰਦੀ ਹੈ। ਸ਼ਰਾਰਤ ਸ਼ੈਤਾਨ ਦਾ ਹੀ ਗੁਣ ਹੈ। ਪਿਆਰ ਦੇ ਬੰਧਨ ਵਿਚ ਬੱਝਣਾ ਜਾਂ ਵਿਆਹ ਦੇ ਹਾਰ ਪਰੋਏ ਜਾਣਾ ਗੁੱਡੇ ਗੁੱਡੀਆਂ ਦਾ ਖੇਲ ਨਹੀਂ ਹੋਇਆ ਕਰਦਾ। ਹਰ ਪਹਿਲੂ ਨੂੰ ਸੋਚ ਸਮਝ ਦੇ ਤਰਾਜ਼ੂ ਵਿਚ ਤੋਲ ਕੇ ਫੈਸਲੇ ਕਰਨੇ ਪੈਂਦੇ ਹਨ। ਦਿਲ ਨੂੰ ਸਮਝਾਉਣਾ ਪੈਂਦਾ ਹੈ। ਕਈ ਵਾਰ ਸਮੇਂ ਨਾਲ ਸਮਝੌਤਾ ਕਰਨਾ ਪੈਂਦਾ ਹੈ। ਆਪਣੇ ਕਦਮ ਪਿਛੇ ਵਲ ਵੀ ਹਟਾਓਣੇ ਪੈਂਦੇ ਹਨ। ਇਸ ਲਈ ਮੈਂ ਪਹਿਲਾਂ ਆਪਣੀ ਜਾਣ ਪਛਾਣ ਕਰਵਾ ਦੇਣੀ ਸਮਝਦਾ  ਹਾਂ।

ਉਸ ਦੀਆਂ ਗੱਲਾਂ ਨੂੰ ਮੈਂ ਸੁਣ ਰਹੀਂ  ਸਾਂ ਤੇ ਮਨ ਹੀ ਮਨ ਸੋਚ ਰਹੀ ਸਾਂ ਕਿ ਮੈਂ ਤਾਂ ਕਦੇ ਇਸ ਤਰ੍ਹਾਂ ਸੋਚਿਆ ਹੀ ਨਹੀਂ ਹੈ ਇਹਨਾਂ ਗੱਲਾਂ ਦੀ ਅਤਿਅੰਤ ਲੋੜ ਹੈ। ਕੇਵਲ ਗੱਲਾਂ ਨਾਲ ਜ਼ਿੰਦਗੀ ਨਹੀਂ ਬੀਤਦੀ ਹੈ ਇਸ ਲਈ ਬਹੁਤ ਸਾਰੇ ਫੈਸਲੇ ਲੈਣੇ ਪੈਂਦੇ ਹਨ। ਪਾਲੀ, ਨਾਂ ਭਾਵੇਂ ਉਸ ਦਾ ਹਰਪਾਲ ਸੀ,  ਨੇ ਦੱਸਣਾ ਸ਼ੁਰੂ ਕੀਤਾ ਕਿ ਮੈਂ ਦਿਲ ਦੀ ਖੇਡ ਖੇਡ ਚੁਕਾਂ ਹਾਂ ਅਤੇ ਇਸ ਲਈ ਹੀ ਮੈਨੂੰ ਪਿਆਰ ਤੋਂ ਨਫਰਤ ਹੈ ਅਤੇ ਤੁਹਾਡੇ ਲਈ ਇਹ ਜਾਣ ਲੈਣਾ ਵੀ ਜ਼ਰੂਰੀ ਹੈ। ਮੈਂ ਆਪਣੇ ਦਿਲ ਅੰਦਰ ਆਪਣੀਆਂ ਸੱਧਰਾਂ ਨੂੰ ਕੈਦ ਕਰ ਜਵਾਨੀ ਵਲ ਕਦਮ ਵਧਾਏ ਹਨ। ਬਚਪਨ ਦੇ ਕਲੋਲ ਤਾਂ ਮੈਨੂੰ ਨਸੀਬ ਹੀ ਨਹੀਂ ਹੋਏ ਹਨ। ਤੋਤਲੀਆਂ ਗੱਲਾਂ ਕਰ ਕੇ ਜ਼ਿੱਦ ਕਰਨ ਦਾ ਮੈਨੂੰ ਇੱਕ ਵੀ ਮੌਕਾ ਨਹੀਂ ਮਿਲਿਆ ਹੈ। ਇਹ ਕਦੇ ਵੀ ਨਹੀਂ ਹੋਇਆ ਕਿ ਮੈਂ ਆਪਣੀਆਂ ਨਿੱਕੀਆਂ ਨਿੱਕੀਆਂ ਬਾਹਾਂ ਮਾਂ ਦੇ ਗੱਲ ਪਾ ਕਦੇ ਉਸ ਨੂੰ ਚੁੰਮਿਆਂ ਹੋਵੇ। ਮੇਰੇ ਨਾਲ ਦੇ ਬੱਚਿਆਂ ਨੂੰ ਮੈਂ ਖੁਸ਼ੀ ਦੇ ਰੰਗ ਵਿਚ ਰੰਗਿਆ ਦੇਖਦਾ ਤਾਂ ਮੇਰੇ ਅੰਦਰੋਂ ਇੱਕ ਚੀਸ  ਉੱਠਦੀ ਸੀ। ਆਪ ਮੁਹਾਰੇ ਅੱਖਾਂ ਸੇਜਲ ਹੋ ਜਾਂਦੀਆਂ ਸਨ ਪ੍ਰੰਤੂ ਆਪਣੀਆਂ ਸਾਰੀਆਂ ਭਾਵਨਾਵਾਂ ਨੂੰ ਆਪਣੇ ਅੰਦਰਲੀ ਜੇਲ ਵਿਚ ਕੈਦ ਕਰੀ ਰੱਖਦਾ ਤੇ ਇੱਕ ਚੰਗਾ ਜੇਲਰ ਬਣਿਆ ਰਿਹਾ ਹਾਂ। ਜਦੋਂ ਥੋੜਾ ਵੱਡਾ ਹੋਇਆ ਤਾਂ ਕੁਝ ਸਮਝ ਆਉਣ ਲੱਗੀ ਕਿ ਮੇਰੇ ਨਾਲ ਮਾਂ ਦਾ ਵਰਤਾਰਾ ਆਪਣੇ ਸੰਗੀਆਂ ਦੀਆਂ ਮਾਂਵਾਂ ਨਾਲੋਂ ਵੱਖਰਾ ਕਿਉਂ ਹੈ। ਇਹ ਵੀ ਸਮਝ ਆ ਗਈ ਕਿ ਮੇਰੀ ਮਾਂ

ਮੈਨੂੰ ਜਨਮ ਦੇਣ ਵਾਲੀ ਮਾਂ ਨਹੀਂ ਹੈ। ਉਹ ਤਾਂ ਮੇਰੇ ਜਨਮ ਤੋਂ ਦੋ ਸਾਲ ਬਾਅਦ ਹੀ ਇਕ ਬਿਮਾਰੀ ਨਾਲ ਸਾਥੋਂ ਸਾਰਿਆਂ ਤੋਂ ਦੂਰ ਜਾ ਬੈਠੀ ਸੀ ਅਤੇ ਉਸ ਥਾਂ ਤੋਂ ਕਦੇ ਕੋਈ ਵਾਪਿਸ ਨਹੀਂ ਆਇਆ ਤੇ ਉਸ ਨੇ ਵੀ ਨਹੀਂ ਮੁੜਨਾ ਸੀ। ਇਹ ਮਾਂ ਤਾਂ ਉਸ ਦੇ ਜਾਣ ਤੋਂ ਬਾਅਦ ਮੇਰਾ ਬਾਪ ਸਹੇੜ ਕੇ ਲਿਆਇਆ ਸੀ। ਉਹ ਆਪਣੇ ਜੰਮੇਂ ਬੱਚਿਆਂ ਦਾ ਖ਼ੂਬ ਧਿਆਨ ਕਰਦੀ ਸੀ ਅਤੇ ਮੇਰੇ ਨਾਲ ਈਰਖਾ ਕਰਦੀ ਸੀ। ਮੈਥੋਂ ਘਰ ਦਾ ਸਾਰਾ ਕੰਮ ਕਰਵਾਉਂਦੀ ਸੀ ਅਤੇ ਖਾਣ ਨੂੰ ਇਤਨਾ ਕੁ ਦਿੰਦੀ ਸੀ ਕਿ ਮੈਂ ਭੁੱਖਾ ਹੀ ਨਾ ਮਰ ਜਾਵਾਂ। ਮੇਰਾ ਬਾਪ ਵੀ ਮਜ਼ਬੂਰ ਸੀ ਕਿਓਂ ਜੋ ਉਸ ਨਾਲ ਵੀ ਕਲੇਸ਼ ਕਰਦੀ ਰਹਿੰਦੀ ਸੀ। ਉਹ ਆਪਣੇ ਦਿਲੋਂ ਚਾਹ ਕੇ ਵੀ ਮੇਰਾ ਧਿਆਨ ਨਹੀਂ ਰੱਖ ਸਕਦਾ ਸੀ। ਇਹ ਸਾਰਾ ਕੁਝ ਸਹਾਰਦਾ ਹੋਇਆ ਮੈਂ ਇਕ ਦਿਨ ਬਗਾਵਤ ਤੇ ਆ ਗਿਆ ਸੀ। ਆਪਣੇ ਬਾਪ ਅੱਗੇ ਮੇਰਾ ਗੁੱਸਾ ਜਵਾਲਾਮੁਖੀ ਦੀ ਤਰ੍ਹਾਂ ਹੀ ਫੱਟ ਗਿਆ ਸੀ। ਇਹ ਦੇਖ ਮੇਰੀ ਮਤਰੇਈ ਮਾਂ ਨੂੰ ਚਾਨਣ ਹੋ ਗਿਆ ਕਿ ਕਦੇ ਚੰਦਨ ਵਿਚੋਂ ਵੀ ਅੱਗ ਦੀਆਂ ਲਾਟਾਂ ਨਿਕਲ ਸਕਦੀਆਂ ਹਨ। ਮੈਂ ਘਰੋਂ ਨਹੀਂ ਨਿਕਲਿਆ ਪ੍ਰੰਤੂ ਮੈਂ ਆਪਣੇ ਹੱਕਾਂ ਦੀ ਮੰਗ ਕੀਤੀ ਉਸ ਸਮੇਂ ਤਕ ਮੈਂ ਬੀ ਏ ਪਾਸ ਕਰ ਲਈ ਸੀ। ਮੇਰਾ ਬਾਪ ਇਸ ਸਚਾਈ ਨੂੰ ਨਾ ਸਹਾਰਦੇ ਹੋਏ ਮੇਰੀ ਅਸਲ ਮਾਂ ਪਾਸ ਚਲਾ ਗਿਆ ਤੇ ਮੈਨੂੰ ਛੱਡ ਗਿਆ ਉਸ ਜਾਬਰ ਜਨਾਨੀ ਕੋਲ ਜੋ ਕਹਿਣ ਨੂੰ ਤਾਂ ਮੇਰੀ ਮਾਂ ਹੀ ਸੀ ਪਰ ਉਸ ਦਾ ਕੋਈ ਵੀ ਕੰਮ ਮੇਰੇ ਪ੍ਰਤੀ ਮਾਂ ਜਿਹਾ ਨਹੀਂ ਸੀ। ਭਾਵੇਂ ਘਰ ਵਿਚੋਂ ਸਾਰਿਆਂ ਤੋਂ ਵੱਡਾ ਸੀ ਮੇਰੇ ਮਤਰੇਏ ਦੋ ਭਰਾ ਅਤੇ ਇੱਕ ਭੈਣ ਸੀ। ਮੇਰੀ ਮਾਂ ਨੂੰ ਇਹ ਬਿਲਕੁਲ ਨਾ ਭਾਇਆ ਕਿ ਮੈਂ ਸਾਰੀਆਂ ਜ਼ਿਮੇਂਵਾਰੀਆਂ ਆਪਣੇ ਸਿਰ ਤੇ ਚੁਕਾਂ। ਕਿਓਂ ਜੋ ਉਸ ਦੀਆਂ ਨਜ਼ਰਾਂ ਵਿਚ ਮੈਂ ਵੇਹਲਾ ਬੇਕਾਰ ਅਤੇ ਅਵਾਰਾ ਲੜਕਾ ਸੀ। ਇਹ ਇੱਕ ਅਟਲ ਸਚਾਈ ਹੈ ਕਿ ਜੇ ਕਰ ਦੋ ਭਾਂਡੇ ਆਪੋ ਵਿਚ ਟਕਰਾਉਂਦੇ ਰਹਿਣ ਤਾਂ ਇੱਕ ਨੇ ਤਾਂ ਟੁਟਣਾ ਹੀ ਹੁੰਦਾ ਹੈ। ਮੇਰੀ ਮਾਂ ਮੇਰੇ ਨਾਲ ਟਕਰਾਉਂਦੀ ਰਹੀ ਅਤੇ ਮੈਂ ਉਸ ਦੀ ਨਫ਼ਰਤ ਅੱਗੇ ਆਪਣੇ ਹਥਿਆਰ ਸੁਟ ਦਿਤੇ ਅਤੇ ਮੈਂ ਇਸ ਘਰ ਨੂੰ ਅਲਵਿਦਾ ਆਖ ਦਿਤੀ ਤੇ ਸੜਕ ਤੇ ਆ ਗਿਆ ਸੀ। ਮੈਂ ਆਪਣੀ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਲੈ ਦਰ ਦਰ ਭਟਕਣ ਲੱਗਾ ਤਾਂ ਜੋ ਕਿਤੇ ਨੌਂਕਰੀ ਦੀ ਭੀਖ ਮਿਲੇ ਤੇ ਮੈਂ ਆਪਣੀ ਰੋਟੀ ਦਾ ਪ੍ਰਬੰਧ ਕਰ ਸਕਾਂ। ਮੁਸੀਬਤ ਦੇ ਮਾਰੇ ਨੇ ਕਿ ਔਕੜਾਂ ਝਲੀਆਂ। ਮਜ਼ਦੂਰੀ ਕੀਤੀ।

ਇੱਕ ਦਿਨ ਮੈਂ ਰੋਜ਼ਾਨਾ ਦੀ ਤਰ੍ਹਾਂ ਮਜ਼ਦੂਰੀ ਲਈ ਨਿਕਲਿਆ ਤਾਂ ਇਕ ਲੜਕੀ ਮਿਲ ਗਈ ਜਿਹੜੀ ਮੇਰੇ ਤੇ ਨਿਗਾਹ ਰੱਖ ਰਹੀ ਸੀ ਅਤੇ ਮੈਨੂੰ ਕੋਈ ਇਲਮ ਨਹੀਂ ਸੀ। ਉਸ ਨੇ ਮੈਨੂੰ ਆਪਣੀ ਫੈਕਟਰੀ ਅੰਦਰ 400 ਰੁਪਏ ਤੇ ਨੌਂਕਰ ਰੱਖ ਲਿਆ। ਮੈਂ ਉਥੇ ਪੂਰੀ ਇਮਾਨਦਾਰੀ ਨਾਲ ਕੰਮ ਕੀਤਾ ਤੇ ਮੇਰੀ ਤਨਖਾਹ ਵਧਾ ਦਿੱਤੀ ਗਈ ਅਤੇ ਮੈਂ 800 ਰੁਪਏ ਮਹੀਨਾ ਲੈਣ ਲੱਗ ਪਿਆ। ਮੈਨੂੰ ਪੜ੍ਹਾਈ ਦਾ ਸ਼ੌਕ ਸੀ ਮੈਂ ਆਪਣੀ ਐਮ ਏ ਪੂਰੀ ਕਰ ਲਈ। ਮੇਰੀ ਮਾਲਕਿਨ ਖੁਸ਼ ਹੋ ਗਈ ਅਤੇ ਉਸ ਨੇ ਮੇਰੀ ਪੀ ਐਚ ਡੀ ਕਰ ਲੈਣ ਵਿਚ ਮਦਦ ਕੀਤੀ। ਸ਼ੀਲਾ, ਪੂਰਾ ਨਾਂ ਉਸ ਦਾ

ਸੁਸ਼ੀਲ ਕੌਰ ਸੀ, ਮੇਰਾ ਪੂਰਾ ਧਿਆਨ ਰੱਖ ਰਹੀ ਸੀ ਕਿ ਵਧੇਰੇ ਕੰਮ ਕਾਰਨ ਮੇਰੀ ਪੜ੍ਹਾਈ ਵਿਚ ਕੋਈ ਵਿਘਨ ਨਾ ਪਵੇ। ਉਹ ਮੇਰੀ ਆਰਥਿਕ ਦਿਸ਼ਾ ਦੇਖ ਮੇਰੀ ਮਦਦ ਕਰ ਰਹੀ ਸੀ ਅਤੇ ਮੈਂ ਉਸ ਦੇ ਅਹਿਸਾਨ ਦੇ ਥੱਲੇ ਆ ਰਿਹਾ ਸੀ ਆਪਣੀ ਪੜ੍ਹਾਈ ਪੂਰੀ ਕਰ ਉਸ ਨੌਕਰੀ ਨੂੰ ਛੱਡਣ ਬਾਰੇ ਸੋਚ ਰਿਹਾ ਸੀ ਤਾਂ ਮੈਂ ਉਸ ਲੜਕੀ ਨਾਲ ਗੱਲ ਕੀਤੀ ਤਾਂ ਮੈਨੂੰ ਉਸ ਨੇ ਦੱਸਿਆ ਕਿ ਨੌਕਰੀ ਨਾ ਛੱਡੋ ਮੈਂ ਆਪਣੇ ਪਿਤਾ ਜੀ ਨਾਲ ਗੱਲ ਕਰਾਂਗੀ। ਉਹ ਇੱਕ ਇਮਾਨਦਾਰ ਅਤੇ ਮੇਹਨਤੀ ਨੌਕਰ ਦੀ ਮਦਦ ਕਰਨ ਬਾਰੇ ਕੁਝ ਸੋਚਣਗੇ।

ਅਗਲੇ ਹੀ ਦਿਨ ਉਸ ਨੇ ਮੇਰੀ ਮੁਲਾਕਾਤ ਆਪਣੇ ਪਿਤਾ ਜੀ ਨਾਲ ਕਰਵਾਈ। ਓਹਨਾ ਦੀਆਂ ਗੱਲਾਂ ਤੋਂ ਸਮਝ ਆਈ ਕੇ ਉਹ ਮੇਰਾ ਵਿਆਹ ਸ਼ੀਲਾ ਨਾਲ ਕਰਨਾ ਲੋਚਦੇ ਸਨ। ਉਨ੍ਹਾਂ ਨੇ ਮੈਥੋਂ ਮੇਰੇ ਪਰਿਵਾਰ ਬਾਰੇ ਪੁੱਛਿਆ ਤਾਂ ਮੈਂ ਸਾਰਾ ਸੱਚ ਉਗਲ ਦਿੱਤੇ ਤੇ ਆਪਣੀ ਨੀਵੀਂ ਜਾਤ ਬਾਰੇ ਵੀ ਦੱਸ ਦਿੱਤਾ। ਇਹ ਸੁਣ ਉਹ ਸੋਚੀਂ ਪੈ ਗਏ। ਉਨ੍ਹਾਂ ਦੀ ਇਕੋ ਇੱਕ ਲੜਕੀ ਸੀ ਅਤੇ ਉਹ ਆਪਣੀ ਇੱਛਾ ਆਪਣੇ ਪਰਿਵਾਰ ਨੂੰ ਦੱਸ ਚੁਕੀ ਸੀ। ਉਸ ਦਿਨ ਦੀ ਮੁਲਾਕਾਤ ਤੋਂ ਬਾਅਦ ਉਨ੍ਹਾਂ ਦਾ ਰਵੱਈਆ ਹਮਦਰਦੀ ਭਰਿਆ ਹੋ ਗਿਆ। ਸ਼ੀਲਾ ਵੀ ਮੇਰੇ ਨਾਲ ਆਪਣਾ ਸਮਾਂ ਵਧੇਰੇ ਬਤੀਤ ਕਰਨ ਲੱਗੀ। ਮੈਨੂੰ ਸਾਰਾ ਕੁਝ ਸਮਝ ਵਿਚ ਆ ਰਿਹਾ ਸੀ ਕਿ ਮੇਰੇ ਉਪਰ ਮਿਹਰਬਾਨੀਆਂ ਦਾ ਕੀ ਕਾਰਨ ਸੀ। ਸ਼ੀਲਾ ਨੇ ਮੈਨੂੰ ਦੱਸਿਆ ਕਿ ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ ਤੇ ਤੁਹਾਨੂੰ ਆਪਣਾ ਜੀਵਨ ਸਾਥੀ ਬਣਾਉਣ ਬਾਰੇ ਸੋਚ ਰਖਿਆ ਹੈ। ਮੇਰੇ ਮਾਂ ਬਾਪ ਨੇ ਤੁਹਾਡੀ ਜਾਤ ਉਪਰ ਸਵਾਲ ਉਠਾਇਆ ਹੈ ਜਿਸ ਨੂੰ ਮੈਂ ਨਕਾਰ ਦਿੱਤਾ ਹੈ ਤੇ ਸਪਸ਼ਟ ਸ਼ਬਦਾਂ ਵਿਚ ਆਖ ਦਿਤਾ ਹੈ ਕਿ ਮੈਂ ਤਾਂ ਸ਼ਾਦੀ ਪਾਲੀ ਨਾਲ ਹੀ ਕਰਨੀ ਹੈ ਜੇ ਨਹੀਂ ਮਨਜ਼ੂਰ ਤਾਂ ਮੇਰਾ ਹਿਸਾ ਮੈਨੂੰ ਦੇ ਦੇਵੋ ਅਸੀਂ ਦੋਵੇਂ ਤੁਹਾਥੋਂ ਵੱਖਰੇ ਹੋ ਆਪਣਾ ਜੀਵਨ ਜਿਉਣ ਲਈ ਤਿਆਰ ਹਾਂ। ਪ੍ਰੰਤੂ ਮੇਰੀ ਮਾਂ ਨੇ ਕਿਹਾ ਕਿ ਕੁਝ ਦਿਨ ਰੁਕ ਜਾਓ ਮੈਂ ਤੇਰੇ ਪਿਤਾ ਜੀ ਨੂੰ ਮੰਨਾ ਲਵਾਂਗੀ ਤੇ ਤੇਰੀਆਂ ਇੱਛਾ ਪੂਰੀ ਕਰਨ ਦਾ ਯਤਨ ਕਰਾਂਗੀ। ਕੁਝ ਦਿਨ ਮੈਂ ਇਸੇ ਥਾਂ ਤੇ ਕੰਮ ਕਰਦਾ ਰਿਹਾ ਤੇ ਸੋਚਦਾ ਰਿਹਾ ਕਿ ਮੈਂ ਠੀਕ ਕਰ ਰਿਹਾ ਹਾਂ ਜਾਂ ਨਹੀਂ। ਇਸੇ ਜਦੋ ਜਹਿਦ ਵਿਚ ਸਾਂ ਕਿ ਲੜਕੀ ਨੇ ਦੱਸਿਆ ਕਿ ਮੇਰੇ ਮਾਪੇ ਆਪਣਾ ਵਿਆਹ ਕਰਨ ਲਈ ਤਿਆਰ ਹਨ ਤੇ ਅਗਲੇ ਮਹੀਨੇ ਦੀ ਕਿਸੇ ਤਰੀਕ ਉਪਰ ਵਿਚਾਰ ਹੋ ਰਿਹਾ ਹੈ। ਜੇ ਕਰ ਤੁਹਾਡੀ ਕੋਈ ਇੱਛਾ ਹੈ ਤਾਂ ਦੱਸ ਦਿਓ। ਮੈਂ ਹਾਮੀ ਭਰ ਦਿਤੀ। ਸਾਰੇ ਜਾਤ ਬੰਧਨ ਤੋੜ ਕੇ ਸਾਡਾ ਵਿਆਹ ਕਰ ਦਿਤਾ ਗਿਆ ਤੇ ਮੈਂ ਇਕ ਨੌਕਰ ਤੋਂ ਮਾਲਕ ਬਣ ਗਿਆ ਸੀ। ਅਸੀਂ ਇਕੱਠੇ ਰਹਿਣ ਲੱਗ ਪਏ। ਇਕ ਦਿਨ ਮੇਰੇ ਦਿਮਾਗ ਵਿਚ ਆਪਣੇ ਭੈਣਾਂ ਭਰਾਵਾਂ ਨੂੰ ਮਿਲਣ ਨੂੰ ਮੰਨ ਆਇਆ ਮੈਂ ਆਪਣੀ ਪਤਨੀ ਨਾਲ ਗੱਲ ਕੀਤੀ ਉਹ ਝਟਪਟ ਉਨ੍ਹਾਂ ਨੂੰ ਮਿਲਣ ਲਈ ਰਾਜ਼ੀ ਹੋ ਗਈ। ਅਸੀਂ ਬਿਨਾ ਦੱਸੇ ਹੀ ਆਪਣੀ ਕਾਰ ਉਪਰ ਡਰਾਈਵਰ ਨਾਲ ਘਰੇ ਚਲੇ ਗਏ। ਜਦੋਂ ਅਸੀਂ ਘੰਟੀ ਵਜਾਈ ਤਾਂ ਮੇਰੀ ਮਤਰੇਈ ਮਾਂ ਨੇ ਦਰਵਾਜ਼ਾ ਖੋਲਿਆ

ਤੇ ਉਹ ਸਾਹਮਣੇ ਮੈਨੂੰ ਦੇਖ ਹੈਰਾਨ ਹੋ ਗਈ। ਉਸ ਨੇ ਸਾਨੂੰ ਅੰਦਰ ਆਉਣ ਲਈ ਨਹੀਂ ਆਖਿਆ ਤੇ ਬਾਹਰੋਂ ਹੀ ਇਸ ਤਰ੍ਹਾਂ ਵਿਹਾਰ ਕੀਤਾ ਜਿਵੇਂ ਮੈਨੂੰ ਪਛਾਣਿਆ ਹੀ ਨਾ ਹੋਵੇ। ਅਸੀਂ ਮਹਿਸੂਸ ਕੀਤਾ ਕਿ ਇਸ ਨੂੰ ਲੱਗਾ ਹੋਵੇਗਾ ਕਿ ਆਪਣੇ ਕਿਸੇ ਨੂੰ ਨਾਲ ਲੈ ਕੇ ਆਪਣਾ ਹਿਸਾ ਲੈਣ ਆ ਗਿਆ ਹੈ। ਅਸੀਂ ਤੁਰੰਤ ਡਰਾਈਵਰ ਨੂੰ ਬੁਲਾ ਗੱਡੀ ਘਰ ਵੱਲ ਨੂੰ ਮੋੜ ਲਈ ਸੀ।

ਹੁਣ ਮੇਰੇ ਭਰਾਵਾਂ ਅਤੇ ਮਾਂ ਨੂੰ ਪਤਾ ਲੱਗ ਗਿਆ ਸੀ ਕਿ ਜਿਸ ਨੂੰ ਅਸੀਂ ਠੁਕਰਾ ਦਿਤਾ ਸੀ ਅਤੇ ਬੇ ਸਹਾਰਾ ਕਰ ਦਿਤਾ ਸੀ ਉਹ ਫਿਰ ਦੌਲਤ ਦਾ ਮਾਲਕ ਬਣ ਗਿਆ ਹੈ। ਮੇਰੇ ਇਹ ਹਲਾਤ ਉਸ ਨੂੰ ਬਿਲਕੁਲ ਵੀ ਨਾ ਭਾਏ। ਮੈਨੂੰ ਇਹ ਸਮਝ ਨਾ ਆਈ ਕਿ ਉਹ ਕਿਸ ਜਨਮ ਦਾ ਬਦਲਾ ਮੈਥੋਂ ਲੈਣਾ ਚਾਹੁੰਦੀ ਸੀ। ਉਸ ਨੇ ਮੇਰੇ ਨਾਂ ਤੇ ਇਕ ਝੂਠੀ ਚਿੱਠੀ ਭੇਜ ਦਿਤੀ ਜੋ ਕਿਸੇ ਲੜਕੀ ਵਲੋਂ ਸੀ ਕਿ ਪਾਲੀ ਦਾ ਮੇਰੇ ਨਾਲ ਪਿਆਰ ਸੀ ਅਤੇ ਮੈਂ ਪਾਲੀ ਦੇ ਬੱਚੇ ਦੀ ਮਾਂ ਬਣਨ ਜਾ ਰਹੀ ਹਾਂ। ਇਹ ਚਿੱਠੀ ਸ਼ੀਲਾ ਦੇ ਹੱਥ ਆ ਗਈ ਉਸ ਨੇ ਪੜ੍ਹੀ ਤੇ ਕੋਰੇ ਝੂਠ ਨੂੰ ਸੱਚ ਮੰਨ ਲਿਆ। ਔਰਤ ਦਾ ਦਿਲ ਤਾਂ ਸ਼ੱਕ ਦਾ ਘਰ ਹੋਇਆ ਕਰਦਾ ਹੈ ਅਤੇ ਸ਼ੀਲਾ ਨੇ ਮੈਨੂੰ ਵਿਸ਼ਵਾਸਘਾਤੀ, ਅਵਾਰਾ, ਲਫ਼ੰਗਾ ਧੋਖੇਬਾਜ਼, ਨੀਚ ਅਤੇ ਹੋਰ ਡਿਗਰੀਆਂ ਵੀ ਦਿੱਤੀਆਂ ਜੋ ਹੁਣ ਮੇਰੇ ਯਾਦ ਹੀ ਨਹੀਂ ਰਹੀਆਂ ਅਤੇ ਸਮਝੋ ਜੋ ਉਹ ਸੋਚ ਸਕਦੀ ਸੀ, ਮੈਨੂੰ ਆਖਿਆ। ਉਸ ਨੇ ਮੇਰੇ ਸਭ ਚੰਗੇ ਕੰਮ ਭੁੱਲ ਕੇ ਮੇਰੀ ਪੂਰੀ ਬੇਇੱਜਤੀ ਕੀਤੀ ਅਤੇ ਮੈਂ ਉਸ ਦੀਆਂ ਨਜ਼ਰਾਂ ਵਿਚ ਦੋਸ਼ੀ ਬਣ ਗਿਆ। ਮੈਨੂੰ ਉਸ ਘਰ ਵਿਚ ਰਹਿਣਾ ਠੀਕ ਨਾ ਲੱਗਿਆ ਤੇ ਇੱਕ ਵਾਰ ਫੇਰ ਮੇਰੀ ਦੁਨੀਆ ਜੋ ਵੱਸਣ ਤੋਂ ਪਹਿਲਾਂ ਹੀ ਉਜੜ ਗਈ ਸੀ। ਮੈਂ ਇੱਕ ਵਾਰ ਫਿਰ ਸੜਕ ਤੇ ਆ ਗਿਆ ਸੀ।

ਮੈਂ ਆਪਣੀ ਵਿਦਿਅਕ ਯੋਗਤਾ ਦੇ ਆਸਰੇ ਨੌਕਰੀ ਦੀ ਤਲਾਸ਼ ਵਿਚ ਜੁਟ ਗਿਆ ਇੱਕ ਦੋ ਕਾਲਿਜਾਂ ਵਿਚ ਅਰਜ਼ੀਆਂ ਦਿਤੀਆਂ। ਅਖੀਰ ਮੈਨੂੰ ਅੰਮ੍ਰਿਤਸਰ ਦੇ ਇਕ ਕਾਲਿਜ ਤੋਂ ਨੌਕਰੀ ਲਈ ਬੁਲਾਵਾ ਆ ਗਿਆ ਤੇ ਮੈਂ ਆਪਣੀ ਨੌਕਰੀ ਸ਼ੁਰੂ ਕਰ ਦਿਤੀ ਸੀ। ਇਹ ਮੇਰੀ ਖੁਸ਼ ਕਿਸਮਤੀ ਸੀ ਜਾਂ ਕੁਝ ਹੋਰ ਉਥੇ ਮੇਰੀ ਮੁਲਾਕਾਤ ਤੁਹਾਡੇ ਨਾਲ ਹੋ ਗਈ। ਇਸ ਤੋਂ ਬਾਅਦ ਜੋ ਹੋਇਆ ਉਹ ਤਾਂ ਤੁਹਾਡੇ ਸਾਹਮਣੇ ਹੀ ਹੈ।

ਮੈਂ ਤੁਹਾਡੀ ਪੀੜਤ ਹਾਲਤ ਸਮਝ ਸਕਦੀ ਹਾਂ। ਪ੍ਰੰਤੂ ਇਸ ਵਿਚ ਮੈਂ ਤੁਹਾਨੂੰ ਕਸੂਰਵਾਰ ਨਹੀਂ ਮੰਨਦੀ ਹਾਂ। ਤੁਹਾਡੀ ਚੰਗਿਆਈ ਦਾ ਠੀਕ ਤਰ੍ਹਾਂ ਮੁਲਾਂਕਣ ਨਹੀਂ ਕੀਤਾ ਗਿਆ। ਪਹਿਲਾਂ ਘਰੋਂ ਤੇ ਫੇਰ ਬਾਹਰੋਂ ਵੀ ਤੁਹਾਡੇ ਨਾਲ ਧੋਖਾ ਹੀ ਹੋਇਆ ਹੈ। ਤਾਂ ਹੀ ਮੈਂ ਸੋਚਦੀ ਸਾਂ ਕਿ ਲੜਕੀਆਂ ਦੇ ਕਾਲਿਜ ਦੇ ਵਿਚ ਤੁਸੀਂ ਚੁੱਪ ਚੁੱਪ ਕਿਓਂ ਰਹਿੰਦੇ ਹੋ। ਜਦੋਂ ਦੀ ਤੁਹਾਨੂੰ ਮਿਲੀ ਹਾਂ। ਮੇਰੇ ਅੰਦਰੋਂ ਕਈ ਸਵਾਲ ਬਾਹਰ ਆਓਂਦੇ ਸਨ ਜੋ ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦੀ ਸਾਂ। ਮੇਰਾ ਹੌਸਲਾ ਮੇਰਾ ਸਾਥ ਨਹੀਂ ਦੇ ਰਿਹਾ ਸੀ। ਇਹ ਤਾਂ ਤੁਹਾਡੀ ਸਿਆਣਪ ਹੀ ਹੈ ਜਿਸ ਨੇ ਮੇਰੇ ਦਿਮਾਗ ਦੇ ਸਾਰੇ ਬੂਹੇ ਖੋਲ ਦਿਤੇ ਹਨ ਕਿ ਸਾਨੂੰ ਇਕ ਦੂਜੇ ਦਾ ਹੋਣ ਤੋਂ ਪਹਿਲਾਂ ਇਕ

ਦੂਸਰੇ ਬਾਰੇ ਜਾਣ ਲੈਣਾ ਬਹੁਤ ਜ਼ਰੂਰੀ ਹੈ। ਮੈਂ ਤੁਹਾਡੇ ਪਿਆਰ ਦੇ ਵਿਚ ਝਲੀ ਹੋ ਚੁਕੀ ਸੀ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕੋਈ ਆਦਮੀ ਇਤਨੇ ਦੁਖਾਂ ਨਾਲ ਭਰਿਆ ਸਮਾਜ ਦੇ ਲੋਕਾਂ ਨੂੰ ਸੇਧ ਦੇਣ ਦੇ ਕੰਮ ਵਿਚ ਰੁਚੀ ਰੱਖ ਸਕਦਾ ਹੈ।

ਮੈਂ ਆਪਣੇ ਆਪ ਨੂੰ ਸੰਸਾਰ ਦੀ ਸਾਰਿਆਂ ਤੋਂ ਖੁਸ਼ਕਿਸਮਤ ਸਮਝਦੀ ਹਾਂ ਜਿਸ ਨੂੰ ਤੁਹਾਡੇ ਵਰਗਾ ਦੇਵਤਾ ਪ੍ਰਾਪਤ ਹੋਇਆ ਹੈ। ਮੈਂ ਵੀ ਤੁਹਾਡੀ ਤਰ੍ਹਾਂ ਬਚਪਨ ਵਿਚ ਹੀ ਮਾਂ ਦੇ ਪਿਆਰ ਤੋਂ ਵਾਂਝੀ ਹੋ ਗਈ ਸੀ। ਮੈਂ ਕੇਵਲ ਚਾਰ ਕੁ ਸਾਲ ਦੀ ਹੋਵਾਂਗੀ ਕਿ ਮੇਰੇ ਸਿਰ ਤੋਂ ਠੰਡੀ ਸੀਤ ਛਾਂ ਵਾਲਾ ਰੁੱਖ ਡਿਗ ਪਿਆ ਸੀ। ਮੇਰੇ ਦਾਦਾ ਦਾਦੀ ਤੇ ਹੋਰ ਰਿਸ਼ਤੇਦਾਰਾਂ ਨੇ ਮਜਬੂਰ ਕਰ ਮੇਰੀ ਚਾਚੀ ਉਪਰ ਮੇਰੇ ਬਾਪੂ ਤੋਂ ਚਾਦਰ ਪਵਾ ਦਿਤੀ ਸੀ। ਸਾਡੀ ਰਿਸ਼ਤੇਦਾਰੀ ਵਿਚੋਂ ਲੱਗਦੇ ਚਾਚਾ ਜੀ ਸਾਲ ਕੁ ਪਹਿਲਾਂ ਇਕ ਦੁਰਘਟਨਾ ਦਾ ਸ਼ਿਕਾਰ ਹੋ ਗਏ ਸਨ ਤੇ ਕੁਝ ਦੇਰ ਹਸਪਤਾਲ ਵਿਚ ਬੀਤਾਉਣ ਤੋਂ ਬਾਅਦ ਇਸ ਜਹਾਨ ਤੋਂ ਰੁੱਖਸਤ ਕਰ ਗਏ ਸਨ। ਉਨ੍ਹਾਂ ਦੀ ਕੋਈ ਉਲਾਦ ਵੀ ਨਹੀਂ ਸੀ। ਮੈਨੂੰ ਮੇਰੇ ਪਰਿਵਾਰ ਵਿਚ ਸਾਰਿਆਂ ਤੋਂ ਛੋਟੀ ਤੇ ਲਾਡਲੀ ਹੋਣ ਕਾਰਨ ਦਾਦਾ, ਦਾਦੀ ਤੋਂ ਢੇਰ ਸਾਰਾ ਪਿਆਰ ਮਿਲਿਆ। ਮੈਂ ਆਪਣੀ ਚਾਚੀ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਉਨ੍ਹਾਂ ਦਾ ਵਿਹਾਰ ਮੇਰੇ ਨਾਲ ਮੇਰੀ ਮਾਂ ਜਿਹਾ ਹੀ ਸੀ ਤੇ ਮੇਰੇ ਨਾਲ ਮਾਂ ਜਿਹਾ ਹੀ ਪਿਆਰ ਕਰਦੇ ਸਨ। ਮੈਨੂੰ ਪਰਮਾਤਮਾ ਨੇ ਇਕ ਮਾਂ ਖੋਹ ਕੇ ਉਸ ਦਾ ਰੂਪ ਹੀ ਬਖਸ਼ ਦਿਤਾ ਸੀ। ਮੇਰੇ ਪਿਤਾ ਜੀ ਅਧਿਆਪਕ ਸਨ ਅਤੇ ਬਹੁਤ ਹੀ ਸ਼ਾਂਤ ਸੁਭਾਅ ਦੇ ਮਨੁੱਖ ਹਨ। ਉਨ੍ਹਾਂ ਦੀ ਅਗਵਾਈ ਵਿਚ ਮੈਂ ਐਮ ਏ ਕੀਤੀ ਸੀ ਤੇ ਉਨ੍ਹਾਂ ਦੇ ਅਸਰ ਰਸੂਖ ਦੀ ਵਰਤੋਂ ਕਰ ਮੈਂ ਇਸ ਕਾਲਿਜ ਵਿਚ ਲੱਗ ਗਈ ਸੀ। ਮੈਂ ਜੋ ਵੀ ਰੱਬ ਅੱਗੇ ਇੱਛਾ ਕੀਤੀ ਉਹ ਮੈਨੂੰ ਪ੍ਰਾਪਤ ਹੋਇਆ ਹੈ। ਤੁਹਾਨੂੰ ਵੇਖ ਕੇ ਤੁਹਾਨੂੰ ਪਾਉਣ ਦੀ ਇੱਛਾ ਕੀਤੀ ਉਹ ਵੀ ਪੂਰੀ ਹੋ ਗਈ। ਹੁਣ ਮੈਂ ਨੌਕਰੀ ਤੇ ਹਾਂ ਤੇ ਮੇਰੇ ਪਿਤਾ ਜੀ ਸੇਵਾ ਨਵਿਰਤ ਹੋਣ ਵਾਲੇ ਹਨ ਉਹ ਵੀ ਮੇਰੇ ਵਿਆਹ ਬਾਰੇ ਚਿੰਤਾ ਕਰ ਰਹੇ ਹਨ ਤੇ ਮੈਂ ਚਾਹੁੰਦੀ ਹਾਂ ਕਿ ਅਸੀਂ ਦੋਵੇਂ ਇੱਕ ਹੋ ਜਾਈਏ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਆਪਣੀ ਜਾਤ ਪਾਤ ਵਿਚ ਫਰਕ ਹੈ ਉਹ ਦੀਵਾਰ ਵੀ ਟੱਪਣੀ ਹੈ। ਮੇਰੇ ਮਾਪੇ ਤਿਆਰ ਹਨ ਉਨ੍ਹਾਂ ਨੂੰ ਤੁਹਾਡੀ ਜਾਤ ਸਬੰਧੀ ਕੋਈ ਇਤਰਾਜ਼ ਨਹੀਂ ਹੈ। ਹੁਣ ਤੁਹਾਡੇ ਵਲੋਂ ਹਰੀ ਝੰਡੀ ਦੀ ਲੋੜ ਹੈ। ਜਦੋਂ ਤੁਹਾਨੂੰ ਠੀਕ ਲੱਗਦਾ ਹੈ ਮੈਨੂੰ ਦੱਸ ਦੇਣਾ ਵਿਆਹ ਮਾਪਿਆਂ ਵਲੋਂ ਕਰ ਦਿੱਤਾ ਜਾਵੇਗਾ।

ਮੈਨੂੰ ਪੂਰਨ ਭਰੋਸਾ ਹੈ ਕਿ ਮੈਂ ਤੁਹਾਨੂੰ ਕਦੇ ਵੀ ਪਿਛਲੇ ਜੀਵਨ ਦੀ ਤੜਪਣ ਨੂੰ ਖਤਮ ਕਰ ਸਕਾਂਗੀ। ਤੁਹਾਨੂੰ ਮਿਲੇ ਹੋਏ ਜ਼ਖਮਾਂ ਨੂੰ ਭਰਨ ਦਾ ਭਰਪੂਰ ਯਤਨ ਕਰਾਂਗੀ। ਜ਼ਖਮਾਂ ਦੇ ਦਾਗ ਵੀ ਮਿਟ ਜਾਣਗੇ। ਤੁਹਾਨੂੰ ਖੁਸ਼ ਅਤੇ ਸੁਖੀ ਰੱਖਣ ਦਾ ਹਰ ਸੰਭਵ ਯਤਨ ਕਰਾਂਗੀ।

ਮੈਂ ਚਾਹੁੰਦੀ ਸਾਂ ਕਿ ਸਾਰਾ ਸਮਾਂ ਗੱਲਾਂ ਹੀ ਕਰੀ ਜਾਈਏ। ਪ੍ਰੰਤੂ ਸਮਾਂ ਇਜ਼ਾਜਤ ਨਹੀਂ ਦੇ ਰਿਹਾ ਸੀ।

ਪਾਲੀ ਸਾਰਾ ਕੁਝ ਸੁਣ ਕੇ ਬੋਲਿਆ ਕਿ ਜੀਤੀ, ਪੂਰਾ ਨਾਂ ਭਾਵੇਂ ਹਰਜੀਤ ਕੌਰ ਸੀ, ਮੈਂ ਵੀ ਚਾਹੁੰਦਾ ਹਾਂ ਸੁਪਨਿਆਂ ਨੂੰ ਸਚਾਈ ਵਿਚ ਬਦਲ ਦਿਤਾ ਜਾਵੇ। ਮੈਨੂੰ ਵੀ ਪੂਰਨ ਯਕੀਨ ਹੈ ਕਿ ਤੇਰੇ ਸਾਥ ਨਾਲ ਮੈਂ ਸਾਰੇ ਦੁਖਾਂ ਤੋਂ ਨਿਜਾਤ ਪਾ ਲਵਾਂਗਾ ਤੇ ਸ਼ੀਲਾ ਨੂੰ ਵੀ ਦਿਖਾ ਦੇਵਾਂਗਾ ਕਿ ਮੈਂ ਕੇਵਲ ਉਸ ਦੇ ਰਹਿਮੋ ਕਰਮ ਤੇ ਹੀ ਨਹੀਂ ਜੀਅ ਰਿਹਾ ਸੀ। ਮੇਰੇ ਕੋਲ ਤੇਰੇ ਤੋਂ ਵੀ ਸੁੰਦਰ ਅਤੇ ਪਵਿੱਤਰ ਪਿਆਰ ਕਰਨ ਵਾਲੀ ਔਰਤ ਹੈ ਜਿਹੜੀ ਮੈਨੂੰ ਦੁਨੀਆ ਦੀ ਕਿਸੇ ਵੀ ਹੋਰ ਸਖਸ਼ ਨਾਲੋਂ ਵਧੇਰੇ ਚਾਹੁੰਦੀ ਹੈ। ਮੈਂ ਛੇਤੀ ਹੀ ਤੇਰੇ ਨਾਲ ਵਿਆਹ ਕਰਵਾ ਲਵਾਂਗਾ। ਆਪਾਂ ਇਥੇ ਅੰਮ੍ਰਿਤਸਰ ਵਿਚ ਹੀ ਆਪਣਾ ਨਿਵਾਸ ਕਰ ਲਵਾਂਗੇ। ਰੋਜ਼ਾਨਾ ਹੀ ਸੁੰਦਰ ਅਤੇ ਸ਼ਾਂਤ ਵਾਤਾਵਰਨ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਨਗਰੀ ਦਾ ਆਨੰਦ ਮਾਣ ਸਕਾਂਗੇ।

ਇਹਨਾਂ ਵਿਚਾਰਾਂ ਵਿਚ ਉਨ੍ਹਾਂ ਨੇ ਇੱਕ ਦੂਸਰੇ ਨੂੰ ਭਲੀ ਪ੍ਰਕਾਰ ਜਾਣ ਕੇ ਇਕ ਮਹੀਨੇ ਬਾਅਦ ਵਿਆਹ ਕਰ ਲੈਣ ਦਾ ਫੈਸਲਾ ਕਰ ਲਿਆ। ਜੀਤੀ ਨੇ ਆਪਣੇ ਮਾਪਿਆਂ ਨੂੰ ਖਬਰ ਕਰ ਦਿੱਤੀ ਤੇ ਤਿਆਰੀਆਂ ਸ਼ੁਰੂ ਕਰ ਦਿਤੀਆਂ ਗਈਆਂ।

ਜੀਤੀ ਆਪਣੇ ਪਿਤਾ ਨਾਲ ਖਰੀਦ ਫਰੋਖਤ ਕਰ ਰਹੀ ਸੀ ਕਿ ਵਾਪਸੀ ਸਮੇਂ ਉਨ੍ਹਾਂ ਦੀ ਕਾਰ ਬੱਸ ਨਾਲ ਟਕਰਾ ਗਈ। ਕਾਰ  ਨੂੰ ਜੀਤੀ ਦੇ ਪਿਤਾ ਜੀ ਚਲਾ ਰਹੇ ਸਨ। ਜੀਤੀ ਦਾ ਸਿਰ ਪਾਸੇ ਵਾਲੀ ਬਾਰੀ ਵਿਚ ਵੱਜ ਗਿਆ ਉਸ ਦੇ ਸਿਰ ਉਪਰ ਚੋਟ ਵਜੀ ਤੇ ਉਹ ਬੇਹੋਸ਼ ਹੋ ਗਈ। ਉਸ ਦੇ ਪਿਤਾ ਦਾ ਸਿਰ ਵੀ ਸਟੇਰਿੰਗ ਵਿਚ ਵਜਾ ਅਤੇ ਪੈਰ ਥਲੇ ਫੱਸ ਗਏ। ਉਨ੍ਹਾਂ ਨੂੰ ਕਾਰ ਵਿਚੋਂ ਬਹੁਤ ਮੁਸ਼ਕਿਲ ਨਾਲ ਕੱਢਿਆ ਗਿਆ ਇਸ ਜਦੋ ਜਹਿਦ ਵਿਚ ਉਨ੍ਹਾਂ ਦੀ ਮੌਤ ਹੋ ਗਈ। ਜੀਤੀ ਨੂੰ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਉਸ ਨੂੰ ਰਾਹ ਵਿਚ ਖੂਨ ਦੀ ਉਲਟੀ ਆਈ ਤੇ ਉਸ ਨੇ ਵੀ  ਹੀ ਦਮ ਤੋੜ ਦਿਤਾ। ਘਰ ਵਿਚ ਸੱਥਰ ਵਿਛ ਗਿਆ। ਜਦੋਂ ਪਾਲੀ ਨੂੰ ਪਤਾ ਲੱਗਾ ਤਾਂ ਉਸ ਨੂੰ ਸਦਮੇ ਨੇ ਘੇਰ ਲਿਆ। ਉਸ ਨੂੰ ਕੁਝ ਵੀ ਨਹੀਂ ਸੁਝ ਰਿਹਾ ਸੀ। ਅਖੀਰ ਉਹ ਵੀ ਜੀਤੀ ਦੇ ਘਰ ਪੁਜਾ । ਉਥੇ ਉਸ ਤੋਂ ਜੀਤੀ ਦੀ ਮਾਂ ਦੀ ਹਾਲਤ ਨਹੀਂ ਦੇਖੀ ਜਾ ਰਹੀ ਸੀ। ਲੋਕ ਇਕੱਠੇ ਹੋ ਚੁਕੇ ਸਨ। ਸਾਰੇ ਪਾਸੇ ਦੁਖਾਂ ਦੇ ਬੱਦਲ ਛਾ ਚੁਕੇ ਸਨ।

ਪਾਲੀ ਉਦਾਸ ਰਹਿਣ ਲੱਗ ਪਿਆ। ਜ਼ਿੰਦਗੀ ਨੂੰ ਅੱਗੇ ਤੋਰਨ ਲਈ ਅਤੇ ਸ਼ਾਂਤੀ ਪ੍ਰਾਪਤ ਕਰਨ ਲਈ ਉਸ ਨੇ ਅੰਮ੍ਰਿਤਸਰ ਵਿਚ ਗੁਰਦਵਾਰੇ ਜਾਣਾ ਸ਼ੁਰੂ ਕਰ ਦਿੱਤਾ। ਇੱਕ ਦੋ ਵਾਰ ਉਹ ਪਹਿਲਾਂ ਵੀ ਗੁਰਦਵਾਰੇ ਜਾ ਚੁਕਾ ਸੀ ਉਸ ਨੂੰ ਉਥੇ ਸ਼ਾਂਤੀ ਨਸੀਬ ਹੋਈ ਸੀ। ਉਸ ਨੇ ਇਹ ਸੋਚ ਕੇ ਕਿ ਵਾਹਿਗੁਰੂ ਹੀ ਉਸ ਨੂੰ ਸਦਮੇ ਵਿਚੋਂ ਕੱਢ ਸਕਦਾ ਹੈ। ਉਹ ਲਗਭਗ ਰੋਜ਼ਾਨਾ ਹੀ ਗੁਰਦਵਾਰੇ ਜਾ ਕੇ ਕੀਰਤਨ ਸੁਣਨ ਲੱਗ ਪਿਆ। ਇੱਕ ਦਿਨ ਉਹ ਗੁਰਦਵਾਰੇ ਅੰਦਰ ਸ਼ਾਂਤ ਚਿੱਤ ਬੈਠਾ ਕੀਰਤਨ ਸੁਣ ਰਿਹਾ ਸੀ ਕਿ ਉਸ ਦੇ ਨੇੜੇ ਸ਼ੀਲਾ ਆ ਕੇ ਬੈਠ ਗਈ। ਉਹ ਉਸ ਨੂੰ ਦੇਖ ਹੈਰਾਨ ਹੋ ਗਿਆ ਅਤੇ ਉਸ ਥਾਂ ਤੋਂ ਉੱਠਣ ਹੀ ਲੱਗਾ ਸੀ ਕਿ ਸ਼ੀਲਾ ਨੇ ਉਸ

ਦਾ ਹੱਥ ਫੜ ਉਸ ਨੂੰ ਰੋਕ ਦਿੱਤਾ। ਨਾ ਚਾਹੁੰਦਾ ਹੋਇਆ ਵੀ ਉਥੋਂ ਉੱਠ ਨਾ ਸਕਿਆ। ਸ਼ੀਲਾ ਨੇ ਦੱਸਿਆ ਕੇ ਮੈਥੋਂ ਬਹੁਤ ਵੱਡੀ ਗਲਤੀ ਹੋ ਗਈ ਸੀ। ਮੈਂ ਤੁਹਾਨੂੰ ਪਛਾਣ ਹੀ ਨਹੀਂ ਸਕੀ ਤੇ ਗੁੱਸੇ ਅੰਦਰ ਬਹੁਤ ਗਲਤ ਬੋਲ ਗਈ ਸੀ। ਜਦੋਂ ਮੈਨੂੰ ਅਸਲੀਅਤ ਪਤਾ ਲੱਗੀ ਤਾਂ ਮੈਂ ਬਹੁਤ ਪਛਤਾਈ। ਮੈਂ ਤੁਹਾਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਅੱਜ ਪ੍ਰਮਾਤਮਾ ਨੇ ਮੈਨੂੰ ਤੁਹਾਡੇ ਨਾਲ ਮਿਲਾਇਆ ਹੈ। ਮੈਂ ਤਾਂ ਆਪਣੇ ਮਾਂ ਬਾਪ ਦੇ ਇਸ ਦੁਨੀਆ ਤੋਂ ਰੁਖਸਤ ਹੋ ਜਾਣ ਪਿੱਛੋਂ ਬਿਲਕੁਲ ਇੱਕਲੀ ਰਹਿ ਗਈ ਸੀ ਤਾ ਮਨ ਅਸ਼ਾਂਤ ਰਹਿਣ ਲੱਗ ਪਿਆ ਸੀ। ਇਥੇ ਮਨ ਨੂੰ ਸ਼ਾਂਤ ਕਰਨ ਲਈ ਆਈ ਸਾਂ। ਪਰਮਾਤਮਾ ਨੇ ਕਿਰਪਾ ਕੀਤੀ ਹੈ ਤੇ ਤੁਹਾਡੇ ਨਾਲ ਮਿਲਾ ਦਿੱਤਾ ਹੈ। ਹੁਣ ਮੈਂ ਤੁਹਾਡੇ ਤੋਂ ਅਲੱਗ ਨਹੀਂ ਰਹਿ ਸਕਦੀ। ਇਸ ਲਈ ਮੇਰੇ ਨਾਲ ਚਲੋ ਮੇਰੀਆਂ ਗ਼ਲਤੀਆਂ ਮੁਆਫ ਕਰ ਦਿਉ। ਆਪਾਂ ਇਕੱਠੇ ਰਹਿ ਕੇ ਕੇ ਨਵੇਂ ਸਿਰੇ ਤੋਂ ਆਪਣਾ ਘਰ ਵਸਾਵਾਂਗੇ। ਗੁਰੂ ਨੂੰ ਹਾਜ਼ਰ ਨਜ਼ਰ ਜਾਣ ਤੁਹਾਡੇ ਨਾਲ ਵਾਅਦਾ ਕਰਦੀ ਹਾਂ ਕਿ ਕਦੇ ਵੀ ਪਿਛਲੀਆਂ ਗੱਲਾਂ ਨੂੰ ਯਾਦ ਨਹੀਂ ਕਰਵਾਵਾਂਗੀ। ਪਾਲੀ ਨੇ ਉਸ ਦੇ ਨਾਲ ਜਾਣ ਲਈ ਹਾਮੀ ਭਰ ਦਿੱਤੀ।

# ਮਰਦਾ ਕੀ ਨਾ ਕਰਦਾ

ਮੈਨੂੰ ਲੜਕੇ ਨੇ ਆਪਣੇ ਕਮਰੇ ਦੇ ਅੰਦਰ ਬੈਠਣ ਲਈ ਆਖਿਆ। ਮੇਰਾ ਧਿਆਨ ਕਮਰੇ ਦੇ ਅੰਦਰ ਇਕ ਗਰੁੱਪ ਤਸਵੀਰ ਨੇ ਆਪਣੇ ਵਲ ਖਿਚਿਆ। ਮੈਂ ਉਸ ਤਸਵੀਰ ਨੂੰ ਧਿਆਨ ਨਾਲ ਤੱਕਣ ਲੱਗਾ। ਉਸ ਸਮੇਂ ਘਰ ਦੀ ਸੁਆਣੀ ਮੇਰੇ ਪਿੱਛੇ ਆ ਖੜੀ ਹੋਈ ਤੇ ਮੈਨੂੰ ਬੈਠਣ ਲਈ ਆਖਿਆ। ਮੈਂ ਉਸ ਔਰਤ ਨੂੰ ਪੁੱਛਿਆ ਕਿ ਇਹ ਤਸਵੀਰ ਤਾਂ ਮੇਰੇ ਸਕੂਲ ਦੀ ਹੈ। ਉਸ ਸੁਆਣੀ ਜਿਸ ਦਾ ਨਾਂ ਬਲਰਾਜ ਕੌਰ ਸੀ ਨੇ ਦੱਸਿਆ ਕਿ ਇਹੋ ਉਹ ਸਕੂਲ ਹੈ ਜਿਥੋਂ ਮੈਂ ਦਸਵੀਂ ਜਮਾਤ ਪਹਿਲੇ ਦਰਜੇ ਵਿਚ ਪਾਸ ਕੀਤੀ ਸੀ। ਮੈਂ ਉਸ ਨੂੰ ਦੱਸਿਆ ਕਿ ਮੈਂ ਵੀ ਇਸ ਸਕੂਲ ਵਿਚੋਂ ਹੀ ਦਸਵੀਂ ਪਾਸ ਕੀਤੀ ਸੀ ਪਰ ਤੁਹਾਡਾ ਤੇ ਮੇਰਾ ਸਮਾਂ ਵੱਖ ਵੱਖ ਹੈ ਮੈਨੂੰ ਥੋੜਾ ਜਿਹਾ ਯਾਦ ਆਓਂਦਾ ਹੈ ਕਿ ਤੁਸੀਂ ਉਸ ਵਕ.ਤ ਪੰਜਵੀਂ ਜਾਂ ਛੇਵੀਂ ਜਮਾਤ ਵਿਚ ਹੋਵੋਗੇ। ਕਿਓਂ ਜੋ ਤੁਸੀਂ ਸਾਡੀ ਵਿਦਾਇਗੀ ਪਾਰਟੀ ਸਮੇਂ ਇੱਕ ਸੁੰਦਰ ਜਿਹਾ ਗੀਤ ਗਾਇਆ ਸੀ ਜਿਸ ਉਪਰ ਖ਼ੁਸ਼ ਹੋ ਕੇ ਅੰਗਰੇਜ਼ੀ ਵਲੈ ਅਧਿਆਪਕ ਅੰਮ੍ਰਿਤ ਲਾਲ ਜੀ ਨੇ ਇਨਾਮ ਵੀ ਦਿੱਤਾ ਸੀ। ਤੁਹਾਨੂੰ ਸ਼ਾਇਦ ਜਮਾਤ ਵਾਲੇ ਰਾਜੀ ਰਾਜੀ ਆਖਦੇ ਸਨ। ਬਲਰਾਜ ਨੂੰ ਯਾਦ ਆ ਗਿਆ ਸੀ ਪ੍ਰੰਤੂ ਉਹ ਮੈਨੂੰ ਯਾਦ ਕਰਨ ਵਿਚ ਸਫਲ ਨਹੀਂ ਹੋ ਸਕੀ ਸੀ। ਜਦੋਂ ਮੈਂ ਕਿਹਾ ਕਿ ਮੈਂ ਤਾਂ ਸੁਰਿੰਦਰ ਸਿੰਘ ਹਾਂ ਜਿਸ ਨੂੰ ਸਾਰੇ ਛਿੰਦਾ ਛਿੰਦਾ ਆਖਦੇ ਸਨ ਤੇ ਹਾਕੀ ਦਾ ਕਪਤਾਨ ਸੀ ਤੇ ਉਸ ਸਾਲ ਅਸੀਂ ਟ੍ਰਾਫ਼ੀ ਜਿੱਤ ਕੇ ਲਿਆਏ ਸੀ ਤੇ ਸਕੂਲ ਵਿਚ ਢੋਲ ਢਮੱਕੇ ਨਾਲ ਸਾਡਾ ਸਵਾਗਤ ਕੀਤਾ ਗਿਆ ਸੀ। ਹੁਣ ਉਸ ਨੂੰ ਯਾਦ ਆ ਗਿਆ ਸੀ ਤੇ ਉਸ ਨੇ ਪੁੱਛਿਆ ਕਿ ਹੁਣ ਤੁਸੀਂ ਸਾਡੇ ਮਹੱਲੇ ਵਿਚ ਰਹਿੰਦੇ ਹੋ ਪ੍ਰੰਤੂ ਤੁਹਾਡੇ ਬੱਚੇ ਨਹੀਂ ਦੇਖੇ। ਮੇਰੇ ਤਾਂ ਇਹ ਤਿੰਨ ਬਚੇ ਹਨ ਵੱਡਾ ਜੈਲਾ, ਛੋਟਾ ਕੈਲਾ ਤੇ ਆਹ ਨਿੱਕੀ ਮਾਣੋ ਹੈ। ਸਾਰੇ ਬਚੇ ਭੱਜ ਕੇ ਸਾਡੇ ਕੋਲ ਆ ਗਏ। ਮੈਂ ਸਭ ਨੂੰ ਪਿਆਰ ਦਿੱਤਾ। ਮੈਂ ਉਸ ਨੂੰ ਦੱਸਿਆ ਕਿ ਮੇਰੇ ਬੱਚੇ ਬਾਹਰਲੇ ਮੁਲਕਾਂ ਵਿਚ ਰਹਿੰਦੇ ਹਨ। ਮੇਰੀ ਲੜਕੀ ਵਿਆਹੀ ਹੋਈ ਹੈ ਤੇ ਕਨੇਡਾ ਵਿਚ ਆਪਣੇ ਪਤੀ ਤੇ ਦੋ ਬੱਚਿਆਂ ਨਾਲ ਖ਼ੁਸ਼ੀ-ਖ਼ੁਸ਼ੀ ਰਹਿ ਰਹੀ ਹੈ। ਉਸ ਤੋਂ ਛੋਟਾ ਵੀ ਕਨੇਡਾ ਵਿਚ ਪੜ੍ਹਾਈ ਕਰ ਰਿਹਾ ਹੈ ਤੇ ਉਸ ਤੋਂ ਬਾਅਦ ਅਮਰੀਕਾ ਵਿਚ ਸੈੱਟ ਹੋਣਾ ਚਾਹੁੰਦਾ ਹੈ। ਇਹ ਦੱਸ ਮੈਂ ਚੁੱਪ ਹੋ ਗਿਆ ਤਾਂ ਜੈਲੇ ਨੇ ਪੁੱਛਿਆ ਕਿ ਸਾਡੇ ਆਂਟੀ ਜੀ ਘਰੇ ਹੀ ਰਹਿੰਦੇ ਹਨ ਅਸੀਂ ਉਨ੍ਹਾਂ ਨੂੰ ਵੀ ਕਦੇ ਬਾਹਰ ਨਹੀਂ ਦੇਖਿਆ ਹੈ। ਮੈਂ ਭਰੇ ਮਨ ਨਾਲ ਉਨ੍ਹਾਂ ਨੂੰ ਦੱਸਿਆ ਕਿ ਉਹ ਤਾਂ ਪੰਜ ਸਾਲ ਪਹਿਲਾਂ ਰੱਬ ਨੂੰ ਪਿਆਰੇ ਹੋ ਗਏ ਸਨ। ਇਸ ਤੇ ਬਲਰਾਜ ਨੇ ਦੁੱਖ ਜਤਾਇਆ ਸੀ। ਹਾਲੇ ਇਹ ਗੱਲਾਂ ਚਲ ਹੀ ਰਹੀਆਂ ਸਨ ਕਿ ਮੈਂ ਰਾਜੀ ਨੂੰ ਪੁੱਛਿਆ ਕਿ ਤੁਸੀਂ

ਇਹਨਾ ਬੱਚਿਆਂ ਦੇ ਬਾਪ ਬਾਰੇ ਕੁਝ ਵੀ ਨਹੀਂ ਦੱਸਿਆ। ਤਾਂ ਉਹ ਫ਼ਿਸ ਪਈ ਤੇ ਭਾਰੀ ਆਵਾਜ਼ ਵਿਚ ਕਹਿਣ ਲੱਗੀ ਕਿ ਮੇਰੀ ਕਿਸਮਤ ਮਾੜੀ ਨੂੰ ਮੇਰੇ ਮਾਪਿਆਂ ਨੇ ਮੈਨੂੰ ਇੱਕ ਸ਼ਰਾਬੀ ਦੇ ਲੜ ਲਾ ਦਿੱਤਾ ਸੀ ਤੇ ਉਹ ਅੱਜ ਕਲ ਕਿਸੇ ਫੈਕਟਰੀ ਵਿਚ ਕੰਮ ਕਰਦਾ ਹੈ। ਜਿਹੜੀ ਪੰਜ ਕਿਲੇ ਪੈਲੀ ਸਾਡੇ ਹਿੱਸੇ ਦੀ ਸੀ ਉਹ ਉਸ ਨੇ ਨਸ਼ਿਆਂ ਵਿਚ ਉਡਾ ਦਿੱਤੀ ਹੈ। ਇਹ ਦੋਵੇਂ ਵੱਡੇ ਸਕੂਲ ਜਾਂਦੇ ਹਨ ਕੁੜੀ ਮੇਰੇ ਕੋਲ ਹੀ ਰਹਿੰਦੀ ਹੈ। ਮੈਂ ਲੋਕਾਂ ਦੇ ਘਰਾਂ ਅੰਦਰ ਛੋਟਾ ਮੋਟਾ ਕੰਮ ਕਰ ਕੇ ਗੁਜ਼ਰ ਬਸਰ ਕਰਦੀ ਹਾਂ। ਇਨ੍ਹਾਂ ਦਾ ਬਾਪੂ ਸ਼ਰਾਬ ਦੀ ਬੋਤਲ ਡਕਾਰ ਕੇ ਘਰੇ ਆ ਵੜਦਾ ਹੈ ਆ ਕੇ ਰੋਟੀ ਮੰਗਦਾ ਹੈ ਮੈਂ ਜਿਹੋ ਜਿਹੀ ਘਰ ਪੱਕਦੀ ਹੈ ਉਸ ਨੂੰ ਖਾਣ ਲਈ ਦੇ ਦਿੰਦੀ ਹਨ ਉਹ ਫਿਰ ਵੀ ਕਲੇਸ਼ ਕਰਦਾ ਰਹਿੰਦਾ ਹੈ। ਹੁਣ ਉਹ ਕਾਫੀ ਸਮੇਂ ਤੇ ਘਰੇ ਨਹੀਂ ਆਇਆ ਪਤਾ ਨਹੀਂ ਕਿੱਧਰ ਚਲਾ ਗਿਆ ਹੈ ਅਸੀਂ ਸਾਡੇ ਫਿਕਰ ਕਰੀ ਜਾਂਦੇ ਹਾਂ।

ਉਸ ਦੀ ਫੈਕਟਰੀ ਦਾ ਮਾਲਿਕ ਕਲ੍ਹ ਹੀ ਕੁਝ ਬੰਦਿਆਂ ਨੂੰ ਲੈ ਕੇ ਆਇਆ ਸੀ ਉਸ ਨੇ ਮੇਰੀ ਕੁੱਟ ਮਾਰ ਵੀ ਕੀਤੀ ਸੀ ਤੇ ਆਖਦਾ ਸੀ ਕੱਢ ਆਪਣੇ ਬੰਦੇ ਨੂੰ ਕਿਥੇ ਲੁਕਾਇਆ ਹੋਇਆ ਹੈ ਮੈਂ ਉਸ ਦੀਆਂ ਮਿੰਨਤਾਂ ਕੀਤੀਆਂ ਕਿ ਮੈਨੂੰ ਕੁਝ ਵੀ ਪਤਾ ਨਹੀਂ ਹੈ। ਪਰ ਉਸ ਨੇ ਇਤਬਾਰ ਨਹੀਂ ਕੀਤਾ ਤੇ ਇਹ ਆਖ ਕੇ ਚਲਾ ਗਿਆ ਮੈਂ ਉਸ ਨੂੰ ਠਾਣੇ ਵਿਚ ਦੇ ਦਿਆਂਗਾ ਉਸ ਨੇ ਮੇਰੇ ਗੱਲੇ ਵਿਚੋਂ ਦੱਸ ਹਜ਼ਾਰ ਤੋਂ ਵੱਧ ਰਕਮ ਕੱਢ ਲਈ ਹੈ ਤੇ ਹੁਣ ਪਤਾ ਨਹੀਂ ਕਿੱਧਰ ਉਜੜਿਆ ਹੈ। ਤੈਨੂੰ ਪਤਾ ਹੈ ਸਾਨੂੰ ਦੱਸ ਦੇ ਅਸੀਂ ਰਕਮ ਆਪੇ ਵਸੂਲ ਕਰ ਲਵਾਂਗੇ। ਉਹ ਕੁੱਟ ਮਾਰ ਕਰ ਬੱਚਿਆਂ ਨੂੰ ਡਰਾ ਧਮਕਾ ਕੇ ਚਲੇ ਗਏ ਹਨ ਤੇ ਆਖ ਗਏ ਹਨ ਕਿ ਅਸੀਂ ਦੋ ਦਿਨ ਬਾਅਦ ਫਿਰ ਆਵਾਂਗੇ ਸਾਨੂੰ ਉਹ ਮਿਲਣਾ ਚਾਹੀਦਾ ਹੈ ਵਰਨਾ ਤੈਨੂੰ ਅਸੀਂ ਚੁੱਕ ਕੇ ਲੈ ਜਾਵਾਂਗੇ। ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਮੈਂ ਕਿਵੇਂ ਉਨ੍ਹਾਂ ਦੀ ਸਹਾਇਤਾ ਕਰ ਸਕਦਾ ਹਾਂ। ਅਨ੍ਹੇਰਾ ਕਾਫੀ ਹੋ ਚੁਕਾ ਸੀ। ਜਿਆਦਾ ਦੇਰ ਰੁਕਣਾ ਮੈਨੂੰ ਠੀਕ ਨਹੀਂ ਲੱਗ ਰਿਹਾ ਸੀ ਮੈਂ ਇਹ ਕਹਿ ਕੇ ਉਥੋਂ ਚਲ ਪਿਆ ਕਿ ਹੋਂਸਲਾ ਰੱਖੋ ਕੋਈ ਹੀਲਾ ਵਸੀਲਾ ਕਰਦੇ ਹਾਂ। ਮੈਂ ਪੰਚਾਇਤ ਨਾਲ ਗੱਲ ਕਰਾਂਗਾ ਤੇ ਉਸ ਨੂੰ ਲੱਭਣ ਦਾ ਯਤਨ ਕਰਾਂਗੇ। ਗੱਲਾਂ ਗੱਲਾਂ ਵਿਚ ਮੈਂ ਜੈਲੇ ਤੋਂ ਉਸ ਦੇ ਬਾਪ ਦਾ ਨਾਂ ਪੁੱਛ ਲਿਆ ਸੀ ਉਸ ਨੇ ਦੱਸਿਆ ਸੀ ਕਿ ਨਾਂ ਤਾਂ ਮੇਰੇ ਬਾਪੂ ਦਾ ਹਰਮੀਕ ਸਿੰਘ ਪਰ ਸਾਰੇ ਉਸ ਨੂੰ ਮੀਕਾ ਮੀਕਾ ਆਖਦੇ ਹਨ।

ਅਗਲੇ ਦਿਨ ਸਵਖਤੇ ਹੀ ਸਰਪੰਚ ਦੇ ਘਰ ਵਲ ਜਾ ਰਿਹਾ ਸੀ ਕਿ ਉਹ ਮੈਨੂੰ ਰਾਹ ਵਿਚ ਹੀ ਮਿਲ ਗਿਆ ਤੇ ਕਹਿਣ ਲੱਗਾ ਕਿ ਮਾਸਟਰ ਜੀ ਕਿੱਧਰ ਸਵੇਰੇ ਸਵੇਰੇ ਹੀ। ਮੈਂ ਉਸ ਨੂੰ ਦੱਸਿਆ ਕਿ ਮੈਂ ਤੁਹਾਡੇ ਵਲ ਹੀ ਜਾ ਰਿਹਾ ਸੀ। ਉਸ ਨੇ ਕਿਹਾ ਕੇ ਦਸੋ ! ਤਾਂ ਮੈਂ ਦੱਸਿਆ ਕਿ ਹਰਮੀਕ ਸਿੰਘ ਕਾਫੀ ਦਿਨ ਤੋਂ ਘਰ ਨਹੀਂ ਆਇਆ ਉਸ ਦੀ ਫੈਕਟਰੀ ਵਾਲੇ ਉਸ ਦੇ ਘਰ ਵਾਲੀ ਨੂੰ ਪ੍ਰੇਸ਼ਾਨ ਕਰ ਰਹੇ ਹਨ ਕਿ ਉਸ ਨੇ ਸਾਡੀ ਰਕਮ ਚੁਰਾਈ ਹੈ ਤੇ ਤੂੰ ਉਸ ਨੂੰ ਕਿਥੇ ਲੁਕਾਇਆ ਹੈ ਉਹ ਵਿਚਾਰੀ

ਪ੍ਰੇਸ਼ਾਨ ਹੈ। ਆਪਾਂ ਨੂੰ ਉਸ ਪਰਿਵਾਰ ਦੀ ਮਦਦ ਕਰਨੀ ਚਾਹੀਦੀ ਹੈ। ਸਰਪੰਚ ਨੇ ਕਿਹਾ ਕਿ ਨਸ਼ੇ ਖਾਣ ਵਾਲੇ ਤਾਂ ਚੋਰੀ ਕਰਦੇ ਹੀ ਹਨ ਤੇ ਜਦੋਂ ਰਕਮ ਮੁਕ ਜਾਵੇਗੀ ਆਪੇ ਘਰੇ ਆ ਜਾਵੇਗਾ। ਤੁਸੀਂ ਫਿਕਰ ਨਾ ਕਰੋ। ਕੁਝ ਦਿਨ ਉਡੀਕਦੇ ਹਾਂ। ਮੈਂ ਅੱਜ ਪਰਿਵਾਰਿਕ ਕੰਮ ਲਈ ਬਾਹਰ ਜਾ ਰਿਹਾ ਹਾਂ ਪੰਜ ਦਿਨਾਂ ਬਾਅਦ ਆਵਾਂਗਾ ਫਿਰ ਬੈਠ ਕੇ ਕੋਈ ਹੱਲ ਸੋਚ ਲਵਾਂਗੇ। ਪ੍ਰੰਤੂ ਮੈਨੂੰ ਚੈਨ ਨਹੀਂ ਆ ਰਿਹਾ ਸੀ। ਮੈਂ ਪਿੰਡ ਵਿਚੋਂ ਦੋ ਮੈਂਬਰ ਪੰਚਾਇਤ ਤੇ ਦੋ ਚਾਰ ਬੰਦੇ ਹੋਰ ਲੈ ਕੇ ਉਨ੍ਹਾਂ ਨਾਲ ਠਾਣੇ ਸੂਚਨਾ ਦੇਣ ਹਿੱਤ ਚਲੇ ਗਏ ਕਿ ਹਰਮੀਕ ਸਿੰਘ ਪਿਛਲੇ ਮਹੀਨੇ ਤੋਂ ਘਰ ਨਹੀਂ ਆਇਆ ਕੋਈ ਪੜਤਾਲ ਕੀਤੀ ਜਾਵੇ। ਰਿਪੋਰਟ ਲਿਖਵਾਈ ਗਈ। ਅਸੀਂ ਵਾਪਿਸ ਆ ਗਏ। ਘਰ ਆ ਕੇ ਮੈਂ ਥੋੜ੍ਹਾ ਅਰਾਮ ਕੀਤਾ ਅਤੇ ਫਿਰ ਜੈਲੇ ਦੇ ਘਰ ਜਾ ਕੇ ਠਾਣੇ ਵਿਚ ਰਿਪੋਰਟ ਕਰ ਕੇ ਆਉਣ ਸਬੰਧੀ ਵੇਰਵੇ ਸਹਿਤ ਦੱਸ ਦਿੱਤਾ। ਬਲਰਾਜ ਨੂੰ ਕੁਝ ਤਸੱਲੀ ਹੋਈ।

ਦੋ ਕੁ ਦਿਨ ਹੋਰ ਲੰਘੇ ਮੈਂ ਆਪਣੇ ਘਰ ਵਿਚ ਹੀ ਸੀ। ਥੋੜ੍ਹੀ ਜਿਹੀ ਠੰਡ ਹੋਣ ਕਾਰਨ ਧੁੱਪ ਵਿਚ ਆਪਣੀ ਅਰਾਮ ਕੁਰਸੀ ਤੇ ਬੈਠ ਅਖ਼ਬਾਰ ਪੜ੍ਹ ਰਿਹਾ ਸੀ ਮੈਂ ਆਮ ਤੌਰ ਤੇ ਬਾਹਰਲਾ ਦਰਵਾਜ਼ਾ ਬੰਦ ਹੀ ਰੱਖਦਾ ਹਾਂ। ਥੋੜ੍ਹੀ ਦੇਰ ਤੋਂ ਪਿੱਛੋਂ ਮੈਂ ਅਜੀਬ ਜਿਹਾ ਖੜਕਾ ਅਤੇ ਰੌਲੇ ਰੱਪੇ ਦੀਆਂ ਅਵਾਜ਼ਾਂ ਸੁਣੀਆਂ। ਪਹਿਲਾਂ ਤਾਂ ਸੋਚਿਆ ਕਿ ਬੱਚੇ ਖੇਡਦੇ ਹੋਣਗੇ ਤੇ ਕਿਸੇ ਨਿੱਕੀ ਮੋਟੀ ਗੱਲ ਤੋਂ ਝਗੜਾ ਹੋ ਗਿਆ ਹੋਵੇਗਾ। ਮੈਂ ਮਸਤ ਆਪਣੀ ਅਖ਼ਬਾਰ ਪੜ੍ਹਦਾ ਰਿਹਾ। ਥੋੜ੍ਹੀ ਦੇਰ ਪਿੱਛੋਂ ਰੌਲਾ ਹੋਰ ਵੱਧ ਗਿਆ। ਮੈਂ ਬਾਹਰ ਡਿੱਠਾ ਤਾਂ ਇਹ ਆਵਾਜ਼ ਬਲਰਾਜ ਦੇ ਘਰੋਂ ਉਸ ਦੀ ਹੀ ਰੋਣ ਦੀ ਆਵਾਜ਼ ਮਹਿਸੂਸ ਹੋਈ ਮੈਂ ਕਾਹਲੀ ਨਾਲ ਛੋਟੀ ਪੱਗ ਸਿਰ ਉੱਪਰ ਬੰਨ੍ਹ ਕੇ ਉਨ੍ਹਾਂ ਦੇ ਘਰ ਵਲ ਹੋ ਤੁਰਿਆ। ਮੈਂ ਦੇਖਿਆ ਕਿ ਫੈਕਟਰੀ ਮਾਲਿਕ ਤੇ ਉਸ ਦੇ ਨਾਲ ਕੁਝ ਹੋਰ ਲੋਕ ਉਨ੍ਹਾਂ ਦੇ ਘਰ ਆਏ ਹੋਏ ਸਨ ਅਤੇ ਹਰਮੀਕ ਦੇ ਸਬੰਧ ਵਿਚ ਪੁੱਛ-ਗਿੱਛ ਕਰ ਰਹੇ ਸਨ। ਉਹ ਆਪਣੇ ਨਾਲ ਬਲਰਾਜ ਨੂੰ ਲੈ ਕਿ ਜਾਣਾ ਚਾਹੁੰਦੇ ਸਨ ਅਤੇ ਬਲਰਾਜ ਜਾਣ ਲਈ ਬਿਲਕੁਲ ਵੀ ਤਿਆਰ ਨਹੀਂ ਸੀ। ਮੈਨੂੰ ਵੀ ਉਨ੍ਹਾਂ ਦੇ ਇਰਾਦੇ ਨੇਕ ਨਹੀਂ ਲੱਗ ਰਹੇ ਸੀ। ਬਲਰਾਜ ਉਨ੍ਹਾਂ ਦੀਆਂ ਮਿੰਨਤਾਂ ਕਰ ਰਹੀ ਸੀ ਕਿ ਮੈਨੂੰ ਹਰਮੀਕ ਬਾਰੇ ਬਿਲਕੁਲ ਵੀ ਪਤਾ ਨਹੀਂ ਹੈ ਅਸੀਂ ਤਾਂ ਉਸ ਦੇ ਗੁੰਮ ਹੋਣ ਦੀ ਰਿਪੋਰਟ ਠਾਣੇ ਵਿਚ ਦਿਤੀ ਹੋਈ ਹੈ। ਮੈਂ ਅੱਗੇ ਹੋ ਕੇ ਕਿਹਾ ਕਿ ਇਸ ਨੂੰ ਹੱਥ ਨਾ ਲਾਓ, ਜਾਓ ਠਾਣੇ ਤੋਂ ਪਤਾ ਕਰੋ ਅਤੇ ਅੱਜ ਤੋਂ ਬਾਅਦ ਇਸ ਘਰ ਵਿਚ ਆਏ ਤਾਂ ਅਸੀਂ ਤੁਹਾਨੂੰ ਵੀ ਠਾਣੇ ਫੜਵਾ ਦੇਵਾਂਗੇ। ਮੇਰੇ ਨਾਲ ਹੋਰ ਲੋਕ ਵੀ ਮੇਰੀ ਮਦਦ ਤੇ ਆ ਗਏ ਜਿਹੜੇ ਪਹਿਲਾਂ ਇੱਕ ਦੂਜੇ ਦੇ ਮੂੰਹ ਵੱਲ ਵੇਖ ਰਹੇ ਸਨ ਅਤੇ ਚੁੱਪਚਾਪ ਤਮਾਸ਼ਬੀਨ ਬਣੇ ਹੋਏ ਸਨ। ਸਾਡੇ ਰਵਈਆ ਦੇਖ ਉਨ੍ਹਾਂ ਨੇ ਉਥੋਂ ਪਤਰਾ ਵਾਚਣ ਦੀ ਸੋਚੀ ਤੇ ਚਲੇ ਗਏ। ਮੈਨੂੰ ਦੋ ਕੁ ਦਿਨ ਲਈ ਕਿਸੇ ਆਪਣੇ ਕੰਮ ਨੇੜਲੇ ਸ਼ਹਿਰ ਜਾਣਾ ਪਿਆ। ਇਸ ਸਬੰਧੀ ਉਨ੍ਹਾਂ ਨੂੰ ਦੱਸ ਦਿੱਤਾ ਤੇ ਕਿਹਾ ਕਿ ਹੁਸ਼ਿਆਰ ਰਹਿਣਾ।

ਫੈਕਟਰੀ ਦਾ ਮਲਿਕ ਸ਼ਾਇਦ ਇਹ ਸਮਝ ਗਿਆ ਸੀ ਕਿ ਮੈਂ ਹੀ ਇਸ ਪਰਿਵਾਰ ਦੀ ਮਦਦ ਕਰ ਰਿਹਾ ਹਾਂ। ਇਹ ਜਾਣ ਉਨ੍ਹਾਂ ਨੇ ਸੂਹਿਆਂ ਰਾਹੀਂ ਪਤਾ ਕਰ ਲਿਆ ਕਿ ਮੈਂ ਕਿਸੇ ਕੰਮ ਲਈ ਬਾਹਰ ਹਾਂ ਉਹ ਉਸ ਦੇ ਘਰ ਆ ਧਮਕੇ। ਉਨ੍ਹਾਂ ਨੇ ਬਲਰਾਜ ਨੂੰ ਡਰਾ ਕੇ ਮੰਨਾ ਲਿਆ ਕਿ ਜੇ ਵੱਡਾ ਲੜਕਾ ਜੈਲਾ ਉਸ ਦੀ ਫੈਕਟਰੀ ਵਿਚ ਕੰਮ ਕਰਨ ਲੱਗ ਜਾਵੇ ਤਾਂ ਮੈਂ ਉਨ੍ਹਾਂ ਨੂੰ ਅੱਧੀ ਤਨਖਾਹ ਦੇ ਦੇਵਾਂਗਾ ਬਾਕੀ ਅੱਧੀ ਆਪਣਾ ਘਾਟਾ ਪੂਰਾ ਕਰਨ ਲਈ ਰੱਖ ਲਿਆ ਕਰਾਂਗਾ। ਮਰਦਾ ਕੀ ਨਾ ਕਰਦਾ ਦੇ ਅਨੁਸਾਰ ਬਲਰਾਜ ਨੇ ਇਹ ਮਨਜ਼ੂਰ ਕਰ ਲਿਆ ਤੇ ਕਿਹਾ ਕਿ ਕਲ੍ਹ ਤੋਂ ਹੀ ਇਹ ਕੰਮ ਤੇ ਆ ਜਾਇਆ ਕਰੇਗਾ ਭਾਵੇਂ ਜੈਲਾ ਚਾਹੁੰਦਾ ਸੀ ਕਿ ਹਾਂ ਕਰਨ ਤੋਂ ਪਹਿਲਾਂ ਘਟੋ ਘੱਟ ਮੇਰੇ ਨਾਲ ਸਲਾਹ ਕਰ ਲਈ ਜਾਵੇ ਪ੍ਰੰਤੂ ਬਲਰਾਜ ਬਹੁਤ ਹੀ ਡਰੀ ਹੋਈ ਸੀ ਉਹ ਤਾਂ ਆਪਣਾ ਖਹਿੜਾ ਛੁਡਾਉਣਾ ਚਾਹੁੰਦੀ ਸੀ। ਇਸ ਲਈ ਉਸ ਨੇ ਕੰਮ ਤੇ ਜਾਣ ਸਬੰਧੀ ਹਾਂ ਕਰ ਦਿਤੀ ਸੀ। ਅਗਲੇ ਦਿਨ ਜੈਲੇ ਨੂੰ ਸਕੂਲ ਭੇਜਣ ਦੀ ਥਾਂ ਸ਼ਹਿਰ ਵਿਚ ਫੈਕਟਰੀ ਤੇ ਭੇਜ ਦਿੱਤਾ ਗਿਆ। ਮੈਂ ਜਦੋਂ ਵਾਪਿਸ ਪਿੰਡ ਆਉਣ ਲਈ ਬੱਸ ਅੱਡੇ ਤੇ ਖੜੋਤਾ ਸੀ ਤਾਂ ਮੈਨੂੰ ਵੀ ਜੈਲੇ ਦੀ ਝਲਕ ਪਈ। ਮੈਂ ਮਨ ਵਿਚ ਸੋਚਿਆ ਕਿ ਜੈਲਾ ਅੱਜ ਕਿਥੋਂ ਆ ਰਿਹਾ ਹੋਵੇਗਾ। ਮੈਂ ਬੱਸ ਵਿਚ ਚੜ੍ਹ ਗਿਆ ਤੇ ਨਾਲ ਦੀ ਸੀਟ ਖਾਲੀ ਰੱਖ ਲਈ ਤੇ ਜਦੋਂ ਜੈਲਾ ਚੜ੍ਹਿਆ ਤਾਂ ਮੈਂ ਉਸ ਨੂੰ ਆਵਾਜ਼ ਮਾਰ ਆਪਣੇ ਕੋਲ ਹੀ ਬੁਲਾ ਲਿਆ ਤੇ ਆਪਣੇ ਨਾਲ ਦੀ ਸੀਟ ਤੇ ਬਿਠਾ ਲਿਆ। ਮੈਂ ਉਸ ਨੂੰ ਪੁੱਛਿਆ ਕਿ ਸਭ ਠੀਕ ਠਾਕ ਹੈ ਤੇ ਤੂੰ ਹੁਣ ਕਿਥੋਂ ਆਇਆ ਹੈਂ। ਉਸ ਨੇ, ਮੇਰੇ ਪਿੱਛੋਂ ਫੈਕਟਰੀ ਮਾਲਿਕ  ਦੇ ਆਉਣ ਵਾਲੀ ਸਾਰੀ ਘਟਨਾ ਪੂਰੇ ਵੇਰਵੇ ਨਾਲ, ਮੈਨੂੰ, ਸੁਣਾ ਦਿੱਤੀ ਤੇ ਮੈਨੂੰ ਸੁਣ ਕੇ ਦੁੱਖ ਹੋਇਆ ਕਿ ਇਹ ਤਾਂ ਗਲਤ ਹੋਇਆ ਹੈ। ਇੱਕ ਤਾਂ ਬੱਚੇ ਨੂੰ ਪੜ੍ਹਾਈ ਤੋਂ ਵਾਂਝਾ ਕਰ ਦਿਤਾ ਹੈ ਦੂਸਰਾ ਬਾਲ ਮਜ਼ਦੂਰੀ ਵਰਗਾ ਕਸੂਰ ਕਰ ਲਿਆ ਹੈ ਜਿਸ ਦੀ ਮਾਪਿਆਂ ਨੂੰ ਤੇ ਫੈਕਟਰੀ ਮਾਲਿਕਾਂ ਨੂੰ ਸਜ਼ਾ ਹੋ ਸਕਦੀ ਹੈ। ਖ਼ੈਰ ਸਾਰੀ ਗੱਲ ਸੁਣ ਮੈਂ ਘਰ ਪੁੱਜ ਕੇ ਰਾਤ ਭਰ ਇਸ ਦੇ ਹੱਲ ਬਾਰੇ ਸੋਚਿਆ ਤੇ ਸਵੇਰੇ ਹੀ ਜੈਲੇ ਦੇ ਘਰ ਵਲ ਚਲ ਪਿਆ। ਉਥੇ ਜਾ ਕੇ ਮੈਂ ਪਹਿਲਾਂ ਤਾਂ ਬਲਰਾਜ ਨੂੰ ਕਿਹਾ ਕਿ ਤੁਸੀਂ ਕਾਹਲ ਵਿਚ ਫੈਸਲਾ ਕਰ ਕੇ ਗਲਤ ਕੀਤਾ ਹੈ। ਤੈਨੂੰ ਸ਼ਾਇਦ ਪਤਾ ਨਹੀਂ ਕਿ ਬਾਲ ਮਜ਼ਦੂਰੀ ਇਕ ਜੁਰਮ ਹੈ ਇਸ ਅਧੀਨ ਤੁਹਾਨੂੰ ਵੀ ਸਜ਼ਾ ਹੋ ਸਕਦੀ ਹੈ ਇਸ ਲਈ ਅੱਜ ਤੋਂ ਇਸ ਨੂੰ ਕੰਮ ਤੇ ਭੇਜਣਾ ਬੰਦ ਕਰੋ ਤੇ ਜੈਲੇ ਨੂੰ ਸਕੂਲ ਭੇਜਿਆ ਕਰੋ। ਫੈਕਟਰੀ ਵਾਲੇ ਬਾਲ ਮਜ਼ਦੂਰੀ ਕਰਵਾਉਂਦੇ ਹਨ ਉਸ ਦੇ ਲਈ ਉਨ੍ਹਾਂ ਦੀ ਸ਼ਕਾਇਤ ਕਰ ਮੈਂ ਬਣਦੀ ਸਜਾ ਕਰਵਾਣ ਦਾ ਬੰਦੋਬਸਤ ਕਰਾਂਗਾ। ਬਲਰਾਜ ਨੇ ਜੈਲੇ ਨੂੰ ਸਕੂਲ ਭੇਜ ਦਿੱਤਾ। ਮੈਂ ਜੈਲੇ ਤੋਂ ਫੈਕਟਰੀ ਦੇ ਕੰਮ ਬਾਰੇ ਪੁੱਛ ਚੁਕਾ ਸੀ ਉਸ ਨੇ ਦੱਸਿਆ ਸੀ ਕਿ ਬੱਚਿਆਂ ਤੋਂ ਪਟਾਖੇ ਬਣਵਾਏ ਜਾਂਦੇ ਹਨ ਮੇਰੇ ਜਿਹੇ ਹੋਰ ਵੀ ਬਚੇ ਕੰਮ ਤੇ ਆਉਂਦੇ ਹਨ ਉਨ੍ਹਾਂ ਨੂੰ ਥੋੜੀ ਹੀ ਮਜ਼ਦੂਰੀ ਦਿਤੀ ਜਾਂਦੀ ਹੈ।

ਅਗਲੀ ਸਵੇਰ ਮੈਂ ਹਾਲੇ ਘਰ ਵਿਚ ਹੀ ਸਾਂ ਤੇ ਇਸ਼ਨਾਨ ਕਰ ਕੇ ਸ਼ਹਿਰ ਜਾਣ

ਲਈ ਵਿਚਾਰ ਬਣਾ ਰਿਹਾ ਸੀ ਤੇ ਆਪਣਾ ਸਾਥੀ ਲੱਭਣ ਲਈ ਦਿਮਾਗ ਲੜਾ ਰਿਹਾ ਸੀ ਕਿ ਮੈਨੂੰ ਯਾਦ ਆਇਆ ਕਿ ਇਸ ਕੰਮ ਵਿਚ ਸੁਖਵੀਰ ਮੇਰਾ ਸਾਥੀ ਬਣ ਸਕਦਾ ਹੈ। ਸੁਖਵੀਰ ਮੇਰਾ ਚੰਗਾ ਜਾਣੂ ਸੀ ਤੇ ਮੈਂ ਉਸ ਦੀ ਉਸ ਦੇ ਇਕ ਦੋ ਕੰਮ ਕਰਵਾਉਣ ਵਿਚ ਵੀ ਸਹਾਇਤਾ ਕੀਤੀ ਸੀ ਉਸ ਦਿਨ ਤੋਂ ਉਹ ਮੇਰੀ ਇੱਜ਼ਤ ਕਰਦਾ ਸੀ। ਮੈਂ ਤਿਆਰ ਹੋ ਕੇ ਉਸ ਦੇ ਘਰ ਵਲ ਚਲ ਪਿਆ। ਹਾਲੇ ਚੌਕ ਵਿਚ ਹੀ ਪੁਜਾ ਸੀ ਕਿ ਉਹ ਆਪਣੇ ਸਕੂਟਰ ਤੇ ਆ ਰਿਹਾ ਸੀ ਮੈਂ ਉਸ ਨੂੰ ਰੋਕ ਲਿਆ ਤੇ ਪੁੱਛਿਆ ਕਿ ਕਿੱਧਰ ਦੀ ਤਿਆਰੀ ਹੈ ਤਾਂ ਉਸ ਨੇ ਦੱਸਿਆ ਕਿ ਸ਼ਹਿਰ ਵਿਚ ਥੋੜਾ ਕੰਮ ਹੈ, ਜਾਣ ਆਉਣ ਹੀ ਕਰਨਾ ਹੈ। ਮੈਂ ਉਸ ਦੇ ਨਾਲ ਹੀ ਬੈਠ ਗਿਆ ਤੇ ਰਾਹ ਵਿਚ ਹੀ ਸਾਰੀ ਯੋਜਨਾ ਦੱਸ ਦਿਤੀ। ਉਹ ਮੰਨ ਗਿਆ ਕਿ ਇਹ ਭਲ਼ੇ ਦਾ ਕੰਮ ਤਾਂ ਕਰਨਾ ਚਾਹੀਦਾ ਹੈ। ਅਸੀਂ ਸ਼ਹਿਰ ਪੁੱਜ ਕੇ ਪਹਿਲਾਂ ਉਸ ਦਾ ਕੰਮ ਕਰਵਾਇਆ ਤੇ ਵਾਪਸੀ ਤੇ ਸਾਨੂੰ ਇਕ ਓਪਰਾ ਜਿਹਾ ਬੰਦਾ ਮਿਲ ਗਿਆ। ਮੈਨੂੰ ਉਹ ਆਦਮੀ ਕੁਝ ਜਾਣਿਆ ਪਛਾਣਿਆ ਲੱਗਿਆ। ਮੈਂ ਸੁਖਵੀਰ ਨੂੰ ਪੁੱਛਿਆ ਇਹ ਆਦਮੀ ਮੈਨੂੰ ਆਪਣੇ ਪਿੰਡ ਦਾ ਹੀ ਜਾਪਦਾ ਹੈ। ਉਸ ਨੇ ਦੇਖ ਕੇ ਦੱਸਿਆ ਕੇ ਇਹ ਤਾਂ ਹਰਮੀਕ ਹੈ ਜਿਸ ਨੂੰ ਪਿੰਡ ਵਾਲੇ ਮੀਕਾ ਆਖਦੇ ਹਨ, ਜੋ ਪਿਛਲੇ ਕਾਫੀ ਸਮੇਂ ਤੋਂ ਗੁੰਮ ਹੈ। ਅਸੀਂ ਸਕੂਟਰ ਰੋਕ ਉਹਦੇ ਨਾਲ ਗੱਲਬਾਤ ਕੀਤੀ ਤੇ ਪੁੱਛਿਆ ਕਿ ਤੂੰ ਕਿਥੇ ਗਿਆ ਸੀ। ਪਹਿਲਾਂ ਤਾਂ ਉਹ ਕੁਝ ਨਾ ਬੋਲਿਆ ਜਦੋਂ ਮੈਂ ਉਸ ਨੂੰ ਉਸ ਦੇ ਪਰਿਵਾਰ ਦੀ ਹਾਲਤ ਬਾਰੇ ਦੱਸਿਆ ਤਾਂ ਉਹ ਅੱਖਾਂ ਵਿਚ ਗਲੇਡੂ ਭਰ ਬੋਲਿਆ। ਮੈਂ ਨਸ਼ੇ ਕਰਨ ਲੱਗ ਗਿਆ ਸੀ ਤੇ ਫੈਕਟਰੀ ਮਾਲਿਕ ਨੇ ਕੁਝ ਉਧਾਰ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ ਤਾਂ ਮੈਂ ਮੌਕਾ ਤਾੜ ਕੇ ਗੱਲੇ ਵਿਚੋਂ ਸਾਰੇ ਪੈਸੇ ਕੱਢ ਕੇ ਦਿੱਲੀ ਭੱਜ ਗਿਆ ਸੀ। ਉਥੇ ਮੈਨੂੰ ਇੱਕ ਭਲਾ ਪੁਰਸ਼ ਮਿਲਿਆ ਜਿਸ ਨੇ ਮੈਨੂੰ ਰਾਹ ਤੇ ਲਿਆਉਣ ਦਾ ਯਤਨ ਕੀਤਾ ਉਧਰ ਮੇਰੇ ਕੋਲ ਪੈਸੇ ਮੁਕਦੇ ਜਾ ਰਹੇ ਸੀ ਤੇ ਨਾਲ ਹੀ ਉਸ ਦੀ ਨੇਕ ਸਲਾਹ ਦਾ ਅਸਰ ਹੋ ਰਿਹਾ ਸੀ। ਉਸ ਦੀ ਆਗਿਆ ਮੰਨ ਕੇ ਮੈਂ ਘਰ ਜਾ ਰਿਹਾ ਹਾਂ। ਅਸੀਂ ਉਸ ਨੂੰ ਸਾਰੀ ਯੋਜਨਾ ਸਮਝਾ ਕੇ ਨਾਲ ਹੀ ਲੈ ਲਿਆ। ਠਾਣੇ ਵਿਚ ਜਾ ਖਬਰ ਕੀਤੀ ਕਿ ਪਟਾਖਿਆਂ ਦੀ ਫੈਕਟਰੀ ਵਿਚ ਬੱਚਿਆਂ ਤੋਂ ਮਜ਼ਦੂਰੀ ਕਰਵਾਈ ਜਾ ਰਹੀ ਹੈ ਜੇ ਸਾਡੇ ਨਾਲ ਚਲੋ ਤਾਂ ਤੁਹਾਨੂੰ ਰੰਗੇ ਹਥੀ ਕੁਝ ਬਚੇ ਫੜਵਾ ਸਕਦੇ ਹਾਂ। ਉਸ ਨੇ ਕੁਝ ਪੁਲਿਸ ਵਾਲੇ ਸਾਡੇ ਨਾਲ ਭੇਜ ਦਿਤੇ ਅਸੀਂ ਸਕੂਟਰ ਉਥੇ ਛੱਡ ਸਰਕਾਰੀ ਜੀਪ ਵਿਚ ਫੈਕਟਰੀ ਪੁੱਜ ਗਏ। ਪਟਾਖੇ ਬਣਾਏ ਜਾ ਰਹੇ ਸਨ ਕੁਝ ਬੱਚੇ ਕੰਮ ਕਰ ਰਹੇ ਸਨ ਅਤੇ ਕੁਝ ਬੱਚੇ ਆਪਣੀ ਸ਼ਿਫਟ ਦੇ ਇੰਤਜ਼ਾਰ ਵਿਚ ਪਿਛੇ ਬਰਾਮਦੇ ਵਿਚ ਬੈਠੇ ਸਨ। ਲਗਭਗ 15 ਬੱਚੇ ਫੜ ਲੈ ਗਏ। ਕੰਪਨੀ ਦਾ ਮਾਲਿਕ ਤਾਂ ਹਾਜ਼ਰ ਨਹੀਂ ਸੀ। ਮੈਨੇਜਰ ਨੇ ਫੋਨ ਕਰ ਉਸ ਨੂੰ ਬੁਲਾ ਲਿਆ ਉਹ ਵੀ ਛੇਤੀ ਹੀ ਪੁੱਜ ਗਿਆ ਕਿਉਂਕਿ ਉਸ ਦੀ ਰਿਹਾਇਸ਼ ਵੀ ਨੇੜੇ ਹੀ ਸੀ। ਉਸ ਨੇ ਪੁਲਿਸ ਨੂੰ ਰਿਸ਼ਵਤ ਦੇਣ ਦਾ ਯਤਨ ਕੀਤਾ ਪ੍ਰੰਤੂ ਉਨ੍ਹਾਂ ਨੇ ਉਸ ਦੀ ਇੱਕ ਨਾ ਸੁਣੀ ਤੇ ਜੀਪ ਤੇ ਹੀ ਬਿਠਾ ਕੇ ਠਾਣੇ ਲੈ ਆਂਦਾ। ਅਸੀਂ

ਉਸ ਨੇ ਠਾਣੇ ਪੁਚਾ ਕਿ ਥਾਣੇਦਾਰ ਤੋਂ ਛੁੱਟੀ ਲਈ, ਉਨ੍ਹਾਂ ਨੇ ਲੋੜੀਂਦੇ ਕਾਗਜ਼ਾਂ ਉਪਰ ਸਾਡੇ ਗੁਆਹ ਦੇ ਤੌਰ 'ਤੇ ਦਸਖ਼ਤ ਕਰਵਾ ਲਏ। ਸਾਨੂੰ ਵੀ ਤਸੱਲੀ ਹੋ ਗਈ ਹੁਣ ਇਹ ਰਿਸ਼ਵਤ ਦੇ ਕੇ ਛੁੱਟ ਨਹੀਂ ਸਕੇਗਾ। ਅਸੀਂ ਤਿੰਨਾਂ ਨੇ ਪਿੰਡ ਵੱਲ ਚਾਲੇ ਪਾ ਦਿਤੇ। ਬਸ ਅੱਡੇ ਤੇ ਪੁੱਜ ਹਰਮੀਕ ਨੂੰ ਬੱਸ ਚੜਾ ਦਿੱਤਾ ਅਸੀਂ ਦੋਵੇਂ ਸਕੂਟਰ ਤੇ ਥੋੜ੍ਹਾ ਜਿਹਾ ਕੰਮ ਕਰਵਾ ਕੇ ਘਰ ਵੱਲ ਚਲ ਪਏ। ਜਦੋਂ ਅਸੀਂ ਘਰ ਪੁਜੇ ਤਾਂ ਜੈਲਾ ਮੈਨੂੰ ਉਡੀਕ ਰਿਹਾ ਸੀ। ਉਸ ਨੇ ਦੱਸਿਆ ਕਿ ਮੇਰੇ ਪਿਤਾ ਜੀ ਘਰ ਆ ਗਏ ਹਨ ਤੇ ਤੁਹਾਨੂੰ ਮਿਲਣ ਲਈ ਮੇਰੀ ਮੰਮੀ ਨੇ ਬੁਲਾਇਆ ਹੈ। ਮੈਂ ਤੇ ਕੁਲਵੀਰ ਉਸ ਦੇ ਘਰ ਚਲੇ ਗਏ। ਹਰਮੀਕ ਆਪਣੀ ਪਤਨੀ ਤੋਂ ਮੁਆਫ਼ੀ ਮੰਗ ਰਿਹਾ ਸੀ ਕਿ ਮੈਂ ਬਹੁਤ ਗ਼ਲਤ ਕੀਤਾ ਹੈ ਪਹਿਲਾਂ ਤਾਂ ਮੈਂ ਨਸ਼ੇ ਵਿਚ ਰਿਹਾ ਤੇ ਤੁਹਾਡਾ ਬਿਲਕੁਲ ਧਿਆਨ ਨਹੀਂ ਕੀਤਾ ਮੈਂ ਤੁਹਾਡਾ ਦੋਸ਼ੀ ਹਾਂ ਫਿਰ ਮੈਂ ਤੁਹਾਨੂੰ ਇਕੱਲਿਆਂ ਨੂੰ ਬਿਪਤਾ ਵਿਚ ਪਾ ਕੇ ਘਰੋਂ ਭੱਜ ਗਿਆ ਸੀ। ਇਹ ਤਾਂ ਭਲਾ ਹੋਵੇ ਛਿੰਦੇ ਦਾ ਜਿਸ ਨੇ ਤੁਹਾਨੂੰ ਹੌਸਲਾ ਦਿੱਤਾ ਤੇ ਮੈਨੂੰ ਵੀ ਸਾਰੀ ਸਥਿਤੀ ਤੋਂ ਜਾਣੂ ਕਰਵਾ ਫੈਕਟਰੀ ਮਾਲਿਕ ਨੂੰ ਢੁਕਵੀਂ ਸਜ਼ਾ ਦਿਵਾਉਣ ਦਾ ਇੰਤਜ਼ਾਮ ਕੀਤਾ। ਬਲਰਾਜ ਹੈਰਾਨ ਹੋ ਰਹੀ ਸੀ ਕਿ ਹਰਮੀਕ ਛਿੰਦੇ ਨੂੰ ਪਹਿਲਾਂ ਮਿਲ ਚੁਕਾ ਸੀ ਤੇ ਸਾਰੀਆਂ ਗੱਲਾਂ ਤੋਂ ਜਾਣੂ ਸੀ। ਛਿੰਦੇ ਨੇ ਆਪਣੀ ਯੋਜਨਾ ਮੇਰੇ ਨਾਲ ਸਾਂਝੀ ਨਹੀਂ ਕੀਤੀ ਸਗੋਂ ਮੀਕੇ ਨਾਲ ਸਾਂਝੀ ਕਰ ਲੋੜੀਂਦੀ ਕਾਰਵਾਈ ਕਰ ਦਿਤੀ ਸੀ। ਉਸ ਨੇ ਹਰਮੀਕ ਨੂੰ ਮੁਆਫ ਕਰ ਦਿੱਤਾ। ਉਸ ਸ਼ਾਮ ਦਾ ਖਾਣਾ ਅਸੀਂ ਸਾਰਿਆਂ ਨੇ ਇਕੱਠਾ ਹੀ ਖਾਧਾ ਸੀ ਜੋ ਕਿ ਸੁਖਵੀਰ ਦੇ ਘਰੋਂ ਬਣ ਕੇ ਆਇਆ ਸੀ। ਸੁਖਵੀਰ ਨੇ ਆਪਣੇ ਘਰ ਦੱਸ ਕੇ ਖਾਣਾ ਬਣਾਉਣ ਲਈ ਫੋਨ ਉਪਰ ਹੀ ਕਹਿ ਦਿੱਤਾ ਸੀ ਅਤੇ ਖੁਸ਼ੀ ਨੂੰ ਸਾਂਝੀ ਕਰ ਲਿਆ ਗਿਆ ਸੀ। ਬਲਰਾਜ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕਿਨ੍ਹਾਂ ਸ਼ਬਦਾਂ ਨਾਲ ਛਿੰਦੇ ਦਾ ਧੰਨਵਾਦ ਕਰਨ। ਉਧਰ ਫੈਕਟਰੀ ਮਾਲਿਕ ਜੇਲ ਦੀ ਹਵਾ ਖਾ ਰਿਹਾ ਸੀ ਅਤੇ ਸੋਚ ਰਿਹਾ ਹੋਵੇਗਾ ਕਿ ਮੈਂ ਬਾਲ ਮਜ਼ਦੂਰ ਰੱਖ ਬਹੁਤ ਹੀ ਗਲਤ ਕਰ ਰਿਹਾ ਸੀ ਉਸ ਨੂੰ ਆਪਣੇ ਕੀਤੇ ਤੇ ਪਛਤਾਵਾ ਹੋ ਰਿਹਾ ਹੋਵੇਗਾ।

# ਭੰਬੀਰੀ

ਕੀਤੂ ਇਸ ਘਰ ਦਾ ਪੁਰਾਣਾ ਸੀਰੀ ਸੀ ਪਹਿਲਾਂ ਇਸ ਦਾ ਪਿਓ ਮੋਹਣਾ, ਕਰਮ ਸਿੰਘ ਦਾ ਸੀਰੀ ਹੁੰਦਾ ਸੀ। ਕਰਮ ਸਿੰਘ, ਜਿਹੜਾ ਸ਼ਹਿਤੂਤ ਥੱਲੇ ਅਲਾਣੀ ਮੰਜੀ ਤੇ ਬੈਠਾ ਸੀ, ਨੇ ਕੀਤੂ ਨੂੰ ਆਵਾਜ਼ ਮਾਰ ਕੇ ਆਖਿਆ ਕਿ ਤੂੜੀ ਵਾਲੇ ਕੋਠੇ ਚੋਂ ਘਰ ਦੀ ਕੱਢੀ  ਦਾਰੂ ਦੀ ਬੋਤਲ, ਗਿਲਾਸ ਤੇ ਜੱਗ ਪਾਣੀ ਦਾ ਲੈ ਕੇ ਆ। ਹੁਕਮ ਦੀ ਤਾਮੀਲ ਕਰਦਾ ਹੋਇਆ ਕੀਤੂ ਝੱਟ ਆ ਹਾਜ਼ਰ ਹੋਇਆ। ਕੀਤੂ ਕੰਮ ਦਾ ਛੋਹਲਾ ਸੀ। ਕੋਈ ਕੰਮ ਆਖੋ ਝੱਟ ਕਰ ਦਿਆ ਕਰਦਾ ਸੀ। ਕੀਤੂ ਵਿਚ ਜਾਨ ਸੀ ਤੇ ਕਦੇ ਉਸ ਨੇ ਕੰਮ ਪਿਛੇ ਹੱਟ ਕੁਤਿਆ ਵੀ ਨਹੀਂ ਅਖਵਾਈ ਸੀ। ਉਧਰ ਅੱਜ ਕਰਮ ਸਿੰਘ ਬਹੁਤ ਹੀ ਖੁਸ਼ ਸੀ ਕਿਓਂ ਜੋ ਲਗਭਗ 10 ਸਾਲ ਪਿੱਛੋਂ ਰੱਬ ਨੇ ਸੁਣੀ ਸੀ ਵਾਹਿਗੁਰੂ ਨੇ ਉਸ ਦੇ ਘਰ ਪੋਤਰੇ ਦੀ ਦਾਤ ਬਖਸ਼ੀ ਸੀ। ਉਹ ਅੱਜ ਪੂਰਾ ਹੀ ਖੁਸ਼ ਪੈਗ ਤੇ ਪੈਗ ਚੜਾ ਰਿਹਾ ਸੀ। ਉਸ ਨੇ ਕੀਤੂ ਨੂੰ ਵੀ ਦੋ ਪੈਗ ਉਸ ਦੇ ਵੱਖਰੇ ਗਿਲਾਸ ਵਿਚ ਲਵਾ ਦਿਤੇ ਸਨ। ਉਹ ਇਨੇ ਨਾਲ ਹੀ ਭੰਬੀਰੀ ਬਣ ਗਿਆ ਸੀ ਤੇ ਰਸੋਈ ਵਿਚੋਂ ਮੀਟ ਦਾ ਕੌਲਾ ਭਰ ਲਿਆਇਆ ਸੀ ਤੇ ਸਰਦਾਰ ਅੱਗੇ ਰੱਖ ਦਿੱਤਾ ਸੀ ਨਾਲ ਹੀ ਉਹ ਆਪਣੇ ਲਈ ਇਕ ਖਾਲੀ ਕੌਲ ਲੈ ਆਇਆ ਸੀ ਤੇ ਕਰਮ ਸਿੰਘ ਨੇ ਉਸ ਨੂੰ ਕੁਝ ਸੰਖੀਆਂ ਤੇ ਤਰੀ ਪਾ ਦਿੱਤੀ ਸੀ। ਦੋਵੇਂ ਖੁਸ਼ੀ ਮੰਨਾ ਰਹੇ ਸੀ ਕਿ ਉਧਰੋਂ ਉਸ ਦਾ ਨਾਮਾ ਪੁੱਤ ਖੇਤੋਂ ਮੁੜ ਆਇਆ ਸੀ। ਨਾਮੇ ਦਾ ਪੂਰਾ ਨਾਂ ਗੁਰਨਾਮ ਸੀ ਤੇ ਉਹ ਤਾਂ ਪੂਰਾ ਭਗਤ ਬੰਦਾ ਸੀ ਸਵੇਰੇ ਸਾਝਰੇ ਹੀ ਖੇਤ ਚਲਾ ਜਾਂਦਾ ਸੀ ਤੇ ਕੰਮ ਵਿਚ ਜੁੱਟ ਜਾਇਆ ਕਰਦਾ ਸੀ ਤੇ ਸ਼ਾਮ ਨੂੰ ਘਰ ਮੁੜਿਆ ਕਰਦਾ ਸੀ। ਨਾਮਾ ਤਾਂ ਸਾਚੀ ਮੁਚੀ ਰੱਬ ਦਾ ਭਗਤ ਸੀ ਕਿਸੇ ਨਾਲ ਵੀ ਵਧਵੀਂ ਘਟਵੀਂ ਗੱਲ ਨਹੀਂ ਕਰਦਾ ਸੀ। ਉਸ ਵਿਚ ਤੇ ਕਰਮ ਸਿੰਘ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ ਕਰਮ ਸਿੰਘ ਉਤਰ ਸੀ ਤਾਂ ਨਾਮਾ ਦੱਖਣ ਸੀ। ਲੋਕਾਂ ਵਿਚ ਤਾਂ ਇਹ ਵੀ ਚਰਚਾ ਸੀ ਕਿ ਕਰਮ ਸਿੰਘ ਛੁਟ ਭਲਾਈਓਂ ਸਾਰੇ ਕੰਮ ਹੀ ਕਰਦਾ ਸੀ। ਕਰਮ ਸਿੰਘ ਨੇ ਨਾਮੇ ਨੂੰ ਆਵਾਜ਼ ਦਿੱਤੀ ਕਿ ਆ ਜਾ ਤੂੰ ਵੀ ਮੂੰਹ ਝੂਠਾ ਕਰ ਲੈ। ਭਾਵੇਂ ਉਸ ਨੂੰ ਪਤਾ ਸੀ ਕਿ ਨਾਮਾ ਦਾਰੂ ਨੂੰ ਹੱਥ ਨਹੀਂ ਲਾਉਂਦਾ ਫਿਰ ਵੀ ਉਸ ਨੇ ਸੁਲਾਹ ਮਾਰ ਦਿਤੀ ਸੀ ਕਿ ਉਹ ਵੀ ਖੁਸ਼ੀ ਮੰਨਾ  ਲਵੇ। ਉਸ ਨੂੰ ਦੂਰੋਂ ਹੀ ਨਾਂਹ ਕਰ ਦਿਤੀ ਤੇ ਬੇਬੇ ਕੋਲ ਰੋਟੀ ਖਾਣ ਬੈਠ ਗਿਆ। ਰੋਟੀ ਖਾ ਉਹ ਚੁਬਾਰੇ ਜਾ ਕੇ ਸੌਂ ਗਿਆ। ਉਧਰ ਕਰਮ ਸਿੰਘ ਪੂਰਾ ਨਸ਼ੇ ਵਿਚ ਟੱਲੀ ਹੋ ਛੱਤ ਤੇ ਚੜ ਲਲਕਾਰੇ ਮਾਰਨ ਲੱਗ ਪਿਆ ਅਤੇ ਦੋ ਫਾਇਰ ਵੀ ਕਰ ਦਿਤੇ। ਜਦੋਂ ਉਹ ਲਲਕਾਰੇ ਮਾਰਨ ਤੋਂ ਨਾ ਹੀ ਹਟਿਆ ਤਾਂ ਉਸ ਦੇ ਘਰੋਂ  ਨਿਮੋਂ, ਪੂਰਾ ਨਾਂ ਤਾਂ

ਉਸ ਦਾ ਨਿਰਮਲ ਕੌਰ ਸੀ, ਬੋਲੀ ਜਾ ਵੇ ਕੀਤੁਆ ਉਹ ਨੂੰ ਲਾਹ ਕੇ ਲੈ ਲਿਆ ਕਿਵੇਂ ਪਿੰਡ ਨੂੰ ਸਿਰ ਤੇ ਚੁੱਕਿਆ ਹੋਇਆ। ਕੀਤੂ ਉਸ ਨੂੰ ਥੱਲੇ ਲੈ ਆਇਆ ਅਤੇ ਮੰਜੇ ਤੇ ਪਾ ਦਿਤਾ। ਮੰਜੇ ਤੇ ਡਿਗਦੇ ਸਾਰ ਹੀ ਉਹ ਸੌਂ ਗਿਆ।

ਅਗਲੇ ਦਿਨ ਗੁਰਦਵਾਰੇ ਜਾ ਕੇ ਆਏ, ਹੁਕਮਨਾਮੇ ਵਿਚ ਆਏ ਸ (ਸਸੇ) ਅੱਖਰ ਤੋਂ ਬੱਚੇ ਦਾ ਨਾਮ ਸੁਰਜੀਤ ਸਿੰਘ ਰੱਖ ਲਿਆ। ਹੋਲੀ ਹੋਲੀ ਸੁਰਜੀਤ ਵੱਡਾ ਹੋਣ ਲੱਗਾ ਤੇ ਵੇਹੜੇ ਅੰਦਰ ਖੇਡਣ ਲੱਗ ਪਿਆ। ਸਾਰਾ ਦਿਨ ਉਹ ਕੀਤੂ ਦੇ ਮੁੰਡੇ ਦੇ ਅੱਗੜ-ਪਿੱਛੜ ਹੀ ਰਹਿੰਦਾ ਤੇ ਉਸ ਦਾ ਮੋਹ ਕਰਨ ਲੱਗਾ। ਕੀਤੂ ਦੇ ਮੁੰਡੇ ਦਾ ਨਾਂ ਭਾਵੇਂ ਹਰਪਾਲ ਸੀ ਪਰੰਤੂ ਉਸ ਨੂੰ ਸਾਰੇ ਪਾਲਾ ਹੀ ਆਖਦੇ ਸਨ। ਪਾਲੇ ਦੀ ਉਮਰ ਸੁਰਜੀਤ ਜਿਸ ਨੂੰ ਅਕਸਰ ਪਿਆਰ ਨਾਲ ਸੀਤਾ ਆਖਦੇ ਸਨ ਨਾਲੋਂ ਲਗਭਗ ਛੇ ਸਾਲ ਵਧੇਰੇ ਸੀ। ਕਰਮ ਸਿੰਘ ਨੂੰ ਇਹ ਗੱਲ ਬਿਲਕੁਲ ਹੀ ਚੰਗੀ ਨਹੀਂ ਲਗਦੀ ਜਦੋਂ ਉਹ ਸੀਤੇ ਨੂੰ ਪਾਲੇ ਦੇ ਨਾਲ ਖੇਡਦਿਆਂ ਦੇਖਦਾ ਸੀ। ਪਰੰਤੂ ਸੀਤੇ ਨੂੰ ਤਾਂ ਰਾਤ ਨੂੰ ਵੀ ਆਪਣੇ ਘਰ ਨਹੀਂ ਜਾਣ ਦਿੰਦਾ ਸੀ। ਕਰਮ ਸਿੰਘ ਨੇ ਕੀਤੂ ਦੇ ਘਰ ਵਾਲੀ ਨੂੰ ਆਖਿਆ ਸੀ ਕਿ ਤੂੰ ਪਾਲੇ ਨੂੰ ਘਰ ਛੱਡ ਆਇਆ ਕਰ ਪਰ ਉਹ ਕਹਿੰਦੀ ਇਸ ਨੂੰ ਮੈਂ ਕਿਸ ਕੋਲ ਛੱਡ ਕੇ ਆਵਾਂ ਮੈਂ ਤੇ ਕੀਤੂ ਸਾਰਾ ਦਿਨ ਇਥੇ ਹੀ ਰਹਿੰਦੇ ਹਾਂ। ਇਹ ਸੁਣ ਕਰਮ ਸਿੰਘ ਮੂੰਹ ਅੰਦਰ ਕੁਝ ਨਾ ਕੁਝ ਬੁੜਬੁੜਾਉਂਦਾ ਰਹਿੰਦਾ। ਕੰਮੀਆਂ ਦਾ ਮੁੰਡਾ ਕਿਵੇਂ ਸਰਦਾਰਾਂ ਦੇ ਮੁੰਡੇ ਨਾਲ ਖੇਡਣ ਲੱਗਿਆ। ਪਾਲੇ ਦੀ ਮਾਂ ਨੂੰ ਕੀਤੂ, ਉਸ ਦੇ ਘਰ ਵਾਲੇ ਦੇ ਦੁਰਘਟਨਾ ਵਿਚ ਮਰ ਜਾਣ ਕਾਰਨ, ਆਪਣੇ ਘਰ ਲੈ ਆਇਆ ਸੀ। ਇਸ ਗੱਲ ਦਾ ਕਿਸੇ ਨੂੰ ਵੀ ਇਲਮ ਨਹੀਂ ਸੀ ਕਿ ਕੀਤੂ ਉਸ ਨੂੰ ਕੱਢ ਕੇ ਲਿਆਇਆ ਸੀ ਜਾਂ ਖਰੀਦ ਕੇ ਲਿਆਇਆ ਸੀ। ਪਰ ਹੁਣ ਉਹ ਕੀਤੂ ਦੀ ਪਤਨੀ ਬਣ ਕੇ ਰਹਿ ਰਹੀ ਸੀ। ਦੋਵੇਂ ਖੇਡਦੇ ਖੇਡਦੇ ਵੱਡੇ ਹੋ ਰਹੇ ਸੀ। ਕਰਮ ਸਿੰਘ ਹੁਣ ਸੀਤੇ ਨੂੰ ਸਕੂਲ ਵਿਚ ਭਰਤੀ ਕਰਵਾਉਣ ਦੀ ਇੱਛਾ ਰੱਖਦਾ ਸੀ। ਪਰ ਸੀਤਾ ਸਕੂਲ ਵਲ ਮੂੰਹ ਨਹੀਂ ਕਰਦਾ ਸੀ। ਇੱਕ ਦਿਨ ਮਲੋ ਮੱਲੀ ਸਕੂਲ ਛੱਡ ਆਇਆ ਪਰ ਉਸ ਨੇ ਲਿਟ ਲਿਟ ਕੇ ਬੁਰਾ ਹਾਲ ਕਰ ਲਿਆ ਤਾਂ ਅਧਿਆਪਕ ਨੇ ਉਸ ਨੂੰ ਘਰੇ ਭੇਜ ਦਿਤਾ ਸੀ। ਸਕੂਲ ਜਾਣ ਵੇਲੇ ਰਿਹਾੜ ਕਰਨੀ ਉਸ ਦਾ ਰੋਜ਼ ਦਾ ਕੰਮ ਹੋ ਗਿਆ ਸੀ। ਪਰੰਤੂ ਕਰਮ ਸਿੰਘ ਨੂੰ ਇਸ ਦਾ ਬਹੁਤ ਫਿਕਰ ਸੀ ਕਿ ਲੋਕ ਕੀ ਕਹਿਣਗੇ। ਉਹ ਇਨ੍ਹਾਂ ਸੋਚਾਂ ਵਿਚ ਸੀ ਕਿ ਕਿਵੇਂ ਇਸ ਨੂੰ ਸਕੂਲ ਭੇਜਿਆ ਜਾਵੇ। ਉਸ ਨੇ ਨਾਮੇ ਦੀ ਬੀਬੀ ਨਿਰਮਲ ਨੂੰ ਪੁੱਛਿਆ ਕਿ ਕੀ ਕੀਤਾ ਜਾਵੇ ਤਾਂ ਜੋ ਸੀਤਾ ਸਕੂਲ ਜਾਣ ਲੱਗ ਜਾਵੇ ਤੇ ਚਾਰ ਅੱਖਰ ਇਸ ਦੇ ਢਿੱਡ ਵਿਚ ਪੈ ਜਾਣ। ਉਹ ਤਾਂ ਕੁਝ ਨਾ ਬੋਲੀ ਪਰ ਸੀਤੇ ਦੀ ਮਾਂ ਬੋਲੀ ਪਿਤਾ ਜੀ ਮੈਂ ਕੁਝ ਆਖਾਂ। ਕਰਮ ਸਿੰਘ ਬੋਲਿਆ ਕਿ ਤੂੰ ਵੀ ਦੱਸ ਲੈ। ਮੈਂ ਤਾਂ ਹਾਰ ਮੰਨ ਰਿਹਾ ਹਾਂ। ਉਹ ਆਪਣਾ ਘੁੰਡ ਥੋੜਾ ਨੀਵਾਂ ਕਰ ਕੇ ਬੋਲੀ ਕਿ ਪਾਲੇ ਨੂੰ ਵੀ ਸਕੂਲ ਭੇਜ ਦਿਓ ਤਾਂ ਸੀਤਾ ਵੀ ਚਲਾ ਜਾਵੇਗਾ। ਗੱਲ ਕਰਮ ਸਿੰਘ ਨੂੰ ਜੱਚ ਗਈ। ਅਗਲੇ ਦਿਨ ਉਹ ਦੋਵਾਂ ਨੂੰ ਸਕੂਲ ਲੈ ਗਿਆ। ਸੀਤਾ ਖੁਸ਼ ਸੀ ਤੇ

ਕਰਮ ਸਿੰਘ ਦੋਵਾਂ ਨੂੰ ਦਾਖਲ ਕਰਵਾ ਆਇਆ। ਹੁਣ ਦੋਵੇਂ ਚਾਈਂ-ਚਾਈਂ ਸਕੂਲ ਜਾਂਦੇ ਘਰ ਆ ਕੇ ਇਕੱਠੇ ਖੇਡਦੇ ਤੇ ਖੁਸ਼ ਰਹਿੰਦੇ। ਪਾਲੇ ਨੂੰ ਉਮਰ ਦੇ ਹਿਸਾਬ ਨਾਲ ਤੀਸਰੀ ਜਮਾਤ ਵਿਚ ਤੇ ਸੀਤੇ ਨੂੰ ਪਹਿਲੀ ਵਿਚ ਭਰਤੀ ਕਰ ਲਿਆ ਗਿਆ ਸੀ। ਸੀਤਾ ਪੜ੍ਹਾਈ ਵਿਚ ਦਿਲ ਲਾਉਣ ਲੱਗ ਪਿਆ ਸੀ ਅਤੇ ਪੜ੍ਹਾਈ ਵਿਚ ਹੁਸ਼ਿਆਰ ਹੋ ਗਿਆ। ਹੌਲੀ-ਹੌਲੀ ਅਗਲੀਆਂ ਜਮਾਤਾਂ ਵਿਚ ਚੜ ਰਹੇ ਸੀ। ਸੀਤਾ ਇਤਨਾ ਹੁਸ਼ਿਆਰ ਹੋ ਗਿਆ ਕਿ ਉਹ ਪਾਲੇ ਦੇ ਬਰਾਬਰ ਰਲ ਗਿਆ ਤੇ ਦੋਹਾਂ ਨੇ ਇਕੱਠੇ ਹੀ ਦਸਵੀਂ ਦਾ ਇਮਿਤਹਾਨ ਪਾਸ ਕਰ ਲਿਆ। ਸੀਤੇ ਨੂੰ ਕਾਲਿਜ ਭੇਜਣ ਲਈ ਸੋਚਿਆ ਜਾਣ ਲੱਗਿਆ। ਪਾਲੇ ਨੂੰ ਵੀ ਨਾਲ ਭੇਜਣ ਲਈ ਕਰਮ ਸਿੰਘ ਤਿਆਰ ਨਹੀਂ ਸੀ ਤੇ ਕੀਤੂ ਵੀ ਉਸ ਨੂੰ ਕੰਮ ਤੇ ਲਾਉਣਾ ਚਾਹੁੰਦਾ ਸੀ।ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਇੱਕ ਦਿਨ ਨਾਮਾ ਤੇ ਕੀਤੂ ਖੇਤੋਂ ਵਾਪਿਸ ਆ ਰਹੇ ਸੀ ਕੇ ਟੋਏ ਵਿਚੋਂ ਟਰਾਲੀ ਉੱਛਲ ਪਈ ਤੇ ਕੀਤੂ ਥੱਲੇ ਡਿਗ ਪਿਆ ਉਸ ਦੇ ਸਿਰ ਵਿਚ ਸੱਟ ਵੱਜ ਗਈ ਤੇ ਉਹ ਸੜਕ ਤੇ ਹੀ ਪਿਆ ਰਹਿ ਗਿਆ ਭਾਵੇਂ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਨਾਂਹ ਵਿਚ ਸਿਰ ਫੇਰ ਦਿੱਤਾ। ਹੁਣ ਪਾਲਾ ਤੇ ਮਾਂ ਇਕੱਲੇ ਰਹਿ ਗਏ। ਪਾਲਾ ਆਪਣੀ ਮਾਂ ਨੂੰ ਲੈ ਕੇ ਪਟਨੇ ਚਲਾ ਗਿਆ ਜਿਥੇ ਉਸ ਦੇ ਚਾਚੇ ਦਾ ਮੁੰਡਾ ਟਰੱਕ ਚਲਾਉਂਦਾ ਸੀ ਤੇ ਉਸ ਨੇ ਪਾਲੇ ਨੂੰ ਡਰਾਈਵਰ ਲਾ ਦਿੱਤਾ। ਇਸ ਸਾਰੀ ਘਟਨਾ ਕਰਮ ਤੇ ਸੁਰਜੀਤ ਨੂੰ ਬਹੁਤ ਦੁੱਖ ਹੋਇਆ ਉਹ ਆਪਣੇ ਇੱਕ ਦੋਸਤ ਤੋਂ ਵਾਂਝਾ ਹੋ ਗਿਆ ਸੀ। ਕਰਮ ਸਿੰਘ ਇਸ ਗਲੋਂ ਖੁਸ਼ ਸੀ ਕਿ ਇੱਕ ਕੰਮੀ ਕਮੀਣ ਤੋਂ ਸੁਰਜੀਤ ਦਾ ਖਹਿੜਾ ਛੁਟ ਗਿਆ ਸੀ। ਪਰੰਤੂ ਸੁਰਜੀਤ ਬੁਝਿਆ ਬੁਝਿਆ ਰਹਿੰਦਾ ਸੀ। ਸਮਾਂ ਆਪਣੀ ਚਾਲ ਚਲਦਾ ਗਿਆ। ਸੁਰਜੀਤ ਕਾਲਿਜ ਦੀ ਪੜ੍ਹਾਈ ਖਤਮ ਕਰ ਮੁਕਾਬਲੇ ਦੇ ਇਮਿਤਹਾਨ ਦੀ ਤਿਆਰੀ ਵਿਚ ਰੁਝ ਗਿਆ ਉਸ ਨੇ ਪੂਰੀ ਮੇਹਨਤ ਕੀਤੀ ਤੇ ਪਹਿਲੀ ਵਾਰ ਵਿਚ ਹੀ ਬੈਂਕ ਦਾ ਇਮਿਤਹਾਨ ਪਾਸ ਕਰ ਲਿਆ। ਉਸ ਦੀ ਪਹਿਲੀ ਨੌਕਰੀ ਪਟਨੇ ਵਿਚ ਲੱਗ ਗਈ। ਮਨ ਹੀ ਮਨ ਉਸ ਨੂੰ ਤਸੱਲੀ ਸੀ ਕਿ ਹੁਣ ਉਹ ਆਪਣੇ ਦੋਸਤ ਪਾਲੇ ਨੂੰ ਮਿਲਿਆ ਕਰੇਗਾ। ਉਧਰ ਪਾਲੇ ਨੇ ਆਪਣੇ ਕਾਰੋਬਾਰ ਨੂੰ ਵਧਾ ਲਿਆ ਸੀ। ਉਸ ਨੇ ਆਪਣੀ ਟਰਕਿੰਗ ਕੰਪਨੀ ਬਣਾ ਲਈ ਸੀ। ਜਦੋਂ ਸੁਰਜੀਤ ਨੇ ਸਮਾਂ ਮਿਲਣ ਤੇ ਪਾਲੇ ਦੀ ਭਾਲ ਕੀਤੀ ਤਾਂ ਉਸ ਨੂੰ ਜਿਆਦਾ ਮੁਸ਼ਕਿਲ ਨਹੀਂ ਆਈ ਸੀ। ਉਸ ਨੇ ਖਾਤੇ ਪੜਤਾਲ ਕੀਤੇ ਤਾਂ ਉਸ ਨੂੰ ਹਰਪਾਲ ਸਿੰਘ ਦੇ ਨਾਂ ਤੇ ਖਾਤਾ ਲੱਭ ਲਿਆ ਤੇ ਉਸ ਦੇ ਫੋਨ ਤੇ ਗੱਲ ਕੀਤੀ ਤੇ ਜਾਣ ਪਛਾਣ ਕੀਤੀ ਤਾਂ ਉਸ ਦਾ ਪਾਲਾ ਹੀ ਨਿਕਲਿਆ। ਉਸ ਨੂੰ ਬੈਂਕ ਵਿਚ ਬੁਲਾ ਲਿਆ। ਦੋਵੇਂ ਮਿਲ ਕੇ ਬਹੁਤ ਹੀ ਖੁਸ਼ ਹੋਏ। ਪਾਲ ਆਪ ਆ ਕੇ ਸੁਰਜੀਤ ਨੂੰ ਆਪਣੇ ਘਰ ਲੈ ਗਿਆ ਆਪਣੀ ਪਤਨੀ ਨਾਲ ਮਿਲਵਾਇਆ। ਜਦੋਂ ਉਸ ਦੀ ਬੀਬੀ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਕੁਝ ਸਮਾਂ ਬਿਮਾਰ ਰਹਿਣ ਪਿੱਛੋਂ ਚਲ ਬੱਸੀ ਸੀ। ਸੁਰਜੀਤ ਨੇ ਦੁੱਖ ਜਤਾਇਆ। ਸੁਰਜੀਤ ਦੇ ਰਹਿਣ

ਦੀ ਸਮੱਸਿਆ ਹਰਪਾਲ ਨੇ ਸੁਲਝਾਉਣ ਦਾ ਯਤਨ ਕੀਤਾ। ਪਰ ਉਸ ਨੂੰ ਆਪਣਾ ਨੀਵੀਂ ਜਾਤ ਦਾ ਹੋਣਾ ਉਸ ਵਿਚ ਅੜਿੱਕਾ ਲੱਗਾ ਉਸ ਨੂੰ ਯਾਦ ਸੀ ਕਿਵੇਂ ਉਸ ਦੇ ਘਰ ਵਾਲੇ ਸਾਨੂੰ ਨੀਵੀਂ ਜਾਤ ਦਾ ਸਮਝ ਕੇ ਸਾਡੇ ਨਾਲ ਵਰਤਾਵ ਕਰਦੇ ਸਨ। ਉਸ ਨੂੰ ਪਤਾ ਸੀ ਕਿ ਸੁਰਜੀਤ ਉਸ ਦੇ ਘਰ ਰਹਿਣਾ ਮਨਜ਼ੂਰ ਨਹੀਂ ਕਰੇਗਾ ਜਾਤ ਪਾਤ ਦੀ ਦੀਵਾਰ ਨੂੰ ਮਿਟਾਉਣਾ ਬਹੁਤ ਔਖਾ ਲੱਗ ਰਿਹਾ ਸੀ। ਪਰੰਤੂ ਜਦੋਂ ਸੁਰਜੀਤ ਨੇ ਆਖਿਆ ਕਿ ਪਾਲੇ ਤੇਰਾ ਘਰ ਕਾਫੀ ਵੱਡਾ ਹੈ ਜੇ ਤੈਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਮੈਂ ਇਥੇ ਹੀ ਰਹਿ ਲਵਾਂਗਾ ਤੇ ਬਣਦਾ ਕਿਰਾਇਆ ਦੇ ਦਿਆ ਕਰਾਂਗਾ। ਇਹ ਸੁਣ ਪਾਲੇ ਨੇ ਗੁਸਾ ਕੀਤਾ ਤੇ ਕਿਹਾ ਜੇ ਕਰ ਕਿਰਾਇਆ ਦੇਣਾ ਹੈ ਤਾਂ ਤੇਰੀ ਮੇਰੀ ਕੋਈ ਲਿਹਾਜ਼ ਨਹੀਂ। ਸੁਰਜੀਤ ਨੇ ਵਾਤਾਵਰਨ ਨੂੰ ਸੁਖਾਵਾਂ ਕਰਣ ਲਈ ਆਖਿਆ ਕੇ ਚਲ ਠੀਕ ਹੈ ਮੈਂ ਰੋਟੀ ਵੀ ਭਾਬੀ ਜੀ ਦੀ ਪੱਕੀ ਹੀ ਖਾਇਆ ਕਰਾਂਗਾ। ਇਹ ਗੱਲ ਜਦੋਂ ਪਾਲੇ ਦੀ ਵਹੁਟੀ ਨੂੰ ਪਤਾ ਲੱਗੀ ਤਾਂ ਉਹ ਬਹੁਤ ਖੁਸ਼ ਹੋਈ। ਹਰਪਾਲ ਨੂੰ ਜਾਤ ਪਾਤ ਵਾਲੀ ਕੰਧ ਪੇਤਲੀ ਪੈਂਦੀ ਜਾਪੀ।

ਸੁਰਜੀਤ ਨੂੰ ਹਾਲੇ ਤਕ ਯਾਦ ਸੀ ਜਦੋਂ ਵੀ ਪਾਲਾ ਓਹਦੇ ਨਾਲ ਘਰੇ ਜਾਂਦਾ ਸੀ ਤਾਂ ਚਾਹ ਪੀਣ ਲਈ ਉਸ ਨੂੰ ਗਿਲਾਸ ਘਰੋਂ ਹੀ ਲੈ ਕੇ ਜਾਣਾ ਪੈਂਦਾ ਸੀ ਕਿਓਂ ਜੋ ਸਾਡੇ ਗੁਰੂ ਸਾਹਿਬਾਨ ਦੁਆਰਾ ਜਾਤੀਵਾਦ ਦੀ ਜੜ੍ਹ ਖਤਮ ਕਰਨ ਲਈ ਸੰਗਤ ਅਤੇ ਪੰਗਤ ਦਾ ਉਪਰਾਲਾ ਪੰਜਾਬ ਵਿਚੋਂ ਵਿਚੋਂ ਖਤਮ ਨਹੀਂ ਹੋ ਸਕਿਆ ਸੀ ਅਤੇ ਹਾਲੇ ਵੀ ਪਲੇਗ ਦੀ ਬਿਮਾਰੀ ਵਾਂਗ ਚਿੰਬੜਿਆ ਹੋਇਆ ਸੀ। ਜੇ ਕਰ ਕਦੇ ਸੁਰਜੀਤ ਆਪਣੇ ਘਰ ਦੇ ਗਿਲਾਸ ਵਿਚ ਪਾਲੇ ਨੂੰ ਚਾਹ ਜਾਂ ਪਾਣੀ ਦੇ ਦਿਆ ਕਰਦਾ ਸੀ ਤਾਂ ਉਸ ਦੀ ਦਾਦੀ ਉਸ ਗਿਲਾਸ ਨੂੰ ਚੁਨੀ ਨਾਲ ਫੜ ਕੇ ਚੁੱਲ੍ਹੇ ਦੀ ਸਵਾਹ ਵਿਚ ਚਲਾਵਾਂ ਹੀ ਸੁੱਟ ਦਿਆ ਕਰਦੀ ਸੀ। ਦਾਦੀ ਦੇ ਇਹ ਵਤੀਰਾ ਸੁਰਜੀਤ ਨੂੰ ਬਿਲਕੁਲ ਵੀ ਚੰਗਾ ਨਹੀਂ ਲੱਗਦਾ ਸੀ ਪਰ ਉਹ ਕੁਝ ਬੋਲਦਾ ਨਹੀਂ ਸੀ। ਇਸ ਕਾਰਨ ਹੀ ਉਸ ਨੇ ਪਾਲੇ ਦੇ ਘਰ ਵਿਚ ਰਹਿ ਉਨ੍ਹਾਂ ਦੇ ਘਰ ਹੀ ਆਪਣੇ ਰੋਟੀ ਲਈ ਹਾਂ ਕੀਤੀ ਸੀ। ਉਸ ਦੇ ਵਿਚਾਰ ਅਨੁਸਾਰ ਕੰਮੀ ਤੇ ਸਰਦਾਰ ਵਿਚਲੀ ਵਿੱਥ ਨੂੰ ਉਹ ਮੇਟਣਾ ਚਾਹੁੰਦਾ ਸੀ। ਉਸ ਨੂੰ ਇਹ ਵੀ ਇਲਮ ਸੀ ਕਿ ਉਸ ਦੇ ਘਰ ਵਾਲੇ ਉਸ ਦੇ ਇਸ ਫੈਸਲੇ ਨੂੰ ਨਕਾਰਣਗੇ ਤੇ ਬਦਲਵੇਂ ਪ੍ਰਬੰਧ ਕਰਨ ਲਈ ਆਖਣਗੇ। ਉਸ ਨੇ ਮਨ ਹੀ ਮਨ ਉਨ੍ਹਾਂ ਦੀ ਇਸ ਸਬੰਧ ਵਿਚ ਦਿੱਤੀ ਕਿਸੇ ਵੀ ਸਲਾਹ ਨੂੰ ਨਕਾਰਨ ਦਾ ਫੈਸਲਾ ਕਰ ਲਿਆ ਸੀ।

ਸੁਰਜੀਤ ਨੂੰ ਨੌਕਰੀ ਤੇ ਆਏ ਨੂੰ ਦੋ ਮਹੀਨੇ ਹੋ ਗਏ ਸਨ ਤੇ ਉਹ ਚਾਹੁੰਦਾ ਹੋਇਆ ਵੀ ਆਪਣੇ ਘਰ ਨਹੀਂ ਜਾ ਸਕਿਆ ਸੀ। ਉਹ ਹਰਪਾਲ ਦੇ ਪਰਿਵਾਰ ਵਿਚ ਹੀ ਰਹਿ ਰਿਹਾ ਸੀ। ਦੋਵੇਂ ਦੋਸਤ ਦਿਨ ਭਰ ਕੰਮਾਂ ਤੇ ਰਹਿੰਦੇ ਸੀ ਸ਼ਾਮ ਨੂੰ ਮਿਲ ਕੇ ਗੱਲਾਂ ਕਰਦੇ ਸੀ ਕਦੇ ਪੁਰਾਣੀਆਂ ਸਕੂਲ ਦੀਆਂ ਗੱਲਾਂ ਛੋਹ ਬਹਿੰਦੇ ਸੀ ਕਦੇ ਪਿੰਡ ਦੀਆਂ ਕਰਦੇ ਰਹਿੰਦੇ ਸੀ। ਭਾਵੇਂ ਹਰਪਾਲ ਟਰੱਕ ਡਰਾਈਵਰ ਰਿਹਾ ਸੀ ਉਸ ਨੇ ਆਪਣੇ ਆਪ ਨੂੰ ਨਸ਼ੇ ਤੋਂ ਦੂਰ ਹੀ ਰੱਖਿਆ ਸੀ। ਸੁਰਜੀਤ ਵੀ ਜੱਟਾਂ ਦਾ

ਮੁੰਡਾ ਸੀ ਉਹ ਵੀ ਕੋਈ ਨਸ਼ਾ ਨਹੀਂ ਕਰਦਾ ਸੀ। ਸ਼ਾਮ ਨੂੰ ਮਿਲ ਜੁਲ ਕੇ ਪਾਠ ਕਰ ਲੈਂਦੇ ਸੀ ਤੇ ਘਰ ਦਾ ਵਾਤਾਵਰਨ ਧਾਰਮਿਕ ਹੀ ਸੀ। ਹਰਪਾਲ ਦੀ ਘਰ ਵਾਲੀ ਗੁਰਪ੍ਰੀਤ ਜਿਸ ਨੂੰ ਹਰਪਾਲ ਪਿਆਰ ਨਾਲ ਗੁਰੋ ਆਖਦਾ ਸੀ ਉਨ੍ਹਾਂ ਨਾਲ ਮਿਲ ਬੈਠ ਕੇ ਧਾਰਮਿਕ ਵਿਚਾਰ ਸੁਣਦੀ ਰਹਿੰਦੀ ਸੀ ਅਤੇ ਰਲ ਕੇ ਪਾਠ ਵੀ ਕਰਿਆ ਕਰਦੀ ਸੀ। ਸੁਰਜੀਤ ਦਾ ਜੀਅ ਪਰਿਵਾਰ ਵਿਚ ਲੱਗਾ ਹੋਇਆ ਸੀ।

ਸੁਰਜੀਤ ਦੇ ਬੈਂਕ ਵਿਚ ਤਿੰਨ ਛੁੱਟੀਆਂ ਇਕੱਠੀਆਂ ਆ ਗਈਆਂ ਤਾਂ ਉਸ ਨੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਘਰ ਪੁੱਜ ਕੇ ਆਪਣੇ ਪਰਿਵਾਰ ਵਿਚ ਸਾਰਿਆਂ ਨੂੰ ਮਿਲਿਆ। ਜਦੋਂ ਘਰੇ ਰੋਟੀ ਪਾਣੀ ਖਾ ਕੇ ਗੱਲਾਂ ਕਰ ਰਹੇ ਸੀ ਤਾਂ ਉਸ ਨੇ ਕੰਮ ਲਈ ਰੱਖੀ ਔਰਤ ਵਲ ਨਿਗਾਹ ਮਾਰੀ ਤਾਂ ਉਸ ਦੇਖਿਆ ਕਿ ਉਸ ਔਰਤ ਨਾਲ ਇਕ ਜਵਾਨ ਲੜਕੀ ਵੀ ਸੀ ਜੋ ਕਿ ਪੜ੍ਹੀ ਲਿਖੀ ਲੱਗਦੀ ਸੀ। ਉਸ ਨੇ ਆਪਣੀ ਮਾਂ ਨੂੰ ਉਨ੍ਹਾਂ ਬਾਰੇ ਪੁੱਛਿਆ ਤਾਂ ਮਾਂ ਨੇ ਦੱਸਿਆ ਕਿ ਇਸ ਲੜਕੀ ਦਾ ਪਿਤਾ ਜਿਆਦਾ ਕਰਜ਼ਾ ਹੋ ਜਾਣ ਕਾਰਨ ਖੂਹ ਵਿਚ ਛਾਲ ਮਾਰ ਕੇ ਖੁਦਕਸ਼ੀ ਕਰ ਗਿਆ ਸੀ। ਇਨ੍ਹਾਂ ਵਿਚਾਰੀਆਂ ਦੀ ਹਾਲਤ ਦੇਖ ਕੇ ਅਸੀਂ ਇਹਨਾਂ ਨੂੰ ਕੰਮ ਕਰਨ ਲਈ ਰੱਖ ਲਿਆ ਸੀ। ਲੜਕੀ ਪੜ੍ਹਦੀ ਸੀ ਉਸ ਨੂੰ ਹਟਾ ਲਿਆ ਸੀ ਤੇ ਉਹ ਵੀ ਮਾਂ ਨਾਲ ਹੀ ਕੰਮ ਕਰਵਾਉਂਦੀ ਹੈ। ਸੁਰਜੀਤ ਸੁਣ ਕੇ ਚੁੱਪ ਕਰ ਗਿਆ। ਉਸ ਨੇ ਮਨ ਵਿਚ ਸੋਚਿਆ ਕੇ ਇਸ ਲੜਕੀ ਨੂੰ ਪੜ੍ਹਨੋਂ ਨਹੀਂ ਹਟਾਉਣਾ ਚਾਹੀਦਾ ਸੀ ਜੇ ਚਾਰ ਅੱਖਰ ਪੜ੍ਹ ਜਾਂਦੀ ਤਾਂ ਘਰ ਦੀ ਹਾਲਤ ਸੁਧਰ ਸਕਦੀ ਸੀ। ਉਸ ਨੇ ਮਾਂ ਨੂੰ ਆਖਿਆ ਕਿ ਤੁਸੀਂ ਇਸ ਦੀ ਮਾਂ ਨੂੰ ਪੁੱਛ ਲਵੋ ਜੇ ਉਹ ਸਹਿਮਤ ਹੈ ਤਾਂ ਲੜਕੀ ਨੂੰ ਫੇਰ ਤੋਂ ਪੜ੍ਹਨ ਲਾ ਦਿੱਤਾ ਜਾਵੇ ਉਸ ਦਾ ਖਰਚ ਮੈਂ ਦੇ ਸਕਦਾ ਹਾਂ। ਲੜਕੀ ਤੇ ਉਸ ਦੀ ਮਾਂ ਨਾਲ ਗੱਲ ਕੀਤੀ ਪਹਿਲਾਂ ਤਾਂ ਉਸ ਨੇ ਹਾਮੀ ਨਾ ਭਰੀ ਫੇਰ ਸੁਰਜੀਤ ਦੇ ਜ਼ੋਰ ਦੇਣ ਤੇ ਅਤੇ ਲੜਕੀ ਦੀ ਪੜ੍ਹਨ ਦੀ ਇੱਛਾ ਦੇਖ ਹਾਂ ਕਰ ਦਿਤੀ। ਸੁਰਜੀਤ ਨੂੰ ਯਕੀਨ ਸੀ ਉਹ ਇਸ ਲੜਕੀ ਨੂੰ ਵਿਦਿਆ ਦਾ ਗਹਿਣਾ ਦੇਣ ਵਿਚ ਸਫਲ ਹੋਵੇਗਾ। ਸਕੂਲ ਵਿਚ ਲੜਕੀ ਨੂੰ ਪੜ੍ਹਨ ਲਾ ਦਿੱਤਾ ਗਿਆ। ਲੜਕੀ ਪੜ੍ਹਾਈ ਵਿਚ ਹੁਸ਼ਿਆਰ ਸੀ। ਸਮੇਂ ਦੀ ਚਾਲ ਨਾਲ ਲੜਕੀ ਨੇ ਦਸਵੀਂ ਕਰ ਲਈ। ਸੁਰਜੀਤ ਸਮੇਂ ਸਮੇਂ ਤੇ ਫੋਨ ਕਰ ਉਸ ਦੀ ਪੜ੍ਹਾਈ ਸਬੰਧੀ ਪੁੱਛਦਾ ਰਹਿੰਦਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕੇ ਲੜਕੀ ਨੇ ਚੰਗੇ ਨੰਬਰਾਂ ਨਾਲ ਦਸਵੀਂ ਕਰ ਲਈ ਹੈ ਤਾਂ ਮਨ ਹੀ ਮਨ ਬਹੁਤ ਖੁਸ਼ ਹੋਇਆ। ਉਸ ਨੇ ਲੜਕੀ ਨੂੰ ਮੁਕਾਬਲੇ ਦਾ ਇਮਿਤਹਾਨ ਦੇਣ ਦੀ ਸਲਾਹ ਦਿਤੀ। ਸੁਰਜੀਤ ਦੀ ਸਲਾਹ ਕਾਰਨ ਲੜਕੀ ਨੇ ਪੂਰੀ ਮਿਹਨਤ ਕਰ ਕੇ ਮੁਕਾਬਲੇ ਦਾ ਇਮਿਤਿਹਾਨ ਪਾਸ ਕਰ ਲਿਆ। ਉਸ ਨੂੰ ਵੀ ਬੈਂਕ ਵਿਚ ਕਲਰਕ ਦੀ ਨੌਕਰੀ ਮਿਲ ਗਈ। ਉਸ ਨੂੰ ਸਿਖਲਾਈ ਲਈ ਭੇਜ ਦਿੱਤਾ ਗਿਆ। ਸਿਖਲਾਈ ਉਪਰੰਤ ਉਸ ਨੂੰ ਪਿੰਡ ਦੇ ਨੇੜੇ ਦੀ ਬੈਂਕ ਵਿਚ ਲਾ ਦਿੱਤਾ ਗਿਆ। ਉਸ ਦੀ ਮਾਂ ਬਹੁਤ ਹੀ ਖੁਸ਼ ਹੋਈ। ਉਹ ਤਾਂ ਸੁਰਜੀਤ ਦੇ ਗੁਣ ਗਾਉਂਦੀ ਨਹੀਂ ਥੱਕਦੀ ਸੀ। ਲੜਕੀ ਦੀ ਮਾਂ ਨੇ ਸੁਰਜੀਤ ਦੇ ਜ਼ਿਮੇਂ ਇਹ

ਕੰਮ ਲਾ ਦਿਤਾ ਕਿ ਕੋਈ ਚੰਗਾ ਮੁੰਡਾ ਵੇਖ ਹੁਣ ਇਸ ਦੇ ਵਿਆਹ ਦਾ ਵੀ ਪੁੰਨ ਖੱਟ ਲਵੇ। ਸੁਰਜੀਤ ਦੇ ਬੈਂਕ ਵਿਚ ਹੀ ਇੱਕ ਮੁੰਡਾ ਕਲਰਕ ਸੀ ਜੋ ਬਹੁਤ ਹੀ ਧਾਰਮਿਕ ਸੁਭਾਅ ਦਾ ਸੀ, ਨਾਲ ਗੱਲ ਕੀਤੀ ਤੇ ਉਹ ਕੁੜੀ ਨਾਲ ਗੱਲ ਕਰਨੀ ਚਾਹੁੰਦਾ ਸੀ ਅਤੇ ਮਾਪਿਆਂ ਨੂੰ ਵੀ ਲੜਕੀ ਵਿਖਾਉਣੀ ਚਾਹੁੰਦਾ ਸੀ। ਇਸ ਦਾ ਪ੍ਰਬੰਧ ਵੀ ਕਰ ਲਿਆ ਗਿਆ। ਦੋਵੇਂ ਧਿਰਾਂ ਦੀ ਸਹਿਮਤੀ ਹੋਈ ਤਾਂ ਛੇਤੀ ਹੀ ਵਿਆਹ ਕਰ ਦਿਤਾ ਗਿਆ। ਹਰਪਾਲ ਦਾ ਪਰਿਵਾਰ ਵੀ ਇਸ ਵਿਆਹ ਵਿਚ ਸ਼ਾਮਿਲ ਹੋਇਆ ਸੀ। ਹਰਪਾਲ ਨੂੰ ਦੇਖ ਸੁਰਜੀਤ ਦੇ ਘਰ ਵਾਲੇ ਖੁਸ਼ ਹੋ ਗਏ। ਹਰਪਾਲ ਨੇ ਗੱਲਾਂ-ਗੱਲਾਂ ਵਿਚ ਦੱਸ ਦਿਤਾ ਕਿ ਸੁਰਜੀਤ ਵੀ ਸਾਡੇ ਨਾਲ ਹੀ ਰਹਿ ਰਿਹਾ ਹੈ। ਉਸ ਵਕਤ ਤਾਂ ਸੁਰਜੀਤ ਦੇ ਘਰ ਵਾਲੇ ਚੁੱਪ ਰਹੇ ਪਰ ਉਨ੍ਹਾਂ ਨੇ ਘਰ ਵਿਚ ਵਿਚਾਰ ਕੀਤੀ ਤਾਂ ਸੁਰਜੀਤ ਦੇ ਦਾਦਾ ਦਾਦੀ ਭੜਕ ਪੈ ਕਿ ਬੈਂਕ ਵਿਚ ਅਫਸਰ ਲੱਗ ਇਹ ਵੱਡਾ ਹੋ ਗਿਆ ਹੈ ਸਾਡੇ ਨਾਲ ਕੋਈ ਵਿਚਾਰ ਨਹੀਂ ਕੀਤੀ ਤੇ ਸਾਨੂੰ ਤਾਂ ਇਹ ਦੱਸਿਆ ਸੀ ਕਿ ਬੈਂਕ ਨੇ ਵਧੀਆ ਰਿਹਾਇਸ਼ ਦਿਤੀ ਹੋਈ ਹੈ। ਦਾਦੇ ਨੇ ਫੋਨ ਤੇ ਹੀ ਸੁਰਜੀਤ ਨੂੰ ਪੁੱਛਿਆ ਕੇ ਤੂੰ ਤਾਂ ਕਹਿੰਦਾ ਸੀ ਕਿ ਮੈਂ ਬੈਂਕ ਦੀ ਰਿਹਾਇਸ਼ ਵਿਚ ਹਾਂ। ਸੁਰਜੀਤ ਨੇ ਜੁਆਬ ਵਿਚ ਕਿਹਾ ਕਿ ਬੈਂਕ ਨੇ ਰਿਹਾਇਸ਼ ਦਿਤੀ ਸੀ ਮੇਰਾ ਉਸ ਵਿਚ ਇੱਕਲੇ ਦਾ ਜੀਅ ਨਹੀਂ ਲਗਦਾ ਸੀ ਤੇ ਮੈਂ ਹਰਪਾਲ ਕੋਲ ਆ ਗਿਆ ਸੀ। ਹੁਣ ਇਨ੍ਹਾਂ ਕੋਲ ਹੀ ਹਾਂ ਤਾਂ ਦਾਦੇ ਨੇ ਕਿਹਾ ਕਿ ਤੂੰ ਇਕ ਨੀਵੀਂ ਜਾਤ ਨਾਲ ਰਹਿ ਕੇ ਸਾਡੀ ਨੱਕ ਵੱਢਾ ਦਿੱਤੀ ਹੈ। ਸੁਰਜੀਤ ਫੋਨ ਤੇ ਬਹਿਸ ਨਾ ਕੀਤੀ ਤੇ ਫੋਨ ਇਹ ਕਹਿ ਕੇ ਕੱਟ ਦਿਤਾ ਕੇ ਮੈਂ ਦਫ਼ਤਰ ਤੋਂ ਲੇਟ ਹੋ ਰਿਹਾ ਹਾਂ ਫੇਰ ਗੱਲ ਕਰਾਂਗਾ।

ਸਾਰਾ ਦਿਨ ਬੈਂਕ ਦੇ ਕੰਮ ਵਿਚ ਰੁਝਿਆ ਰਿਹਾ। ਸ਼ਾਮ ਨੂੰ ਥੱਕਿਆ ਟੁੱਟਿਆ ਘਰ ਆਇਆ। ਥੋੜ੍ਹੀ ਦੇਰ ਅਰਾਮ ਕੀਤਾ ਉਸ ਨੂੰ ਗੁਰਪ੍ਰੀਤ ਨੇ ਚਾਹ ਬਣਾ ਕੇ ਦਿੱਤੀ ਤੇ ਆਪ ਵੀ ਉਨ੍ਹਾਂ ਕੋਲ ਬੈਠ ਚਾਹ ਪੀਣ ਲੱਗ ਗਈ। ਹਰਪਾਲ ਨੇ ਪੁੱਛਿਆ ਕੇ ਸੁਰਜੀਤ ਕੀ ਗੱਲ ਹੈ ਅੱਜ ਤਬੀਅਤ ਠੀਕ ਨਹੀਂ ਲਗਦੀ। ਸੁਰਜੀਤ ਨੇ ਕਿਹਾ ਕਿ ਘਰ ਦਿਆਂ ਨੂੰ ਪਤਾ ਲੱਗ ਗਿਆ ਹੈ ਕੇ ਮੈਂ ਤੁਹਾਡੇ ਨਾਲ ਰਹਿ ਰਿਹਾ ਹਾਂ। ਉਹ ਹੁਣ ਗੁੱਸੇ ਹੋ ਰਹੇ ਹਨ। ਹਰਪਾਲ ਨੇ ਦੱਸਿਆ ਕਿ ਇਹ ਤਾਂ ਮੈਂ ਹੀ ਦੱਸਿਆ ਸੀ। ਤਾਂ ਇਹ ਤੇਰੀ ਹੀ ਸ਼ਰਾਰਤ ਹੈ, ਸੁਰਜੀਤ ਬੋਲਿਆ। ਨਹੀਂ ਮੈਂ ਤਾਂ ਸੁਭਾਵਿਕ ਹੀ ਗੱਲ ਕੀਤੀ ਸੀ ਮੈਨੂੰ ਕਿ ਪਤਾ ਸੀ ਰਾਈ ਦਾ ਪਹਾੜ ਬਣ ਜਾਵੇਗਾ। ਕੋਈ ਨਹੀਂ ਸੋਚਦੇ ਹਾਂ ਇਸ ਦਾ ਹੱਲ ਵੀ ਹੁਣ ਤਾਂ ਅਰਾਮ ਕੀਤਾ ਜਾਵੇ। ਇਹ ਆਖ ਹਰਪਾਲ ਤੇ ਗੁਰਪ੍ਰੀਤ ਸੌਣ ਲਈ ਚਲੇ ਗਏ। ਸੁਰਜੀਤ ਵੀ ਥੱਕਿਆ ਹੋਇਆ ਸੀ ਉਸ ਨੂੰ ਵੀ ਨੀਂਦ ਆ ਗਈ।

ਅਗਲੇ ਦਿਨ ਸੁਰਜੀਤ ਤੇ ਹਰਪਾਲ ਆਪਣੇ ਆਪਣੇ ਕੰਮਾਂ ਤੇ ਚਲੇ ਗਏ। ਜਦੋਂ ਸਮਾਂ ਮਿਲਿਆ ਉਸ ਨੇ ਆਪਣੇ ਘਰ ਫੋਨ ਮਿਲਾ ਲਿਆ ਤਾ ਆਪਣੀ ਮਾਂ ਨੂੰ ਦੱਸ ਦਿਤਾ ਕਿ ਮੈਂ ਹਰਪਾਲ ਦੇ ਨਾਲ ਹੀ ਰਹਾਂਗਾ। ਉਹ ਸਿਆਣਾ ਹੈ ਪਾਠ

ਭਜਨ ਕਰਦਾ ਹੈ। ਮੈਨੂੰ ਉਸ ਨਾਲ ਰਹਿਣ ਵਿਚ ਕੋਈ ਤਕਲੀਫ ਨਹੀਂ ਹੈ। ਤੁਸੀਂ ਦਾਦਾ ਦਾਦੀ ਨੂੰ ਦੱਸ ਦੇਣਾ। ਜੇ ਉਹ ਅਜੇ ਵੀ ਗੁੱਸੇ ਹਨ ਤਾਂ ਉਨ੍ਹਾਂ ਦੀ ਮਰਜ਼ੀ ਹੈ।

ਹੋਰ ਹਾਲ ਇਹ ਹੈ ਕੇ ਮੇਰੇ ਨਾਲ ਦੇ ਸ਼ਹਿਰ ਵਿਚ ਇਕ ਲੜਕੀ ਅਫਸਰ ਲੱਗੀ ਹੋਈ ਹੈ ਮੈਂ ਉਸ ਨੂੰ ਪਸੰਦ ਕਰਦਾ ਹਾਂ ਤੇ ਉਸ ਦੇ ਮਾਪਿਆਂ ਨੇ ਸਾਡੇ ਵਿਆਹ ਲਈ ਹਾਂ ਕਰ ਦਿਤੀ ਹੈ। ਜੇ ਕਰ ਤੁਹਾਨੂੰ ਮਨਜ਼ੂਰ ਹੋਵੇ ਤਾਂ ਮੈਂ ਗੱਲ ਨੂੰ ਅਗੇ ਵਧਾ ਸਕਦਾ ਹਾਂ। ਸਲਾਹ ਕਰ ਕੇ ਦੱਸ ਦੇਣਾ। ਸ਼ਾਮ ਨੂੰ ਜਦੋਂ ਗੁਰਨਾਮ ਘਰੇ ਆਇਆ ਤਾਂ ਉਸ ਨੇ ਸੁਰਜੀਤ ਨਾਲ ਹੋਈ ਸਾਰੀ ਗੱਲ ਦੱਸ ਦਿਤੀ ਤੇ ਮਾਤਾ ਜੀ ਤੇ ਪਿਤਾ ਜੀ ਨਾਲ ਸਲਾਹ ਕਰਨ ਲਈ ਆਖਿਆ। ਪਹਿਲਾਂ ਤਾਂ ਉਨ੍ਹਾਂ ਨੇ ਨਰਾਜ਼ਗੀ ਦਿਖਾਈ ਫੇਰ ਗੁਰਨਾਮ ਨੂੰ ਕਹਿਣ ਲੱਗੇ ਤੂੰ ਆਪਦੀ ਘਰ ਵਾਲੀ ਨਾਲ ਸਲਾਹ ਕਰ ਲੈ। ਸਲਾਹ ਕਰ ਲੈਣ ਪਿੱਛੋਂ ਗੁਰਨਾਮ ਨੇ ਕਿਹਾ ਕਿ ਉਸ ਨੂੰ ਠੀਕ ਲਗਦਾ ਹੈ ਤਾਂ ਸਾਨੂੰ ਤਾਂ ਕੋਈ ਇਤਰਾਜ਼ ਨਹੀਂ। ਕਰਮ ਸਿੰਘ ਤੇ ਨਿਰਮਲ ਨੇ ਨਰਾਜ਼ਗੀ ਦੂਰ ਕਰ ਆਖਿਆ ਕਿ ਚਲ ਵੇਲ ਵਧੇਗੀ ਤੇ ਉਸ ਨੂੰ ਸਾਥੀ ਮਿਲ ਜਾਵੇਗਾ ਤਾਂ ਉਹ ਵੀ ਹਰਪਾਲ ਤੋਂ ਦੂਰ ਹੋ ਜਾਵੇਗਾ। ਸੁਰਜੀਤ ਨੂੰ ਕਹਿ ਦੇ ਕਿ ਵਿਆਹ ਤਾਂ ਧੂਮਧਾਮ ਨਾਲ ਕਰਾਂਗੇ। ਸ਼ਾਮ ਵੇਲੇ ਸੁਰਜੀਤ ਨੂੰ ਫੋਨ ਤੇ ਰਜ਼ਾਮੰਦੀ ਦੇ ਦਿੱਤੀ ਗਈ।

ਸੁਰਜੀਤ ਦਾ ਵਿਆਹ ਗੁਰਜੀਤ ਨਾਲ ਧੂਮ ਧਾਮ ਨਾਲ ਕਰ ਦਿਤਾ ਗਿਆ। ਜਦੋਂ ਕਰਮ ਸਿੰਘ ਨੂੰ ਗੁਰਜੀਤ ਦੀ ਜਾਤ ਦਾ ਪਤਾ ਲੱਗਿਆ ਕਿ ਉਹ ਤਾਂ ਨੀਵੀਂ ਜਾਤ ਦੀ ਹੈ ਤਾਂ ਉਹ ਉਸ ਦੇ ਹੱਥੋਂ ਪਾਣੀ ਫੜਨ ਤੋਂ ਵੀ ਇਨਕਾਰੀ ਹੋ ਗਿਆ। ਸੁਰਜੀਤ ਨਾਲ ਉਹ ਨਰਾਜ਼ ਹੋ ਗਿਆ। ਸੁਰਜੀਤ ਨੇ ਆਪਣੇ ਦਾਦੇ ਨੂੰ ਸਮਝਾਇਆ ਕਿ ਬਾਪੂ ਭਾਵੇਂ ਜਾਤ ਤੇਰੇ ਹਿਸਾਬ ਨਾਲ ਨੀਵੀਂ ਹੈ ਪ੍ਰੰਤੂ ਸਾਫ-ਸਫਾਈ ਵਿਚ ਸਾਡੇ ਤੋਂ ਦੋ ਰੱਤੀਆਂ ਅੱਗੇ ਹਨ। ਸਾਰਾ ਪਰਿਵਾਰ ਪੜ੍ਹਿਆ ਹੋਇਆ ਹੈ। ਗੁਰੂ ਗਰੰਥ ਸਾਹਿਬ ਵਿਚ ਪੂਰਨ ਵਿਸ਼ਵਾਸ ਰੱਖਦੇ ਹਨ। ਤੁਸੀਂ ਉਸ ਨੂੰ ਆਪਣੀ ਨੂੰਹ ਸਮਝੋ ਤੇ ਪਿਆਰ ਦਿਆ ਕਰੋ। ਦਾਦੇ ਨੇ ਹਾਮੀ ਭਰੀ ਕਿ ਸੁਰਜੀਤ ਤੂੰ ਸਾਡੀਆਂ ਅੱਖਾਂ ਤੋਂ ਪਰਦਾ ਹਟਾ ਦਿੱਤਾ ਹੈ। ਮੈਂ ਤੇਰੀ ਦਾਦੀ ਨੂੰ ਸਮਝਾਵਾਂਗਾ ਕਿ ਇਹ ਜਾਤਾਂ ਦਾ ਵਹਿਮ ਛੱਡ ਦੇਵੇ ਕਿਉਂ ਜੋ ਸਾਰੇ ਹੀ ਜੀਵ ਉਸ ਪ੍ਰਮਾਤਮਾ ਦੇ ਬਣਾਏ ਹੋਏ ਹਨ ਸਾਰੀਆਂ ਦੇ ਅੰਦਰ ਇੱਕੋ ਜਿਹਾ ਹੀ ਖੂਨ ਦੌੜਦਾ ਹੈ। ਤੁਸੀਂ ਆਪਣੇ ਆਪਣੇ ਕੰਮਾਂ ਤੇ ਜਾਓ ਅਤੇ ਹਮੇਸ਼ਾ ਖੁਸ਼ ਰਹੋ। ਵਾਹਿਗੁਰੂ ਤੁਹਾਨੂੰ ਲੰਮੀਆਂ ਉਮਰਾਂ ਬਖਸ਼ੇ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ। ਉਸ ਪਰਮਾਤਮਾ ਦਾ ਸਿਮਰਨ ਕਰਿਆ ਕਰੋ।

ਸੁਰਜੀਤ ਅਤੇ ਹਰਪਾਲ ਖੁਸ਼ ਸਨ ਕਿ ਉਨ੍ਹਾਂ ਨੇ ਜਾਤ ਪਾਤ ਦੀ ਦੀਵਾਰ ਵਿਚ ਮਘੋਰਾ ਕਰ ਦਿਤਾ ਸੀ ਅਤੇ ਇਸ ਮਿਸ਼ਨ ਨੂੰ ਅਗੇ ਹੋਰ ਅਗੇ ਲੈ ਕੇ ਜਾਣ ਲਈ ਯਤਨ ਕਰਦੇ ਰਹਿਣਗੇ।

# ਮਤਰੇਈ ਮਾਂ

ਘਰ ਅਤੇ ਮਕਾਨ ਵਿਚ ਅੰਤਰ ਹੁੰਦਾ ਹੈ। ਕੰਕਰੀਟ ਦੀ ਬਣੀ ਚਾਰ ਦੀਵਾਰੀ ਘਰ ਨਹੀਂ ਮਕਾਨ ਅਖਵਾਉਂਦੀ ਹੈ। ਘਰ ਉਹ ਹੁੰਦਾ ਹੈ ਜਿਸ ਥਾਂ ਉਪਰ ਤੁਹਾਡੇ ਬਚਪਨ ਦੀਆਂ ਕਿਲਕਾਰੀਆਂ ਗੂੰਜੀਆਂ ਹੁੰਦੀਆਂ ਹਨ। ਘਰ ਦੇ ਵਿਚ ਤੁਹਾਡੇ ਸੁਰਮਈ ਸੁਪਨੇ ਰੰਗੀਨੀ ਨਾਲ ਲਬਰੇਜ਼ ਹੋਇਆ ਕਰਦੇ ਹਨ। ਘਰ ਤੁਹਾਡੇ ਅੰਦਰਲੇ ਅਰਮਾਨਾਂ ਨੂੰ ਅਕਾਸ਼ੀ ਪੁੱਜਦਾ ਕਰਨ ਦਾ ਜ਼ਰੀਆ ਬਣਿਆ ਕਰਦਾ ਹੈ। ਘਰ ਅਤੇ ਘਰ ਵਿਚ ਵੀ ਬਹੁਤ ਸਾਰਾ ਵਖਰੇਵਾਂ ਹੁੰਦਾ ਹੈ। ਫਰਕ ਰੀਝਾਂ ਦਾ ਹੁੰਦਾ ਹੈ ਜਿਹੜੀਆਂ ਘਰ ਨਾਲ ਹੀ ਜੁੜੀਆਂ ਹੁੰਦੀਆਂ ਹਨ। ਕਈ ਵਾਰ ਸਾਨੂੰ ਬਾਹਰਲਾ ਘਰ ਏਧਰ ਵਾਲੇ ਘਰ ਨਾਲੋਂ ਲੁਭਾਵਣਾ ਲਗਦਾ ਹੈ। ਕਈ ਘਟਨਾਵਾਂ ਐਸੀਆਂ ਵਾਪਰ ਜਾਂਦੀਆਂ ਹਨ ਜੋ ਸਾਨੂੰ ਆਪਣੇ ਘਰ ਵਲ ਨੀਝ ਨਾਲ ਤੱਕਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਅਜਿਹੀਆਂ ਘਟਨਾਵਾਂ ਕਾਰਨ ਆਪਣੇ ਹੀ ਘਰ ਦਾ ਹੇਰਵਾ ਨਾ ਜਿਉਣ ਦਿੰਦਾ ਹੈ ਨਾ ਹੀ ਮਰਨ ਲਈ ਮਜਬੂਰ ਕਰਦਾ ਹੈ। ਅਕਸਰ ਆਖਿਆ ਜਾਂਦਾ ਹੈ ਕਿ ਮਰਦ ਮਕਾਨ ਬਣਾਉਂਦਾ ਹੈ ਅਤੇ ਔਰਤ ਘਰ ਦੀ ਸਿਰਜਣਾ ਕਰਦੀ ਹੈ।

ਇਹ ਜ਼ਰੂਰੀ ਨਹੀਂ ਘਰ ਵੱਡੇ ਸ਼ਹਿਰ ਦੇ ਵਿਚ ਵੱਡੀ ਕੋਠੀ ਜਾਂ ਬੰਗਲੇ ਵਰਗਾ ਕੋਈ ਰਾਜਾ ਸ਼ਾਹੀ ਮਹੱਲ ਹੋਵੇ ਅਤੇ ਉਸ ਵਲਗਣ ਮੀਲਾਂ ਬੱਧੀ ਹੋਵੇ ਜਾਂ ਘਰ ਮਿੱਟੀ ਦਾ ਢਾਰਾ ਜਾਂ ਕੰਮੀਆਂ ਦੀ ਬਸਤੀ ਅੰਦਰ ਨਿੱਕਾ ਜਿਹਾ ਕੋਠਾ ਹੋਵੇ। ਘਰ ਵਿਚ ਖੁਸ਼ੀ ਵੱਸਦੀ ਹੋਣੀ ਚਾਹੀਦੀ ਹੈ। ਘਰ ਦੇ ਅੰਦਰ ਸ਼ਕੂਨ ਦਾ ਵਾਸਾ ਸ਼ਾਂਤੀ ਦਾ ਠਹਿਰਾਅ ਸਿਰ ਢਕਣ ਲਈ ਉਪਰ ਛੱਤ ਅਤੇ ਆਤਮਾ ਦੀ ਤ੍ਰਿਪਤੀ ਹੋਣੀ ਬਹੁਤ ਹੀ ਜ਼ਰੂਰੀ ਹੈ। ਅਜਿਹੇ ਘਰ ਦੇ ਅੰਦਰ ਹੀ ਖੁਲ ਕੇ ਅੰਗੜਾਈਆਂ ਲਈਆਂ ਜਾ ਸਕਦੀਆਂ ਹਨ। ਘਰ ਬ੍ਰਹਿਮੰਡ ਦੇ ਸੱਤਾਂ ਅਜੂਬਿਆਂ ਤੋਂ ਨਿਆਰਾ ਪ੍ਰਤੀਤ ਹੁੰਦਾ ਹੈ। ਅਕਾਰ ਦੀ ਕੋਈ ਅਹਿਮੀਅਤ ਨਹੀਂ ਹੁੰਦੀ ਹੈ। ਜਿਸ ਘਰ ਅੰਦਰ ਪੈਰ ਪਾਉਂਦਿਆਂ ਹੀ ਤੁਹਾਡੇ ਵਿਯੋਗ ਵਿਚ ਵਾਪਰੀਆਂ ਗੱਲਾਂ ਬਾਤਾਂ ਪਰਤ ਦਰ ਪਰਤ ਆਪਣਾ ਰੂਪ ਦਿਖਾਉਣ ਲਗ ਜਾਂਦੀਆਂ ਹਨ। ਕਈ ਵਾਰ ਅਜੇਹੀ ਸਥਿਤੀ ਆਓਂਦੀ ਹੈ ਕਿ ਹੁੰਦਿਆਂ ਸੁੰਦਿਆਂ ਵੀ ਸਾਨੂੰ ਆਪਣਾ ਘਰ ਨਹੀਂ ਲਭਦਾ। ਬਹੁਤ ਵਾਰ ਅਜਿਹਾ ਵੀ ਡਿਠਾ ਹੈ ਕਿ ਔਰਤ ਦੀ ਹਿੰਮਤ ਸਦਕਾ ਘਰ ਕਿਸੇ ਪੰਜ ਤਾਰਾ ਹੋਟਲ ਦਾ ਕਮਰੇ ਨੂੰ ਵੀ ਮਾਤ ਪਾ ਰਿਹਾ ਹੁੰਦਾ ਹੈ।

ਇਸ ਲਈ ਲੋੜ ਹੈ ਘਰ ਦੇ ਅੰਦਰ ਮੋਹ ਦੇ ਦੀਵੇ ਬਾਲੇ ਜਾਣ ਕੁਦਰਤ ਵਲੋਂ ਬਖ਼ਸ਼ਿਸ਼ ਕੀਤੀਆਂ ਨਿਆਮਤਾਂ ਨਾਲ ਇਕ ਮਿਕ ਹੋ ਆਪਣੇ ਜੀਵਨ ਦੇ ਸੁਪਨਿਆਂ

ਨੂੰ ਸਹੀ ਸੇਧ ਵੱਲ ਲੈ ਕੇ ਜਾਣ ਦੇ ਲਈ ਯਤਨਸ਼ੀਲ ਰਹੀਏ।

ਕੇਹਰ ਸਿੰਘ ਆਪਣੇ ਘਰ ਵਿਚ ਖੁਸ਼ੀ ਨਾਲ ਰਹਿ ਰਿਹਾ ਸੀ। ਉਸ ਦਾ ਪਰਿਵਾਰ ਜਿਸ ਵਿਚ ਉਹ, ਉਸ ਦੀ ਪਤਨੀ ਛਿੰਦੋ, ਪੂਰਾ ਨਾਂ ਉਸ ਦਾ ਸੁਰਿੰਦਰ ਕੌਰ ਸੀ, ਅਤੇ ਇਕ ਉਨ੍ਹਾਂ ਦਾ ਪਿਆਰਾ ਲਾਲ ਜਿਸ ਨੂੰ ਉਹ ਪਿਆਰ ਨਾਲ ਕੀਤੂ ਆਖਦੇ ਸਨ ਨਾਂ ਉਸ ਦਾ ਭਾਵੇਂ ਮਲਕੀਤ ਸਿੰਘ ਸੀ। ਉਸ ਦੇ ਦੋਸਤ ਮਿੱਤਰ ਵੀ ਉਸ ਨੂੰ ਕੀਤੂ ਹੀ ਆਖਦੇ ਸਨ। ਸਵੇਰੇ ਸ਼ਾਮ ਉਹ ਆਪਣੇ ਦੋਸਤਾਂ ਨਾਲ ਖੇਡਦਾ ਰਹਿੰਦਾ ਸੀ। ਕੇਹਰ ਸਿੰਘ ਸਵੇਰੇ ਸਾਝਰੇ ਹੀ ਖੇਤਾਂ ਵਿਚ ਚਲਾ ਜਾਇਆ ਕਰਦਾ ਸੀ ਅਤੇ ਪਿੱਛੋਂ ਛਿੰਦੋ ਘਰ ਦਾ ਕੰਮ ਧੰਦਾ ਕਰਦੀ ਰਹਿੰਦੀ ਸੀ ਅਤੇ ਆਪਣੇ ਲਾਲ ਨਾਲ ਜੀ ਪ੍ਰਚਾਈ ਰੱਖਦੀ ਸੀ। ਉਹ ਹਰ ਰੋਜ਼ ਹੀ ਆਪਣੇ ਕੀਤੂ ਨੂੰ ਲੈ ਕੇ ਗੁਰਦਵਾਰੇ ਵੀ ਚਲੀ ਜਾਇਆ ਕਰਦੀ ਸੀ। ਜ਼ਿੰਦਗੀ ਆਪਣੀ ਚਾਲੇ ਚਲ ਰਹੀ ਸੀ। ਇਕ ਦਿਨ ਉਹ ਗੁਰਦਵਾਰੇ ਤੋਂ ਵਾਪਿਸ ਆ ਰਹੀ ਸੀ ਕੀਤੂ ਵੀ ਉਸ ਦੇ ਨਾਲ ਸੀ। ਪਿੱਛੋਂ ਤੇਜ਼ ਰਫਤਾਰ ਵਿਚ ਆ ਰਹੀ ਕਾਰ ਨੇ ਉਸ ਨੂੰ ਟੱਕਰ ਮਾਰੀ ਤੇ ਉਹ ਸੜਕ ਦੇ ਉਪਰ ਡਿੱਗ ਪਈ। ਉਸ ਦੀ ਉਂਗਲ ਕੀਤੂ ਨਾਲੋਂ ਛੁੱਟ ਗਈ ਤੇ ਉਹ ਦੂਰ ਜਾ ਡਿੱਗਾ। ਛਿੰਦੋ ਦੇ ਡਿਗਦਿਆਂ ਹੀ ਉਸ ਦਾ ਸਿਰ ਸੜਕ ਤੇ ਵੱਜਾ ਤੇ ਖੂਨ ਦੀ ਧਤੀਰੀ ਵਹਿ ਤੁਰੀ। ਲੋਕ ਇੱਕਠੇ ਹੋ ਗਏ ਕਾਰ ਵਾਲਾ ਕਾਰ ਭਜਾ ਕੇ ਨਿਕਲ ਗਿਆ। ਲੋਕਾਂ ਨੇ ਛਿੰਦੋ ਨੂੰ ਉਠਾਇਆ ਤੇ ਹਸਪਤਾਲ ਪੁਚਾਇਆ ਗਿਆ। ਕੀਤੂ ਵੀ ਨਾਲ ਹੀ ਸੀ ਉਹ ਘਬਰਾਇਆ ਹੋਇਆ ਸੀ। ਉਸ ਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਕੀ ਹੋ ਗਿਆ ਹੈ। ਕਿਸੇ ਨੇ ਕੇਹਰ ਸਿੰਘ ਨੂੰ ਖ਼ਬਰ ਕਰ ਦਿਤੀ ਤੇ ਉਹ ਵੀ ਹਸਪਤਾਲ ਪੁੱਜ ਗਿਆ। ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਭਾਣਾ ਵਰਤ ਚੁਕਾ ਸੀ। ਕੇਹਰ ਸਿੰਘ ਦੇ ਘਰ ਦੀਆਂ ਖੁਸ਼ੀਆਂ ਉੱਡ ਪੁੱਡ ਗਈਆਂ ਸਨ। ਉਹ ਆਪਣੇ ਕੀਤੂ ਨੂੰ ਦੇਖ ਕੁਝ ਸੰਭਲਿਆ। ਉਸ ਦੀਆਂ ਸੱਟਾਂ ਤਾਂ ਮਾਮੂਲੀ ਹੀ ਸਨ। ਡਾਕਟਰ ਨੇ ਉਸ ਨੂੰ ਦਵਾਈ ਦੇ ਦਿਤੀ ਸੀ। ਕੇਹਰ ਸਿੰਘ, ਹੋਰ ਲੋਕਾਂ ਦੀ ਮਦਦ ਨਾਲ ਅੰਤਿਮ ਰਸਮਾਂ ਨਿਭਾਈਆਂ। ਸਮੇਂ ਨਾਲ ਕੀਤੂ ਦੇ ਜ਼ਖਮ ਠੀਕ ਹੋ ਗਏ। ਕੇਹਰ ਦੀ ਜ਼ਿੰਦਗੀ ਵਿਚ ਹੁਣ ਸਾਰੀਆਂ ਰਾਤਾਂ ਹੀ ਕਾਲੀਆਂ ਹੋ ਚੁਕੀਆਂ ਸਨ। ਉਹ ਆਪਣੇ ਕੀਤੂ ਦੀ ਦੇਖ ਭਾਲ ਵਿਚ ਰੁਝ ਗਿਆ। ਸਮੇਂ ਨਾਲ ਕੀਤੂ ਵੱਡਾ ਹੋ ਗਿਆ ਉਸ ਨੂੰ ਸਕੂਲ ਭੇਜ ਦਿੱਤਾ ਗਿਆ। ਉਹ ਆਪਣੀਆਂ ਪੜ੍ਹਾਈ ਵਿਚ ਰੁਝ ਗਿਆ। ਸਮਾਂ ਆਪਣੀ ਚਾਲੇ ਚੱਲ ਰਿਹਾ ਸੀ। ਜਿਹੜੇ ਵੀ ਲੋਕ ਕੇਹਰ ਸਿੰਘ ਨੂੰ ਮਿਲਦੇ ਉਹ ਇਹੋ  ਹੀ ਸਲਾਹ ਦਿੰਦੇ ਕਿ ਤੇਰੀ ਇਤਨੀ ਉਮਰ ਪਈ ਹੈ ਇੱਕਲਿਆਂ ਕਿਵੇਂ ਨਿਕਲੇਗੀ ਤੂੰ ਹੋਰ ਵਿਆਹ ਕਰਵਾ ਲੈ। ਉਸ ਨੂੰ ਸਲਾਹ ਤਾਂ ਠੀਕ ਹੀ ਜਾਪਦੀ ਸੀ ਪ੍ਰੰਤੂ ਉਸ ਨੂੰ ਕੀਤੂ ਦਾ ਫਿਕਰ ਸੀ ਕਿ ਮਤਰੇਈਆਂ ਮਾਵਾਂ ਬੱਚਿਆਂ ਨਾਲ ਠੀਕ ਵਿਵਹਾਰ ਨਹੀਂ ਕਰਦੀਆਂ ਅਤੇ ਘਰ ਵੀ ਘਰ ਨਹੀਂ ਰਹੇਗਾ ਇਹ ਇੱਕ ਮਕਾਨ ਬਣ ਜਾਵੇਗਾ। ਕੀਤੂ ਦਾ ਭਵਿੱਖ ਕਿਵੇਂ ਸੁਰੱਖਿਅਤ ਕੀਤਾ ਜਾਵੇ। ਉਧਰ ਕੀਤੂ ਵੀ ਵੱਡਾ ਹੋ ਰਿਹਾ ਸੀ ਅਤੇ ਦਸਵੀਂ ਜਮਾਤ ਵਿਚ ਹੋ ਗਿਆ ਸੀ।

ਕੇਹਰ ਸਿੰਘ ਨੇ ਸੋਚਾਂ ਸੋਚਣ ਤੋਂ ਬਾਅਦ ਇਹ ਨਿਰਣਾ ਕਰ ਲਿਆ ਕੇ ਜੇ ਕਰ ਜ਼ਮੀਨ ਕੀਤੂ ਦੇ ਨਾਂ ਕਰਵਾ ਦਿੱਤੀ ਜਾਵੇ ਤਾਂ ਠੀਕ ਰਹੇਗਾ ਅਤੇ ਜਦੋਂ ਮੈਂ ਬੈਠਾ ਹਾਂ ਤਾਂ ਮੈਂ ਇਸ ਜ਼ਮੀਨ ਦੀ ਦੇਖ ਭਾਲ ਕਰਾਂਗਾ ਤੇ ਮੇਰੇ ਮਰਨ ਤੋਂ ਬਾਅਦ ਵਾਰਿਸ ਕੀਤੂ ਹੀ ਹੋਵੇਗਾ।

ਉਸ ਨੇ ਸਰਪੰਚ ਤੇ ਹੋਰ ਮੈਂਬਰਾਂ ਨਾਲ ਸਲਾਹ ਕਰ ਅਤੇ ਉਨ੍ਹਾਂ ਦੀ ਗਵਾਹੀ ਪਵਾ ਕੇ ਜ਼ਮੀਨ ਕੀਤੂ ਦੇ ਨਾਂ ਕਰਵਾ ਦਿੱਤੀ। ਹੁਣ ਉਸ ਨੇ ਨੇੜਲੇ ਪਿੰਡ ਦੀ ਸੁਰਜੀਤ ਕੌਰ ਨਾਲ ਹੋਰ ਵਿਆਹ ਕਰਵਾ ਲਿਆ ਅਤੇ ਦੁਬਾਰਾ ਖੁਸ਼ੀਆਂ ਨੂੰ ਘਰ ਵਿਚ ਲਿਆਉਣ ਦਾ ਯਤਨ ਕਰ ਲਿਆ। ਉਹ ਉਸ ਨੂੰ ਪਿਆਰ ਨਾਲ ਸੀਤੋ ਆਖਣ ਲੱਗ ਪਿਆ ਸੀ। ਕੀਤੂ ਆਪਣੀ ਅਗਲੀ ਪੜ੍ਹਾਈ ਲਈ ਕਾਲਿਜ ਚਲਾ ਗਿਆ। ਉਹ ਕਦੇ ਕਦੇ ਛੁੱਟੀਆਂ ਵਿਚ ਘਰ ਆ ਜਾਂਦਾ ਸੀ ਤੇ ਘਰ ਵਿਚ ਸੀਤੋ ਦੇ ਵਤੀਰੇ ਨੂੰ ਵੇਖਦਾ ਸੀ ਜਿਹੜਾ ਉਸ ਨੂੰ ਆਪਣੀ ਮਾਂ ਜਿਹਾ ਨਹੀਂ ਲਗਦਾ ਸੀ। ਉਸ ਨੂੰ ਇਹ ਘਰ ਹੁਣ ਆਪਣਾ ਘਰ ਨਹੀਂ ਲਗਦਾ ਸੀ। ਭਾਵੇਂ ਕੀਤੂ ਉਸ ਨੂੰ ਮਾਂ ਹੀ ਸਮਝਦਾ ਸੀ ਤੇ ਬੇਬੇ ਹੀ ਆਖਦਾ ਸੀ ਪ੍ਰੰਤੂ ਉਹ ਸਮਝਦਾ ਸੀ ਕਿ ਸੀਤੋ ਮੇਰੀ ਅਸਲ ਮਾਂ ਨਹੀਂ ਹੈ ਜਦੋਂ ਆਪਣੇ ਬਾਪ ਨਾਲ ਉਸ ਦੇ ਵਤੀਰੇ ਬਾਰੇ ਦਸਦਾ ਸੀ ਤਾਂ ਉਹ ਉਸ ਨੂੰ ਸੁਣ ਲੈਂਦਾ ਸੀ ਪਰ ਕੋਈ ਵੀ ਪ੍ਰਤੀਕਰਮ ਨਹੀਂ ਦਿੰਦਾ ਸੀ। ਹੋਲੀ ਹੋਲੀ ਉਸ ਦੀ ਪੜ੍ਹਾਈ ਪੂਰੀ ਹੋ ਗਈ ਤਾਂ ਉਹ ਘਰ ਆ ਕੇ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਨ ਲੱਗ ਪਿਆ ਸੀ। ਉਸ ਨੇ ਆਪਣੇ ਬਾਪ ਨਾਲ ਬੈਠ ਕੇ ਸ਼ਰਾਬ ਪੀਣੀ ਸ਼ੁਰੂ ਕਰ ਲਈ ਸੀ। ਬਾਹਰ ਆਪਣੇ ਸਾਥੀਆਂ ਨਾਲ ਰਲ ਕੇ ਹੋਰ ਨਸ਼ੇ ਕਰਨ ਲੱਗ ਪਿਆ ਸੀ। ਉਧਰ ਦੋ ਚਾਰ ਸਾਲਾਂ ਵਿਚ ਉਸ ਦੇ ਦੋ ਭਰਾ ਹੋਰ ਵਾਹਿਗੁਰੂ ਨੇ ਬਖਸ਼ ਦਿਤੇ ਸੀ। ਕੇਹਰ ਸਿੰਘ ਚਾਹੁੰਦਾ ਸੀ ਕਿ ਕੀਤੂ ਹੁਣ ਖੇਤੀ ਵਿਚ ਦਿਲਚਸਪੀ ਲਵੇ ਪ੍ਰੰਤੂ ਉਹ ਤਾਂ ਨਸ਼ਿਆਂ ਵਿਚ ਹੀ ਮਸਤ ਰਹਿੰਦਾ ਸੀ। ਸਮੇਂ ਦੀ ਚਾਲ ਨਾਲ ਕੇਹਰ ਸਿੰਘ ਦੀ ਹੋਰ ਉਲਾਦ ਵੀ ਵੱਡੀ ਹੋ ਰਹੀ ਸੀ। ਉਹ ਖੇਤਾਂ ਵਿਚ ਆਪਣੇ ਬਾਪੂ ਨਾਲ ਜਾਣ ਲੱਗ ਪਏ ਸਨ। ਕੇਹਰ ਸਿੰਘ ਉਨ੍ਹਾਂ ਨੂੰ ਸਕੂਲ ਵਿਚ ਲਾਉਣਾ ਚਾਹੁੰਦਾ ਸੀ। ਪਰ ਉਹ ਸਕੂਲ ਜਾਣ ਲਈ ਬਿਲਕੁਲ ਹੋ ਰਾਜ਼ੀ ਨਹੀਂ ਸਨ। ਉਹ ਹੁਣ ਖੇਤਾਂ ਵਿਚ ਕੰਮ ਕਰਵਾਉਂਦੇ ਸਨ ਅਤੇ ਆਪਣੇ ਬਾਪੂ ਦਾ ਸਹਾਰਾ ਸਨ। ਕੇਹਰ ਸਿੰਘ ਨੂੰ ਫਿਕਰ ਸੀ ਕੇ ਕੀਤੂ ਤਾਂ ਉਸ ਦੀ ਸਾਰੀ ਜਾਇਦਾਦ ਨਸ਼ਿਆਂ ਵਿਚ ਤਬਾਹ ਕਰ ਦੇਵੇਗਾ। ਉਹ ਸੀਤੋ ਨਾਲ ਵੀ ਸਲਾਹ ਨਹੀਂ ਕਰਦਾ ਸੀ ਕਿਓਂ ਜੋ ਜੇ ਉਸ ਨੂੰ ਪਤਾ ਲਗਦਾ ਕਿ ਜ਼ਮੀਨ ਤਾਂ ਕੀਤੂ ਦੇ ਨਾਂ ਕਰਵਾਈ ਹੋਈ ਹੈ ਤੇ ਉਸ ਦੇ ਬਾਲਕਾਂ ਨੂੰ ਕੁਝ ਵੀ ਮਿਲਣ ਵਾਲਾ ਨਹੀਂ ਹੈ ਤਾਂ ਘਰ ਦੀਆਂ ਖੁਸ਼ੀਆਂ ਨੂੰ ਇਕ ਵਾਰ ਫੇਰ ਲਾਂਬੂ ਲੱਗ ਜਾਣੇ ਸੀ। ਉਹ ਅੰਦਰੋ ਅੰਦਰ ਗ਼ਮਗੀਨ ਹੋਇਆ ਹੋਇਆ ਸੀ। ਉਸ ਨੂੰ ਹੁਣ ਸਮਝ ਨਹੀਂ ਆਓਂਦਾ ਸੀ ਕਿ ਹੁਣ ਕੀ ਕੀਤਾ ਜਾਵੇ। ਇਸ ਗਮ ਵਿਚ ਹੀ ਉਹ ਬਿਮਾਰ ਰਹਿਣ ਲੱਗ ਪਿਆ ਸੀ। ਸੀਤੋ ਉਸ ਦੀ ਹਾਲਤ ਦੇਖ ਉਸ ਨੂੰ ਕੀਤੂ ਦੇ ਵਿਆਹ ਬਾਰੇ ਆਖਦੀ ਸੀ ਤਾਂ ਉਹ ਸਮਝਦਾ

ਸੀ ਕਿ ਇਸ ਨਸ਼ਿਆਂ ਵਿਚ ਰਹਿਣ ਵਾਲੇ ਨੂੰ ਕੌਣ ਆਪਣੀ ਕੁੜੀ ਦੇਵੇਗਾ। ਜੇ ਕਰ ਉਹ ਉਸ ਨੂੰ ਕੁੰਵਾਰਾ ਛੱਡ ਦੂਜਿਆਂ ਦੇ ਵਿਆਹ ਦੀ ਗੱਲ ਚਲਾਉਂਦਾ ਸੀ ਤਾਂ ਉਸ ਨੂੰ ਬਿਲਕੁਲ ਠੀਕ ਨਹੀਂ ਲੱਗਦਾ ਸੀ। ਇਹ ਇੱਕ ਹੋਰ ਸੋਚ ਉਸ ਦੀ ਚਿੰਤਾ ਵਿਚ ਵਾਧਾ ਕਰਦੀ ਸੀ।

ਅਖੀਰ ਇੱਕ ਦਿਨ ਉਸ ਨੇ ਜ਼ਮੀਨ ਵਾਲਾ ਭੇਦ ਸੀਤੋ ਨਾਲ ਸਾਂਝਾ ਕਰ ਉਸ ਨਾਲ ਸਲਾਹ ਕਰਨ ਲੱਗਾ ਕੇ ਕੋਈ ਹੱਲ ਕਰੀਏ ਤਾਂ ਜੋ ਘਰ ਦੀ ਗੱਲ ਘਰ ਵਿਚ ਹੀ ਰਹਿ ਜਾਵੇ। ਸੀਤੋ ਨੇ ਸੋਚਿਆ ਕੇ ਕੀਤੂ ਨੇ ਨਸ਼ੇ ਵਿਚ ਰਹਿਣਾ ਹੈ ਤੇ ਜਦੋਂ ਕੇਹਰ ਸਿੰਘ ਪੂਰਾ ਹੋ ਗਿਆ ਤਾਂ ਸਾਡਾ ਤਾਂ ਕੁਝ ਨਹੀਂ ਬਣਨਾ। ਉਸ ਨੇ ਆਪਣੇ ਮੁੰਡਿਆਂ ਨਾਲ ਰੱਲ ਕੇ ਵਿਓਂਤ ਬਣਾਈ ਕੇ ਕਿਵੇਂ ਨਾ ਕਿਵੇਂ ਜਾਇਦਾਦ ਦੇ ਕਾਗਜ਼ਾਂ ਉਪਰ ਕੇਹਰ ਸਿੰਘ ਦੇ ਦਸਖਤ ਕਰਵਾ ਲਏ ਜਾਣ ਤੇ ਫੇਰ ਇਸ ਦਾ ਕੰਡਾ ਕੱਢ ਦਿੱਤਾ ਜਾਵੇ ਤਾਂ ਅਸੀਂ ਜ਼ਮੀਨ ਦੇ ਮਾਲਕ ਬਣ ਸਕਦੇ ਹਾਂ। ਕੀਤੂ ਨੂੰ ਡਰਾ ਲਵਾਂਗੇ ਜੇ ਨਾ ਮੰਨਿਆਂ ਤਾਂ ਇਸ ਦਾ ਵੀ ਬਿਸਤਰਾ ਗੋਲ ਕਰ ਦੇਵਾਂਗੇ ਅਤੇ ਕੇਹਰ ਸਿੰਘ ਦੇ ਮਗਰ ਹੀ ਤੌਰ ਦੇਵਾਂਗੇ। ਜੇ ਕਰ ਕਤਲ ਦੇ ਕੇਸ ਪੈ ਗਏ ਤਾਂ ਇੱਕ ਕਿੱਲਾ ਲਾ ਕੇ ਵਕੀਲ ਕਰ ਪੈਸੇ ਦੀ ਮਦਦ ਨਾਲ ਆਪਣਾ ਬੱਚਾ ਕਰ ਲਵਾਂਗੇ।

ਇਸ ਵਿਓਂਤ ਨੂੰ ਸਿਰੇ ਲਾਉਣ ਲਈ ਉਨ੍ਹਾਂ ਨੇ ਕੀਤੂ ਨਾਲ ਵਰਤ ਵਰਤਾਰਾ ਘੱਟ ਕਰ ਦਿਤਾ। ਉਹ ਪਹਿਲਾਂ ਨਾਲੋਂ ਵਧੇਰੇ ਨਸ਼ੇ ਵਿਚ ਰਹਿਣ ਲੱਗ ਪਿਆ। ਇੱਕ ਦਿਨ ਕੇਹਰ ਸਿੰਘ ਤੇ ਉਸ ਦੇ ਦੋਵੇਂ ਲੜਕੇ ਉਸ ਨਾਲ ਹੀ ਨੇ ਖੇਤ ਗਏ ਹੋਏ ਸਨ। ਆਪਣੀ ਮਾਂ ਦੀ ਦਿਤੀ ਹੋਈ ਮੱਤ ਅਨੁਸਾਰ ਦੋਨਾਂ ਨੇ ਕੇਹਰ ਸਿੰਘ ਨਾਲ ਲੜਾਈ ਕੀਤੀ ਤੇ ਉਸ ਨੂੰ ਮਾਰ ਦਿੱਤਾ ਪਰ ਮਾਰਨ ਤੋਂ ਪਹਿਲਾਂ ਜਾਇਦਾਦ ਦੇ ਕਾਗਜ਼ਾਂ ਤੇ ਕੇਹਰ ਸਿੰਘ ਦੇ ਅੰਗੂਠੇ ਲਵਾ ਲਏ। ਜਦੋਂ ਉਸ ਦੇ ਅੰਗੂਠੇ ਲੱਗ ਗਏ ਤਾਂ ਕੇਹਰ ਸਿੰਘ ਦੇ ਟੁਕੜੇ ਕਰ ਕੇ ਨੇੜੇ ਦੇ ਖੂਹ ਵਿਚ ਸੁਟ ਦਿਤਾ ਤੇ ਘਰੇ ਆ ਗਏ। ਸੀਤੋ ਨੂੰ ਸਾਰੀ ਸੂਚਨਾ ਦੇ ਉਹ ਅਣਦੱਸੀ ਥਾਂ ਤੇ ਚਲੇ ਗਏ। ਪਿੱਛੋਂ ਸੀਤੋ ਨੇ ਰੋਲਾ ਪਾ ਦਿੱਤਾ ਕਿ ਦੋ ਦਿਨ ਤੋਂ ਮੇਰਾ ਪਤੀ ਘਰ ਨਹੀਂ ਆਇਆ। ਪੰਚਾਇਤ ਨੇ ਜਦੋਂ ਭਾਲ ਕੀਤੀ ਤੇ ਕੀਤੂ ਤੋਂ ਪੁੱਛਿਆ ਗਿਆ ਉਸ ਨੂੰ ਤਾਂ ਨਸ਼ੇ ਤੋਂ ਬਾਹਰ ਆਉਣ ਦੀ ਵੇਹਲ ਕਿਥੇ ਸੀ ਅਤੇ ਉਸ ਨੂੰ ਕੁਝ ਵੀ ਪਤਾ ਨਹੀਂ ਸੀ। ਜਦੋਂ ਕੁਝ ਸੁਰਤ ਆਈ ਤਾਂ ਉਹ ਵੀ ਪੰਚਾਇਤ ਨਾਲ ਮਿਲ ਕੇ ਲੱਭਣ ਲੱਗਾ। ਇਲਾਕੇ ਦੀ ਪੁਲਿਸ ਨੂੰ ਖਬਰ ਕੀਤੀ ਗਈ। ਉਨ੍ਹਾਂ ਦੀ ਮਦਦ ਨਾਲ ਭਾਲ ਕੀਤੀ ਗਈ। ਜਦੋਂ ਉਸ ਖੂਹ ਦੇ ਅੰਦਰੋਂ ਬਦਬੋ ਬਾਹਰ ਆਈ ਤਾਂ ਖੂਹ ਦੀ ਪੜਤਾਲ ਕੀਤੀ ਗਈ ਤਾਂ ਉਸ ਦੇ ਅੰਦਰੋਂ ਗਲੀ ਸੜੀ ਹਾਲਤ ਵਿਚ ਕੇਹਰ ਸਿੰਘ ਦੇ ਅੰਗ ਮਿਲ ਗਏ। ਸਨਾਖਤ ਸੀਤੋ ਨੇ ਕਪੜਿਆ ਤੋਂ ਹੀ ਕੀਤੀ। ਲੜਕਿਆਂ ਨੂੰ ਬੁਲਾਇਆ ਗਿਆ। ਪੁਲਿਸ ਕਾਰਵਾਈ ਤੋਂ ਬਾਅਦ ਸਸਕਾਰ ਕਰ ਦਿੱਤਾ ਗਿਆ। ਕੇਸ ਚਲਿਆ। ਤਰੀਕਾਂ ਪੈਣ ਲੱਗੀਆਂ। ਇੱਕ ਦਿਨ ਤਰੀਕ ਤੇ ਜਾ ਰਹੇ ਕੀਤੂ ਨੂੰ ਧਮਕਾਇਆ

ਗਿਆ ਕਿ ਜੇ ਉਹ ਤਰੀਕ  ਤੇ ਗਿਆ ਤਾਂ ਉਸ ਦਾ ਹਾਲ ਵੀ ਕੇਹਰ ਸਿੰਘ ਵਾਲਾ ਹੀ ਹੋਵੇਗਾ। ਨਸ਼ਿਆਂ ਨੇ ਉਸ ਨੂੰ ਕੰਮਜ਼ੋਰ ਕਰ ਦਿਤਾ ਸੀ। ਉਹ ਡਰ ਗਿਆ ਤੇ ਜਦੋਂ ਤਰੀਕ ਤੇ ਨਾ ਪੁਜਾ ਤਾਂ ਕੇਸ ਦਾ ਫੈਸਲਾ ਸੀਤੋ ਤੇ ਉਸ ਦੇ ਮੁੰਡਿਆਂ ਦੇ ਹੱਕ ਵਿਚ ਕਰ ਦਿੱਤਾ ਗਿਆ। ਫੈਸਲਾ ਹੋ ਜਾਣ ਤੇ ਉਨ੍ਹਾਂ ਨੇ ਮਿਲ ਕੇ ਕੀਤੂ ਨੂੰ ਘਰੋਂ ਕੱਢ ਦਿੱਤਾ। ਕੋਲ ਪੈਸੇ ਨਾ ਹੋਣ ਕਾਰਨ ਉਸ ਦੇ ਨਸ਼ੇ ਵਾਲੇ ਸਾਥੀ ਵੀ ਉਸ ਦਾ ਸਾਥ ਛੱਡ ਗਏ। ਇੱਕ ਦਿਨ ਕੀਤੂ ਆਪਣੇ ਘਰੋਂ ਹੀ ਚੋਰੀ ਕਰਨ ਆ ਗਿਆ ਤਾਂ ਜੋ ਆਪਣੀ ਨਸ਼ੇ ਦੀ ਤੋੜ ਬੁਝਾ ਸਕੇ। ਚੋਰੀ ਕਰਦਿਆਂ ਸੀਤੋ ਨੇ ਦੇਖ ਲਿਆ ਉਸ ਨੇ ਆਪਣੇ ਮੁੰਡਿਆਂ ਨੂੰ ਆਖ ਉਸ ਨੂੰ ਕੁੱਟ ਕੇ ਠਾਣੇ ਵਿਚ ਫੜਾ ਦਿਤਾ। ਪੰਚਾਇਤ ਨੇ ਜਦੋਂ ਪੈਰਵਾਈ ਕਰਨੀ ਚਾਹੀ ਤਾਂ ਸੀਤੋ ਨੇ ਵਰਜ ਦਿੱਤਾ ਕਿ ਜੇ ਤੁਸੀਂ ਇਸ ਨਸ਼ਈ ਦੀ ਮਦਦ ਕੀਤੀ ਤਾਂ ਸਾਡੀਆਂ ਵੋਟਾਂ ਤੋਂ ਹੱਥ ਧੋ ਬੈਠੋਗੇ। ਪੰਚਾਇਤ ਵੀ ਕਿਨਾਰਾ ਕਰ ਗਈ। ਜਦੋਂ ਕੋਈ ਮਗਰਾ ਕਰਨ ਨਾ ਆਇਆ ਤੇ ਪੁਲਿਸ ਨੂੰ ਕੁਝ ਮਿਲਣ ਦੀ ਆਸ ਖਤਮ ਹੋ ਗਈ ਤਾਂ ਉਨ੍ਹਾਂ ਨੇ ਵੀ ਵੇਲੇ ਕੁਵੇਲੇ ਉਸ ਨੂੰ ਛੱਡ ਦਿੱਤਾ। ਬਾਹਰ ਠੰਡ ਹੋਣ ਕਾਰਨ ਉਹ ਘਰ ਨਾ ਪੁੱਜ ਸਕਿਆਂ ਤੇ ਰਾਹ ਵਿਚ ਹੀ ਡਿਗ ਪਿਆ ਤੇ ਖਤਮ ਹੋ ਗਿਆ। ਸਵੇਰੇ ਵੇਲੇ ਜਦੋਂ ਰਾਹਗੀਰਾਂ ਨੇ ਦੇਖਿਆ ਤਾਂ ਉਨ੍ਹਾਂ ਨੇ ਸੀਤੋ ਨੂੰ ਖਬਰ ਕੀਤੀ ਤਾਂ ਉਸ ਨੇ ਵੀ ਕੋਈ ਪ੍ਰਵਾਹ ਨਾ ਕੀਤੀ ਤੇ ਬੋਲੀ ਮੈਂ ਇਸ ਨਸ਼ਈ ਨੂੰ ਕੀ ਕਰਾਂ। ਪਿੰਡ ਦੀ ਸਵੈ ਸੇਵੀ ਸੰਸਥਾਂ ਨੇ ਉਸ ਦਾ ਸਸਕਾਰ ਕਰ ਦਿੱਤਾ।

# ਸ਼ੇਰਨੀਆਂ

ਮੂੰਹ ਹਨੇਰਾ ਹੋਣ ਤੋਂ ਪਹਿਲਾਂ ਦਾ ਸਮਾਂ ਸੀ ਜਦੋਂ ਪਿਲੱਤਣ ਅਤੇ ਕਾਲਖ ਮੂੰਹ ਜੋੜ ਕੇ ਬੈਠਦੀਆਂ ਹਨ ਅਤੇ ਹਨੇਰਾ ਦੋਹਾਂ ਦੀ ਹੀ ਨਹੀਂ ਸੁਣਦਾ ਅਤੇ ਸਾਰੇ ਪਾਸਿਓਂ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਮੈਂ ਆਪਣੇ ਕਮਰੇ ਦੇ ਅੰਦਰ ਉਨ੍ਹਾਂ ਦੇ ਦਫਤਰ ਤੋਂ ਵਾਪਿਸ ਆਉਣ ਦਾ ਇੰਤਜ਼ਾਰ ਕਰ ਰਹੀ ਸਾਂ ਤਾਂ ਜੋ ਇਕੱਠੇ ਬੈਠ ਕੇ ਚਾਹ ਦਾ ਆਨੰਦ ਲੈ ਸਕੀਏ। ਖ਼ਿਆਲਾਂ ਦੇ ਅੰਦਰ ਮੈਂ ਆਪਣੇ ਪਿੰਡ ਪੁੱਜ ਗਈ ਤੇ ਆਪਣੀ ਪੁਰਾਣੀ ਬਚਪਨ ਦੀ ਸਹੇਲੀ ਜੈਲੋ ਪੂਰਾ ਨਾਮ ਜਰਨੈਲ ਕੌਰ ਨੂੰ ਯਾਦ ਕਰਨ ਲਗੀ। ਅਸੀਂ ਦੋਵੇਂ ਸਹੇਲੀਆਂ ਸ਼ੁਰੂ ਤੋਂ ਹੀ ਇਕੱਠੀਆਂ ਖੇਡ ਖੇਡ ਵੱਡੀਆਂ ਹੋਈਆਂ ਸੀ। ਮੈਂ ਕੈਲੋ, ਪੂਰਾ ਨਾਮ ਕਰਨੈਲ ਕੌਰ, ਚੰਗੇ ਖਾਂਦੇ-ਪੀਂਦੇ ਪਰਿਵਾਰ ਵਿਚ ਜੰਮੀ ਸਾਂ। ਸਾਡੇ ਘਰ ਲਵੇਰੀਆਂ ਸਨ ਦੁੱਧ-ਦਧ ਖੁਲਾ ਡੁਲਾ ਸੀ। ਜਦੋਂ ਕਿ ਜੈਲੋ ਇੱਕ ਗਰੀਬ ਪਰਿਵਾਰ ਵਿਚੋਂ ਸੀ ਅਤੇ ਆਪਣੀ ਵਿਧਵਾ ਮਾਂ ਦਾ ਇਕੋ ਇੱਕ ਸਹਾਰਾ ਸੀ। ਮੈਂ ਆਪਣੀ ਹੋਸ਼ ਵਿਚ ਜੈਲੋ ਦੇ ਪਿਤਾ ਨੂੰ ਨਹੀਂ ਡਿਠਾ ਸੀ। ਜੈਲੋ ਵੀ ਆਖਦੀ ਕਿ ਮੈਂ ਵੀ ਆਪਣੇ ਪਿਤਾ ਦੀ ਤਸਵੀਰ ਹੀ ਦੇਖੀ ਹੈ। ਉਸ ਦੀ ਮਾਂ ਨੇ ਉਸ ਨੂੰ ਦੱਸਿਆ ਸੀ ਕਿ ਉਹ ਕੇਵਲ ਚਾਰ ਪੰਜ ਸਾਲ ਦੀ ਸੀ ਜਦੋਂ ਉਸ ਦੇ ਬਾਪ ਨੂੰ ਕਿਸੇ ਨਾ ਮੁਰਾਦ ਬਿਮਾਰੀ ਨੇ ਖਾ ਲਿਆ ਸੀ ਅਨਪੜ ਮਾਂ ਨੂੰ ਬਿਮਾਰੀ ਦਾ ਨਾਂ ਕੀ ਪਤਾ ਹੋਣਾ ਸੀ ਅਤੇ ਉਹ ਆਪਣੀ ਬੇਟੀ ਨੂੰ ਕੀ ਦੱਸਦੀ ਕਿ ਕਿਹੜੀ ਚੰਦਰੀ ਬਿਮਾਰੀ ਸਾਡੀ ਖੁਸ਼ੀ ਲੁੱਟ ਕੇ ਲੈ ਗਈ ਸੀ। ਇਸਲਈ ਜੈਲੋ ਨੂੰ ਵੀ ਕੋਈ ਇਲਮ ਨਹੀਂ ਸੀ ਪਿਤਾ ਜੀ ਨੂੰ ਕਿਹੜੀ ਬਿਮਾਰੀ ਇਸ ਜਹਾਨ ਤੋਂ ਉਸ ਸਫ਼ਰ ਵਲ ਲੈ ਟੁਰੀ ਜਿਥੋਂ ਕਦੇ ਕੋਈ ਵਾਪਿਸ ਨਹੀਂ ਮੁੜਦਾ ਹੁੰਦਾ। ਜੈਲੋ ਦੇ ਪਿਤਾ ਦੇ ਚਲੇ ਜਾਣ ਤੋਂ ਬਾਅਦ ਹੋਲੀ ਹੋਲੀ ਸਾਰੇ ਰਿਸ਼ਤੇਦਾਰ ਉਨ੍ਹਾਂ ਤੋਂ ਕਿਨਾਰਾ ਕਰ ਗਏ। ਇਕ ਇਕੱਲੀ ਔਰਤ ਦਿਨ ਰਾਤ ਇਕ ਕਰ ਆਪਣੀ ਇਕਲੌਤੀ ਧੀ ਨੂੰ ਪੜਾ ਲਿਖਾ ਰਹੇ ਸਨ। ਉਸ ਦੀਆਂ ਮੰਗਾਂ ਪੂਰੀਆਂ ਕਰਨ ਲਈ ਉਹ ਹਰ ਯਤਨ ਕਰਦੇ ਸਨ ਅਤੇ ਕਦੇ ਵੀ ਉਨ੍ਹਾਂ ਦੇ ਮੱਥੇ ਵੱਟ ਪਿਆ ਨਹੀਂ ਦੇਖਿਆ ਸੀ। ਮੈਨੂੰ ਉਸ ਦੇ ਮੰਮੀ ਜੀ ਬਹੁਤ ਪਿਆਰੇ ਲੱਗਦੇ ਸਨ। ਭਾਵੇਂ ਮੈਂ ਉਨ੍ਹਾਂ ਨੂੰ ਆਂਟੀ ਆਖਦੀ ਸਾਂ। ਇਕ ਦਿਨ ਉਨ੍ਹਾਂ ਦੇ ਘਰ ਬੈਠੇ ਸਾਂ ਤੇ ਮੈਨੂੰ ਜੈਲੋ ਕਹਿਣ ਲੱਗੀ ਕਿ ਜੇ ਤੈਨੂੰ ਮੇਰੀ ਮੰਮੀ ਇਤਨੀ ਚੰਗੀ ਲੱਗਦੀ ਹੈ ਤਾਂ ਤੂੰ ਉਨ੍ਹਾਂ ਨੂੰ ਮੰਮੀ ਬਣਾ ਲੈ। ਮੈਂ ਉਸ ਨੂੰ ਕਿਹਾ ਕਿ ਠੀਕ ਹੈ ਹੁਣ ਤੂੰ ਮੁਕਰ ਨਾ ਜਾਈਂ ਅੱਜ ਤੋਂ ਬਾਅਦ ਤੇਰੀ ਮੰਮੀ ਮੇਰੀ ਤੇ ਮੇਰੀ ਮੰਮੀ ਤੇਰੀ। ਮੈਂ ਆਂਟੀ ਨੂੰ ਗਲਵਕੜੀ ਪਾ ਕੇ ਆਖਿਆ ਕਿ ਅੱਜ ਤੋਂ ਬਾਅਦ ਮੈਂ ਤੁਹਾਨੂੰ ਆਂਟੀ ਨਹੀਂ ਮੰਮੀ ਹੀ ਆਖਿਆ ਕਰਾਂਗੀ ਬੋਲੋ ਤੁਹਾਨੂੰ ਇਹ ਮਨਜ਼ੂਰ ਹੈ।

ਉਹ ਮੈਨੂੰ ਪਿਆਰ ਨਾਲ ਘੁੱਟ ਕੇ ਆਖਣ ਲੱਗੇ ਕਿ ਅੱਜ ਤੋਂ ਮੇਰੇ ਦੋ ਬੇਟੇ ਹੋ ਗਏ ਅਤੇ ਨਾਲੇ ਖਿੜ ਖਿੜ ਕੇ ਹੱਸਣ ਲੱਗ ਪਏ।

ਆਂਟੀ ਨਹੀਂ ਸੱਚ ਮੰਮੀ ਪਿਆਰ ਨਾਲ ਜੈਲੋ ਨੂੰ ਬੇਟਾ ਜਾਂ ਲੱਡੂ ਪੁੱਤ ਆਖਿਆ ਕਰਦੇ ਸਨ। ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਕੋਈ ਪੁੱਤ ਨਾ ਹੋਣ ਕਾਰਨ ਉਸ ਨੂੰ ਲੱਡੂ ਪੁੱਤ ਆਖ ਆਪਣੇ ਮਨ ਦੀ ਅਧੂਰੀ ਰੀਝ ਨੂੰ ਪੂਰਾ ਕਰਦੇ ਸਨ। ਇਹ ਵੀ ਸੰਭਵ ਹੈ ਉਨ੍ਹਾਂ ਨੂੰ ਪੁੱਤ ਕਹਿਣ ਦੀ ਆਦਤ ਹੋਵੇ। ਪਰੰਤੂ ਜੈਲੋ ਸੋਚਦੀ ਸੀ ਕਿ ਮੰਮੀ ਮੈਨੂੰ ਪੁੱਤ ਆਖ ਇਹ ਦੱਸਣਾ ਚਾਹੁੰਦੇ ਹਨ ਕਿ ਮੈਂ ਸਮਾਜ ਦੇ ਅੰਦਰ ਕੁੜੀ ਬਣ ਨਿਤਾਣੀ ਨਾ ਰਹਿ ਜਾਵਾਂ ਅੱਗੋਂ ਇਸ ਦੁਨੀਆ ਦਾ ਡੱਟ ਕੇ ਸ਼ੇਰਨੀ ਦੀ ਤਰ੍ਹਾਂ ਮੁਕਾਬਲਾ ਕਰਾਂ। ਮੈਨੂੰ ਇਹ ਗੱਲ ਜ਼ਿਆਦਾ ਜੱਚਦੀ ਸੀ ਕਿਓਂ ਜੋ ਛੋਟੇ ਮੰਮੀ, ਆਂਟੀ ਨੂੰ ਸੰਬੋਧਨ ਕਰਨ ਲਈ ਇਹ ਸ਼ਬਦ ਜੋੜ ਵਧੇਰੇ ਜਚਿਆ ਸੀ, ਇਸ ਲਈ ਮੈਂ ਇਸ ਦਾ ਪ੍ਰਯੋਗ ਕਰਨ ਲੱਗ ਗਈ ਸੀ, ਹਮੇਸ਼ਾ ਹੀ ਆਖਿਆ ਕਰਦੇ ਸੀ ਕਿ ਜੇ ਕਰ ਤੁਸੀਂ ਬਾਹਰਲੀ ਦੁਨੀਆ ਵਿਚ ਕੰਮਜ਼ੋਰ ਬਣ ਨਿਕਲੀਆਂ ਤਾਂ ਤੁਹਾਨੂੰ ਨੋਚ-ਨੋਚ ਖਾ ਜਾਣ ਵਾਲੇ ਤੁਹਾਨੂੰ ਇੱਕ ਸ਼ਿਕਾਰ ਦੀ ਤਰ੍ਹਾਂ ਦੇਖਿਆ ਕਰਨਗੇ ਤੇ ਹਮੇਸ਼ਾ ਹੀ ਸ਼ਿਕਾਰੀ ਬਣ ਤੁਹਾਨੂੰ ਖਾਣ ਬਾਰੇ ਸੋਚਿਆ ਕਰਨਗੇ ਅਤੇ ਜੇ ਸ਼ੇਰਨੀਆਂ ਬਣ ਵਿਚਰੋਂਗੀਆਂ ਤਾਂ ਓਹੀ ਸ਼ਿਕਾਰੀ ਗਿੱਦੜ ਬਣ ਤੁਹਾਨੂੰ ਰਾਹ ਛੱਡ ਜਾਣਗੇ। ਉਸ ਵੇਲੇ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਪੈਂਦੀ ਸੀ ਕਿ ਛੋਟੀ ਮੰਮੀ ਕੀ ਸ਼ਿਕਾਰੀ-ਸ਼ਿਕਾਰ ਬਾਰੇ ਦੱਸੀ ਜਾਂਦੇ ਹਨ। ਪਰ ਅੱਜ ਉਹ ਗੱਲਾਂ ਯਾਦ ਆਉਂਦੀਆਂ ਹਨ ਅਤੇ ਸਮਝ ਵੀ ਪੈਂਦੀ ਹੈ।

ਜੈਲੋ ਦੀ ਮੇਰੇ ਨਾਲ ਹਰ ਗੱਲ ਦੀ ਸਾਂਝ ਸੀ ਅਸੀਂ ਦੋਵੇਂ ਇੱਕ ਪਰਿਵਾਰ ਦਾ ਹਿੱਸਾ ਬਣ ਕੇ ਹੀ ਵਿਚਰ ਰਹੇ ਸਾਂ। ਕੋਈ ਖੁਸ਼ੀ ਗਮੀ ਤਿਓਹਾਰ ਉਦਾਸੀ ਅਸੀਂ ਹਮੇਸ਼ਾ ਇੱਕਠੀਆਂ ਹੀ ਹੁੰਦੀਆਂ ਸੀ। ਮੈਨੂੰ ਤਾਂ ਇਹ ਵੀ ਯਾਦ ਨਹੀਂ ਕਿ ਮੇਰੇ ਵਿਆਹ ਤੋਂ ਪਹਿਲਾਂ ਕੋਈ ਦਿਨ ਆਪਸ ਵਿਚ ਮਿਲੇ ਬਿਨਾ ਲੰਘਿਆ ਹੋਵੇ। ਸਾਡੀਆਂ ਮੰਮੀਆਂ ਨੇ ਕਹਿਣਾ ਪਤਾ ਨਹੀਂ ਕਿਹੜੀਆਂ ਗੱਲਾਂ ਹਨ ਜਿਹੜੀਆਂ ਇਨ੍ਹਾਂ ਦੀਆ ਮੁਕਦੀਆਂ ਹੀ ਨਹੀਂ ਸਾਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਦੋ ਮੁੰਡੇ ਇਕੋ ਘਰ ਦੇ ਲੱਭਣੇ ਪੈਣੇ ਹਨ ਤਾਂ ਜੋ ਇਹ ਵਿਆਹ ਕੇ ਵੀ ਅੱਡ ਨਾ ਹੋਣ। ਗੱਲਾਂ ਕਿਹੜੀਆਂ ਸਨ ਇਹ ਤਾਂ ਸਾਨੂੰ ਵੀ ਪਤਾ ਨਹੀਂ ਸੀ। ਸਾਨੂੰ ਗੱਲਾਂ ਕਰਨ ਦੀ ਆਦਤ ਸ਼ੁਰੂ ਤੋਂ ਹੀ ਸੀ ਕਿਓਂ ਜੋ ਸਕੂਲ ਵਿਚ ਅਸੀਂ ਇਕੋ ਬੇਂਚ ਤੇ ਬੈਠ ਕੇ ਹੀ ਪੜ੍ਹਾਈ ਕੀਤੀ ਸੀ। ਪਤਾ ਹੀ ਨਾ ਲੱਗਾ ਕਦੋਂ ਸਕੂਲ ਤੋਂ ਕਾਲਿਜ ਹੋ ਗਿਆ ਉਥੇ ਵੀ ਇੱਕਠੀਆਂ ਬੈਠ ਲੈਕਚਰ ਲਾਉਣੇ ਤੇ ਗੱਪਾਂ ਹੱਕਣੀਆਂ। ਪਰ ਕਾਲਿਜ ਦੇ ਮੁਕਦਿਆਂ ਹੀ ਸਾਡੇ ਰਾਹ ਵੱਖੋ ਵੱਖ ਹੋ ਗਏ।

ਜੈਲੋ ਨੇ ਕਾਲਜ ਤੋਂ ਬਾਅਦ ਨੌਕਰੀ ਪ੍ਰਾਪਤ ਕਰਨ ਲਈ ਯਤਨ ਸ਼ੁਰੂ ਕਰ ਦਿਤੇ। ਉਸ ਨੇ ਕੁਝ ਕੁ ਮੁਕਾਬਲੇ ਦੇ ਇਮਿਤਹਾਨ ਦਿਤੇ ਤੇ ਅਖੀਰ ਆਪਣੀ ਮੇਹਨਤ ਨਾਲ ਮੇਰੇ ਪਿਤਾ ਦੇ ਅਸਰ ਰਸੂਖ ਦਾ ਲਾਭ ਲੈ ਇਕ ਦਫ਼ਤਰ ਵਿਚ ਨੌਕਰੀ ਪ੍ਰਾਪਤ

ਕਰ ਲਈ। ਉਸ ਦੇ ਮੰਮੀ ਦਾ ਪੈਰ ਹੁਣ ਭੁੰਜੇ ਨਹੀਂ ਲਗਦਾ ਸੀ ਉਸ ਨੂੰ ਖੁਸ਼ੀ ਸੀ ਕਿ ਹੁਣ ਕੁਝ ਆਮਦਨ ਘਰ ਆਵੇਗੀ ਅਸੀਂ ਸੌਖੇ ਦਿਨ ਗੁਜ਼ਾਰ ਸਕਾਂਗੇ। ਉਨ੍ਹਾਂ ਨੇ ਸਾਡੇ ਘਰ ਵੀ ਮਿਠਿਆਈ ਦਿਤੀ ਅਤੇ ਸਾਡੇ ਸਾਰੇ ਪਰਿਵਾਰ ਨਾਲ ਆਪਣੀ ਖੁਸ਼ੀ ਸਾਂਝੀ ਕਰ ਦਿਤੀ ਸੀ। ਉਧਰ ਸਾਡੇ ਪਰਿਵਾਰ ਨੇ ਵੀ ਦੱਸਿਆ ਅਸੀਂ ਕੈਲੋ ਦੀ ਮੰਗਣੀ ਵੀ ਇਕ ਕਨੇਡਾ ਵਸਦੇ ਲੜਕੇ ਨਾਲ ਕਰ ਦਿਤੀ ਹੈ ਅਤੇ ਛੇਤੀ ਹੀ ਵਿਆਹ ਕਰ ਇਸਨੂੰ ਜਹਾਜ਼ੇ ਚੜਾ ਦੇਵਾਂਗੇ। ਸਾਰੇ ਖੁਸ਼ ਸਨ ਮੇਰੇ ਛੋਟੇ ਮੰਮੀ ਨੇ ਥੋੜ੍ਹਾ ਉਦਾਸ ਚੇਹਰਾ ਦਿਖਾਇਆ ਕੇ ਹੁਣ ਕੈਲੋ ਦੂਰ ਚਲੀ ਜਾਵੇਗੀ ਤੇ ਜੈਲੋ ਦੀਆ ਕਮਲੀਆਂ ਸ਼ਮਲੀਆਂ ਕੌਣ ਸੁਣੇਗਾ। ਸਾਡੇ ਘਰ ਦੀ ਰੌਣਕ ਅਧੂਰੀ ਰਹਿ ਜਾਵੇਗੀ। ਮੇਰੀ ਮੰਮੀ ਨੇ ਕਿਹਾ ਕਿ ਕੁੜੀਆਂ ਤਾਂ ਚਿੜੀਆਂ ਨੇ ਇਨ੍ਹਾਂ ਨੇ ਇਕ ਦਿਨ ਉਡਣਾ ਹੀ ਹੈ। ਜੈਲੋ ਕਿੰਨਾ ਕੁ ਚਿਰ ਘਰ ਬੈਠੀ ਰਹੇਗੀ ਅਖੀਰ ਕੋਈ ਚੰਗਾ ਘਰ ਦੇਖ ਇਸ ਨੂੰ ਵੀ ਆਪਣੇ ਘਰ ਤੌਰ ਦਿੱਤਾ ਜਾਵੇਗਾ। ਆਪਾਂ ਵੀ ਤਾਂ ਕੀਤੇ ਹੋਰ ਜੰਮੀਆਂ ਸੀ ਤੇ ਕਿਧਰੇ ਹੋਰ ਡੇਰਾ ਲਾ ਕੇ ਬੈਠੀਆਂ ਹਾਂ। ਇਹ ਤਾਂ ਇਸ ਜੱਗ ਦੀ ਰੀਤ ਹੈ ਸਾਰੇ ਰਾਜੇ ਰਾਣੇ ਨਿਭਾਉਂਦੇ ਰਹੇ ਹਨ। ਅਸੀਂ ਜ਼ਮਾਨੇ ਤੋਂ ਵੱਖਰੇ ਨਹੀਂ ਹਾਂ। ਇਹ ਗੱਲਾਂ ਕਰਦੇ ਰਾਤ ਦਾ ਖਾਣਾ ਖਾ ਕੇ ਜੈਲੋ ਤੇ ਛੋਟੇ ਮੰਮੀ ਆਪਣੇ ਘਰ ਵਲ ਚੱਲ ਪਈਆਂ।

ਛੋਟੇ ਮੰਮੀ ਨੂੰ ਇਹ ਤਸੱਲੀ ਸੀ ਕਿ ਜੈਲੋ ਨੂੰ ਸਰਕਾਰੀ ਨੌਕਰੀ ਮਿਲ ਗਈ ਹੈ ਇਸ ਕੁੜੀ ਲਈ ਕੋਈ ਚੰਗਾ ਰਿਸ਼ਤਾ ਮਿਲ ਜਾਵੇਗਾ ਅਤੇ ਇਸ ਦੇ ਬਾਪ ਦਾ ਸਪਨਾ ਪੂਰਾ ਹੋ ਜਾਵੇਗਾ ਉਹ ਸਵਰਗ ਵਿਚੋਂ ਆਪਣੀ ਧੀ ਨੂੰ ਖੁਸ਼ ਦੇਖ ਖੁਸ਼ ਹੋ ਜਾਵੇਗਾ। ਜੈਲੋ ਨੂੰ ਨੌਕਰੀ ਤੇ ਜਾਣ ਬੱਸ ਉਪਰ ਜਾਣਾ ਪੈਂਦਾ ਸੀ। ਮੈਂ ਆਪਣੇ ਵਿਆਹ ਦੀ ਤਿਆਰੀ ਵਿਚ ਰੁਝ ਗਈ ਸਾਂ। ਬੱਸ ਵਿਆਹ ਦੀ ਤਰੀਕ ਹੀ ਤਹਿ ਕਰਨੀ ਹੀ ਬਾਕੀ ਸੀ। ਫਿਰ ਵੀ ਮੈਂ ਕਦੇ ਕਦੇ ਛੋਟੀ ਮੰਮੀ ਨੂੰ ਮਿਲਣ ਚਲੀ ਜਾਂਦੀ ਸਾਂ। ਉਨ੍ਹਾਂ ਨੂੰ ਆਪਣੇ ਵਿਆਹ ਦੀ ਤਿਆਰੀ ਬਾਰੇ ਦੱਸ ਤੇ ਉਨ੍ਹਾਂ ਨਾਲ ਸਲਾਹ ਕਰ ਆਇਆ ਕਰਦੀ ਸਾਂ। ਭਾਵੇਂ ਜੈਲੋ ਨੂੰ ਮਿਲਣ ਦਾ ਮਨ ਸੀ ਪਰ ਉਹ ਰੀਝ ਪੂਰੀ ਨਹੀਂ ਹੋ ਰਹੀ ਸੀ ਕਿਓਂ ਜੋ ਉਹ ਸਵੇਰੇ ਹੀ ਚਲੀ ਜਾਂਦੀ ਸੀ ਅਤੇ ਦੇਰ ਰਾਤ ਘਰ ਮੁੜਦੀ ਸੀ। ਇਕ ਦਿਨ ਮੈਂ ਜਦ ਛੋਟੀ ਮੰਮੀ ਨੂੰ ਮਿਲਣ ਗਈ ਤਾਂ ਉਸ ਨੇ ਦੱਸਿਆ ਕੇ ਤੇਰੀ ਸਹੇਲੀ ਅੱਜ ਘਰ ਹੀ ਹੈ ਉਸ ਨੂੰ ਕੋਈ ਛੁਟੀ ਹੈ। ਉਸ ਦੀ ਤਬੀਅਤ ਵੀ ਸਾਜ਼ਗਾਰ ਨਹੀਂ ਹੈ ਉਸ ਨੂੰ ਮਿਲ ਲੈ ਮੈਂ ਚਾਹ ਬਣਾ ਕੇ ਲੈ ਆਉਂਦੀ ਹਾਂ। ਉਸ ਨੂੰ ਪੁੱਛ ਕੇ ਉਸ ਨੇ ਕਿਹੋ ਜਿਹੇ ਮੁੰਡੇ ਨਾਲ ਵਿਆਹ ਕਰਵਾਉਣਾ ਹੈ ਅਸੀਂ ਲੱਭੀਏ ਕਿ ਉਸ ਨੇ ਕੋਈ ਚੁਣ ਲਿਆ ਹੈ। ਮੈਂ ਅੰਦਰ ਗਈ ਤਾਂ ਦੇਖਿਆ ਕਿ ਉਹ ਸਿਰ ਸੁੱਟ ਕੇ ਰੋ ਰਹੀ ਸੀ। ਮੈਨੂੰ ਬਹੁਤ ਹੈਰਾਨੀ ਹੋਈ ਕਿ ਇਸ ਸ਼ੇਰਨੀ ਨੂੰ ਕੀ ਹੋਇਆ ਹੈ। ਮੈਂ ਉਸ ਨੂੰ ਉਠਾਇਆ ਤੇ ਪੁੱਛਿਆ ਕਿ ਮੇਮਸਾਬ ਕੀ ਗੱਲ ਹੈ ਕਿਸੇ ਨੇ ਧੋਖਾ ਦਿੱਤਾ ਹੈ ਜਾਂ ਹੋਰ ਕੋਈ ਗੱਲ ਹੈ। ਉਹ ਮੈਨੂੰ ਚਿੰਬੜ ਗਈ ਤੇ ਕਹਿਣ ਲਗੀ, "ਮੈਂ ਮੇਮਸਾਬ ਨਹੀਂ ਹਾਂ ਅਤੇ ਤੇਰੇ ਲਈ ਤਾਂ ਮੈਂ ਓਹੀ ਜੈਲੋ ਹਾਂ।

ਜੇ ਤੂੰ ਵਿਆਹ ਕਰਵਾ ਕੇ ਕਨੇਡਾ ਜਾਣਾ ਹੈ ਤਾਂ ਸਾਨੂੰ ਤੰਗ ਕਿਓਂ ਕਰਦੀ ਹੈਂ।" ਮੈਨੂੰ ਕੀਹਨੇ ਧੋਖਾ ਦੇਣਾ ਸੀ ਮੈਂ ਤਾਂ ਕੁਝ ਪੈਸੇ ਇਕੱਠੇ ਕਰ ਲਵਾਂ ਫਿਰ ਵਿਆਹ ਬਾਰੇ ਸੋਚਾਂਗੀ ਤੇ ਇਹ ਸੋਚਦੀ ਹਾਂ ਮੇਰੀ ਮਾਂ ਇਕੱਲੀ ਰਹਿ ਜਾਵੇਗੀ ਅਜਿਹਾ ਮੁੰਡਾ ਦੇਖਾਂਗੀ ਜੋ ਘਰ ਜਵਾਈ ਬਣ ਸਕਦਾ ਹੋਵੇ। ਇਹ ਤਾਂ ਸਭ ਠੀਕ ਹੈ ਪਰ ਤੂੰ ਅੱਖਾਂ ਕਿਉਂ ਸੁਜਾਈਆਂ ਨੇ।

"ਲੈ ਸੁਣ ਮੇਰਾ ਦੁੱਖ! ਜਦੋਂ ਸਵੇਰੇ ਬਸ ਚੜਦੀ ਹਾਂ ਭੁੱਖੇ ਕੰਬਖਤ ਲੋਕ ਕੁੜੀਆਂ ਨੂੰ ਆਪਣੀਆਂ ਅੱਖਾਂ ਨਾਲ ਨੋਚਣ ਲੱਗ ਜਾਂਦੇ ਹਨ। ਕੱਲੀ ਕੁੜੀ ਨੂੰ ਦੇਖ ਕਦੀ ਧਕੇ ਮਾਰਦੇ ਨੇ, ਬਸ ਵਿਚਲੀ ਭੀੜ ਦਾ ਫਾਇਦਾ ਉਠਾ ਕੇ ਨਾਲ ਜੁੜ ਜੁੜ ਖੜੇ ਹੋਂਦੇ ਹਨ ਅਸ਼ਲੀਲ ਹਰਕਤਾਂ ਕਰਦੇ ਹਨ। ਸਵੇਰੇ ਹੀ ਗੁੱਸੇ ਨਾਲ ਖ਼ੂਨ ਖੌਲਣ ਲੱਗ ਪੈਂਦਾ ਹੈ। ਹੋਰ ਦੇਖ ਨਵੇਂ ਨਵੇਂ ਕਾਲਿਜ ਦੇ ਮੁੰਡੇ ਹਾਲੇ ਜੰਮ ਮੁਕੇ ਨਹੀਂ ਹੁੰਦੇ ਕੁੜੀਆਂ ਨੂੰ ਛੇੜਨਾ ਸਿੱਖ ਜਾਂਦੇ ਹਨ। ਇੰਜ ਬੋਲਦੇ ਨੇ ਜਿਵੇਂ ਪਤਾ ਨਹੀਂ ਮਾਂ ਦੇ ਢਿੱਡ ਦੇ ਅੰਦਰੋਂ ਗੰਦ ਬਕਣਾ ਸਿੱਖ ਕੇ ਆਏ ਹੋਣ।" ਛੋਟੇ ਮੰਮੀ ਚਾਹ ਲੈ ਕੇ ਆਏ ਤਾਂ ਉਹ ਚੁੱਪ ਕਰ ਗਈ ਤੇ ਮੰਮੀ ਚਾਹ ਦੇ ਨਾਲ ਕੁਝ ਖਾਣ ਨੂੰ ਰੱਖ ਕੇ ਚਲੇ ਗਏ ਬਾਹਰ ਉਨ੍ਹਾਂ ਨੂੰ ਘਰ ਦਾ ਕੰਮ ਅਵਾਜ਼ਾਂ ਮਾਰ ਰਿਹਾ ਸੀ। ਅਸੀਂ ਚਾਹ ਆਪਣੇ ਹੱਥਾਂ ਵਿਚ ਲੈ ਕੇ ਫਿਰ ਗੱਲੀ ਜੁਟ ਗਈਆਂ। ਮੈਂ ਕਿਹਾ ਕਿ ਓ ਸ਼ੇਰਨੀਏ, ਇਹ ਕੋਈ ਨਵੀਂ ਗੱਲ ਹੈ ਇਹ ਸਭ ਤਾਂ ਸਾਡੇ ਨਾਲ ਹੁੰਦਾ ਹੀ ਰਹਿੰਦਾ ਹੈ। ਜਦੋਂ ਮੈਂ ਕਹਿੰਦੀ ਸੀ ਕਿ ਕਿਉਂ ਨਾ ਆਪਾਂ ਇਹਨਾਂ ਭੂੰਡ ਆਸ਼ਕਾਂ ਨੂੰ ਮਜ਼ਾ ਚਖਾਈਏ ਤੂੰ ਮੈਨੂੰ ਆਖਦੀ ਸੀ ਛੱਡ ਯਾਰ ਕੁੱਤੇ ਤਾਂ ਭੌਂਕਦੇ ਹੀ ਹੁੰਦੇ ਹਨ ਅਤੇ ਹਾਥੀ ਅਜਿਹੇ ਕੁੱਤਿਆਂ ਦੀ ਪ੍ਰਵਾਹ ਕਰੇ ਬਿਨਾ ਆਪਣਾ ਰਸਤਾ ਨਾਪਦੇ ਰਹਿੰਦੇ ਹਨ। ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਨਹੀਂ ਘਬਰਾਈਦਾ ਹੁੰਦਾ। ਜੈਲੋ ਕਹਿੰਦੀ ਕਿ ਇਹ ਕੋਈ ਛੋਟੀ ਜਿਹੀ ਗੱਲ ਹੈ। ਮੈਂ ਕਿਹਾ ਕਿ ਮੇਰਾ ਮਤਲਬ ਸੀ ਕਿ ਕੁੱਤਿਆਂ ਨੂੰ ਭੌਂਕਣ ਦੇ। ਜੈਲੋ ਕਹਿੰਦੀ, "ਭੌਂਕਣ ਤਕ ਤਾਂ ਠੀਕ ਹੈ ਜੇ ਵੱਢਣ ਲੱਗਣ ਤਾਂ?" ਹੱਛਾ ਦੱਸ! ਕੋਈ ਖਾਸ ਗੱਲ ਹੋਈ ਹੈ। ਅੱਗੇ ਤਾਂ ਸੁਣ, ਜਦੋਂ ਦਫ਼ਤਰ ਪੈਰ ਪਾਓਂਦੀ ਹਾਂ ਤਾਂ ਦਰਜਾ ਚਾਰ ਤੋਂ ਲੈ ਕੇ ਵੱਡੇ ਅਫਸਰ ਤਕ ਇੰਞ ਝਾਕਦੇ ਹਨ ਜਿਵੇਂ ਇਹਨਾਂ ਦੇ ਘਰਾਂ ਅੰਦਰ ਮਾਂਵਾਂ ਭੈਣਾਂ ਤਾਂ ਹਨ ਹੀ ਨਹੀਂ। ਅਸੀਂ ਆਪਣੇ ਦਫਤਰ ਤਿੰਨ ਕੁੜੀਆਂ ਹਾਂ ਇੱਕ ਵਿਚਾਰੀ ਹੈਂਡੀਕੈਪ ਹੈ-ਮੋਹਣੀ ਤੇ ਦੂਜੀ ਦਾ ਰੰਗ ਸਾਂਵਲਾ ਹੈ ਉਹ ਹੈ-ਸ਼ੀਲਾ। ਉਨ੍ਹਾਂ ਦਫਤਰ ਵਾਲਿਆਂ ਦੀਆਂ ਗੰਦੀਆਂ ਨਜ਼ਰਾਂ ਕਿਸੇ ਨੂੰ ਵੀ ਨਹੀਂ ਬਖਸ਼ਦੀਆਂ। ਸਵੇਰੇ ਫਤਿਹ ਬੁਲਾਈਏ ਤਾਂ ਕਹਿਣਗੇ ਕਿਵੇਂ ਹੈ ਸੋਹਣਿਓ ਅੱਜ ਤਾਂ ਬੜੇ ਹੀ ਫੱਬਣ ਡਹੇ ਹੋ। ਕੋਈ ਕਤਲ ਕਰਨ ਦਾ ਇਰਾਦਾ ਹੈ। ਹੱਦ ਤਾਂ ਉਦੋਂ ਹੋ ਗਈ ਜਦੋਂ ਅਫਸਰ ਕੋਲ ਆਪਦਾ ਰੋਣਾ ਰੋਇਆ ਤਾਂ ਉਹ ਕਹਿੰਦਾ ਕਿ ਮੁੰਡੇ ਜੇ ਹਾਸਾ ਮਖੌਲ ਕਰਦੇ ਹਨ ਤਾਂ ਤੁਸੀਂ ਹੱਸ ਕੇ ਟਾਲ ਦਿਆ ਕਰੋ। ਕੋਈ ਹੋਰ ਸਮਸਿਆ ਹੈ ਤਾਂ ਦੱਸੋ ਮੈਂ ਤੁਹਾਡੀ ਰਾਖੀ ਲਈ ਹਾਜ਼ਰ ਹਾਂ। ਅਫ਼ਸਰ ਤੋਂ ਵਾਪਸ ਆ ਕੇ ਢਿਲੇ ਜਿਹੇ ਹੋ ਕੇ ਕੰਮ ਤੇ ਲੱਗ ਪਏ ਅਤੇ ਨਾਲ ਹੀ ਤਿੰਨਾਂ

ਨੇ ਫੈਸਲਾ ਕਰ ਲਿਆ ਕਿ ਅਸੀਂ ਕਿਸੇ ਨੂੰ ਨਹੀਂ ਬੁਲਾਉਣਾ ਤੇ ਕੇਵਲ ਕੰਮ ਦੇ ਸਬੰਧਿਤ ਹੀ ਗੱਲ ਕਰਨੀ ਹੈ।

ਜਦੋਂ ਅਫਸਰ ਨੇ ਨਾ ਸੁਣੀ ਤਾਂ ਉਨ੍ਹਾਂ ਦਾ ਹੌਸਲਾ ਵੱਧ ਗਿਆ ਤੇ ਇਕ ਦਿਨ ਜਦੋਂ ਵਿਚਾਰੀ ਮੋਹਣੀ ਉੱਠ ਕੇ ਅਫ਼ਸਰ ਕੋਲ ਕਿਸੇ ਕੰਮ ਲਈ ਜਾਣ ਲੱਗੀ ਤਾਂ ਇਕ ਬੋਲਿਆ, "ਸੋਹਣਿਓ ਕਿਉਂ ਔਖੇ ਹੁੰਦੇ ਹੋ, ਤੁਹਾਡੀ ਫਾਈਲ ਅਸੀਂ ਲੈ ਜਾਂਦੇ ਹਾਂ, ਜੇ ਤੁਹਾਡਾ ਜਾਣਾ ਜ਼ਰੂਰੀ ਹੈ ਤਾਂ ਮੈਂ ਤੁਹਾਨੂੰ ਚੁੱਕ ਕੇ ਲੈ ਚਲਦਾ ਹਾਂ।" ਬੱਸ ਇਹ ਸੁਣ ਮੈਂ ਸਹਾਰ ਨਾ ਸਕੀ ਤੇ ਆਪਣੀ ਥਾਂ ਤੋਂ ਉੱਠ ਕੇ ਜ਼ਰਾ ਕੜਕਦੀ ਆਵਾਜ਼ ਵਿਚ ਬੋਲ ਪਈ ਕਿ ਮੋਹਣੀ ਆਪ ਤੁਰ ਕੇ ਜਾ ਸਕਦੀ ਹੈ ਇਸ ਤਰ੍ਹਾਂ ਬਕਵਾਸ ਕਰਨ ਦੀ ਲੋੜ ਨਹੀਂ। ਮੇਰੀ ਆਵਾਜ਼ ਸੁਣ ਸਾਰਾ ਦਫਤਰ ਇਕੱਠਾ ਹੋ ਗਿਆ ਤੇ ਪਵਨ ਗੁੱਸੇ ਵਿਚ ਆ ਕੇ ਬੋਲਣ ਲਗਾ ਮੈਂ ਤੈਨੂੰ ਕੁਝ ਆਖਿਆ ਨਹੀਂ ਜੇ ਤੈਨੂੰ ਬੁਰਾ ਲੱਗਾ ਹੈ ਤਾਂ ਮੈਂ ਤੈਨੂੰ ਚੁੱਕ ਲਵਾਂ। ਮੈਂ ਤਾਂ ਗੁੱਸੇ ਨਾਲ ਭਰੀ ਹੋਈ ਸੀ। ਮੈਂ ਅੱਗੇ ਵੱਧ ਕੇ ਉਸ ਦੇ ਇਕ ਚਪੇੜ ਜੜ੍ਹ ਦਿਤੀ। ਜਦੋਂ ਉਹ ਮੈਨੂੰ ਮਾਰਨ ਲਈ ਤਿਆਰ ਹੋਇਆ ਤਾਂ ਬਾਕੀ ਸਾਥੀਆਂ ਨੇ ਹਟਾ ਦਿੱਤਾ ਤੇ ਅਫਸਰ ਨੇ ਕਿਹਾ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਜਾਓ ਤੁਸੀਂ ਮੇਰੇ ਕਮਰੇ ਵਿਚ ਆ ਜਾਓ। ਜਦੋਂ ਮੈਂ ਉਸ ਨੂੰ ਸਾਰੀ ਗੱਲ ਦੱਸੀ ਕਿ ਇਹ ਮੋਹਣੀ ਨੂੰ ਛੇੜ ਰਿਹਾ ਸੀ। ਤਾਂ ਅਫਸਰ ਨੇ ਕਿਹਾ ਜਦੋਂ ਤੈਨੂੰ ਕੁਝ ਨਹੀਂ ਆਖਿਆ ਤਾਂ ਕਿਓਂ ਭੜਕੀ ਸੀ। ਜੇ ਆਖਿਆ ਵੀ ਹੁੰਦਾ ਤਾਂ ਤੂੰ ਮੁੰਡਿਆਂ ਨੂੰ ਥੱਪੜ ਮਾਰਿਆ ਕਰੇਂਗੀ। ਇਹ ਤੇਰੀ ਗਲਤੀ ਹੈ ਤੈਨੂੰ ਹੁਣੇ ਪਵਨ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਮੈਨੂੰ ਸਾਰਿਆਂ ਦੇ ਸਾਹਮਣੇ ਉਸ ਖਸਮਾਂ ਖਾਣੇ ਕੋਲੋਂ ਮੁਆਫੀ ਮੰਗਣੀ ਪਈ ਤੇ ਹੋਰ ਦੇਖ ਜਿਸ ਦੀ ਖਾਤਿਰ ਮੈਂ ਸਭ ਕੁਝ ਕੀਤਾ ਉਹ ਪਹਿਲਾਂ ਤਾਂ ਚੁੱਪ ਰਹੀ ਫੇਰ ਮੈਨੂੰ ਹੀ ਕਹਿਣ ਲੱਗੀ ਕਿ ਕੀ ਲੋੜ ਸੀ ਬਖੇੜਾ ਖੜਾ ਕਰਨ ਦੀ। ਤੈਨੂੰ ਪਤਾ ਹੈ ਕਿ ਮੁੰਡੇ ਆਪਣੀ ਬੇਇਜ਼ਤੀ ਦਾ ਬਦਲਾ ਕਿਵੇਂ ਲੈਂਦੇ ਹਨ। ਇਹ ਦੱਸ ਜੈਲੋ ਦੀਆਂ ਵਿਚੋਂ ਫੇਰ ਮੀਂਹ ਵਸਣ ਲਗ ਪਿਆ। ਇਕ ਵਾਰ ਤਾਂ ਮੈਨੂੰ ਵੀ ਸਮਝ ਨਾ ਲੱਗੀ ਕਿ ਮੈਂ ਜੈਲੋ ਨੂੰ ਕਿਵੇਂ ਹੋਂਸਲਾ ਦੇਵਾਂ।

ਫਿਰ ਮੈਂ ਹੌਂਸਲਾ ਜੁਟਾ ਕੇ ਬੋਲੀ ਮੈਂ ਜੈਲੋ ਨੂੰ ਜਾਣਦੀ ਹਾਂ ਤੂੰ ਕਮਜ਼ੋਰ ਨਹੀਂ ਹੈਂ ਇੱਕ ਬਹਾਦਰ ਲੜਕੀ ਹੀ ਨਹੀਂ ਇਕ ਸ਼ੇਰਨੀ ਹੈਂ। ਬੁਰਾਈ ਵਿਰੁੱਧ ਖੜੀ ਹੋ ਕੇ ਡੱਟ ਕੇ ਮੁਕਾਬਲਾ ਕਰ ਸਕਦੀ ਹੈਂ ਤੂੰ ਸਮਝਦੀ ਹੈਂ ਕੇ ਜ਼ੁਲਮ ਕਰਨਾ ਪਾਪ ਹੈ ਤਾਂ ਜ਼ੁਲਮ ਸਹਿਣਾ ਵੀ ਪਾਪ ਹੈ। ਕੈਲੋ ਤੂੰ ਸੋਚਦੀ ਹੋਵੇਂਗੀ ਮੈਂ ਡਰ ਗਈ ਹਾਂ ਤੇ ਬਾਕੀ ਦਫਤਰ ਵਾਲੇ ਵੀ ਇੰਜ ਹੀ ਸੋਚਣਗੇ। ਮੈਂ ਘਰ ਨਹੀਂ ਬੈਠਾਂਗੀ ਮੈਂ ਤਾਂ ਇੱਟ ਦਾ ਜੁਆਬ ਪੱਥਰ ਨਾਲ ਦੇਵਾਂਗੀ। ਮੈਂ ਡਰ ਕੇ ਖੁੱਡ ਵਿਚ ਲੁਕ ਕੇ ਨਹੀਂ ਬੈਠਣ ਵਾਲੀ। ਮੈਂ ਇੱਕ ਹੋਰ ਤਰੀਕਾ ਸੋਚਿਆ ਹੈ ਤੂੰ ਵਾਅਦਾ ਕਿ ਮੇਰੀ ਇਹ ਤਰਕੀਬ ਕਿਸੇ ਨੂੰ ਵੀ ਨਹੀਂ ਦਸੇਂਗੀ ਮੇਰੀ ਮੰਮੀ ਨੂੰ ਵੀ ਨਹੀਂ। ਮੈਂ ਜਕੋ ਤੱਕੀ ਵਿਚ ਉਸ ਨੂੰ ਵਾਅਦਾ ਕਰ ਦਿੱਤਾ।

ਉਹ ਆਪਣੀ ਯੋਜਨਾ ਸਮਝਾਉਣ ਲੱਗੀ ਕਿ ਸਾਰੇ ਦਫਤਰ ਵਿਚ ਇਹ ਗੱਲ ਘੁਮਾ ਦੇਵਾਂਗੀ ਕਿ ਮੈਂ ਕਿਸੇ ਲਾ-ਇਲਾਜ ਬਿਮਾਰੀ ਦੀ ਮਰੀਜ਼ ਹਾਂ ਜਿਵੇਂ ਏਡਜ਼ ਜਿਹੀ ਬਿਮਾਰੀ ਹੁੰਦੀ ਹੈ। ਮੈਂ ਇਸ ਨੂੰ ਕਿਹਾ ਕਿ ਕੀ ਤੂੰ ਸੋਚਦੀ ਹੈਂ ਕਿ ਉਹ ਸਾਰੇ ਇਨੇ ਹੀ ਬੇਵਕੂਫ਼ ਹਨ ਜਿਹੜੇ ਤੇਰਾ ਇਹ ਝੂਠ ਸੱਚ ਮੰਨ ਲੈਣਗੇ ਜਦੋਂ ਕਿ ਤੂੰ ਬਿਮਾਰ ਜਾਪਦੀ ਹੀ ਨਹੀਂ। ਤਾਂ ਜੈਲੋ ਨੇ ਆਖਿਆ ਕਿ ਯਤਨ ਕਰ ਦੇਖਦੀ ਹਾਂ। ਮੈਂ ਤਾਂ ਸਭ ਨੂੰ ਡਰਾਉਣਾ ਹੀ ਹੈ ਤੇ ਇਹ ਕਹਿ ਕੇ ਉਹ ਖਿੜ ਖਿੜਾ ਕੇ ਹੱਸਣ ਲੱਗ ਪਈ। ਮੈਂ ਉਸ ਦਾ ਹਾਸਾ ਵੇਖ ਕਿਹਾ ਕਿ ਜੇ ਤੂੰ ਜਾ ਕੇ ਆਖੇਂਗੀ ਕਿ ਸਰ! ਮੈਂ ਤਾਂ ਕਿਸੇ ਲਾ ਇਲਾਜ ਬਿਮਾਰੀ ਦੀ ਮਰੀਜ਼ ਹਾਂ ਤਾਂ ਉਹ ਤੇਰਾ ਮੈਡੀਕਲ ਕਰਵਾਏਗਾ ਤੇ ਨੌਕਰੀ ਵਿਚੋਂ ਕਢਵਾ ਦੇਵੇਗਾ। ਮੈਨੂੰ ਨਹੀਂ ਲਗਦਾ ਕਿ ਤੇਰਾ ਇਹ ਪਲਾਨ ਚਲੇਗਾ। ਤੂੰ ਇਹ ਪੰਗਾ ਨਾ ਲੈ। ਲੈਣੇ ਦੇ ਦੇਣੇ ਨਾ ਪੈ ਜਾਣ। ਇਸ ਤੇ ਜੈਲੋ ਆਖਣ ਲੱਗੀ ਕਿ ਮੈਨੂੰ ਇਹ ਪਤਾ ਹੈ ਕੇ ਜੇ ਕਰ ਕੋਈ ਐਚ.ਆਈ ਵੀ ਪਾਜ਼ਿਟਿਵ ਹੋਵੇ ਉਸ ਨੂੰ ਨੌਕਰੀ ਵਿਚੋਂ ਨਹੀਂ ਕੱਢਿਆ ਜਾ ਸਕਦਾ ਇਹ ਗੈਰ ਕਨੂੰਨੀ ਹੁੰਦਾ ਹੈ। ਮੈਂ ਉਸ ਨੂੰ ਆਖਿਆ ਕਿ ਇਸ ਸਕੀਮ ਨੂੰ ਦਫ਼ਾ ਕਰ।ਮੈਨੂੰ ਤਾਂ ਠੀਕ ਨਹੀਂ ਲਗਦਾ। ਉਸ ਨੇ ਕਿਹਾ ਕਿ ਬਸ ਤੂੰ ਆਪਣੇ ਵਾਅਦੇ ਤੇ ਕਾਇਮ ਰਹੀਂ ਬਿਲਕੁਲ ਵੀ ਹਵਾ ਨਾ ਕੱਢੀ। ਸ਼ਾਮ ਢਲ ਚੁਕੀ ਸੀ ਤੇ ਮੈਂ ਉਸ ਦੀ ਸਕੀਮ ਨੂੰ ਢਿੱਡ ਵਿਚ ਰੱਖ ਆਪਣੇ ਘਰ ਚਲੀ ਗਈ। ਅਗਲੇ ਦਿਨ ਜੈਲੋ ਦਫ਼ਤਰ ਤੋਂ ਸਿਧੀ ਹੀ ਸਾਡੇ ਘਰ ਆ ਗਈ ਤੇ ਦਸਣ ਲੱਗੀ ਕਿ ਅੱਜ ਬਹੁਤ ਹੀ ਮਜ਼ਾ ਆਇਆ ਜਿਵੇਂ ਮੈਂ ਸੋਚਿਆ ਸੀ ਉਸੇ ਤਰ੍ਹਾਂ ਹੀ ਹੋਇਆ ਕੋਈ ਵੀ ਮੇਰੇ ਨੇੜੇ ਆਉਣ ਦੀ ਜ਼ੁਰਅਤ ਨਹੀਂ ਕਰਦਾ ਦੋਵੇਂ ਕੁੜੀਆਂ ਵੀ ਮੈਥੋਂ ਦੂਰ ਹੋ ਗਈਆਂ ਹਨ। ਹੁਣ ਉਸ ਦਫ਼ਤਰ ਅੰਦਰ ਮੇਰਾ ਰਾਜ ਹੈ ਮੈਂ ਸ਼ੇਰਨੀ ਹਾਂ ਅਤੇ ਬਾਕੀ ਸਾਰੇ ਸ਼ਿਕਾਰ ਦੀ ਤਰ੍ਹਾਂ ਮੈਥੋਂ ਦੂਰ ਦੂਰ ਭੱਜ ਰਹੇ ਹਨ। ਸੱਪ ਮਾਰ ਦਿੱਤਾ ਹੈ ਅਤੇ ਲਾਠੀ ਵੀ ਸਾਬਤ ਸਬੂਤ ਹੈ।

ਮੈਂ ਆਪਣੇ ਕੰਮਾਂ ਵਿਚ ਰੁਝ ਗਈ। ਵਿਆਹ ਦੀ ਤਰੀਕ ਪੱਕੀ ਕਰ ਲਈ ਗਈ। ਸਾਰਾ ਟੱਬਰ ਤਿਆਰੀਆਂ ਵਿਚ ਲੱਗ ਗਿਆ। ਛੋਟੇ ਮੰਮੀ ਨੂੰ ਵੀ ਦੱਸਣ ਲਈ ਮੈਂ ਹੀ ਗਈ ਅਸਲ ਵਿਚ ਮੈਂ ਜੈਲੋ ਦਾ ਹਾਲ ਜਾਣਨਾ ਸੀ। ਉਹ ਮੈਨੂੰ ਖਿੱਚ ਕੇ ਅੰਦਰ ਲੈ ਗਈ ਤੇ ਮੇਰੀ ਗੱਲ ਸੁਣ ਕੇ ਉਦਾਸ ਹੋ ਗਈ ਕਿ ਤੂੰ ਵੀ ਹੁਣ ਮੈਨੂੰ ਛੱਡ ਕੇ ਚਲੀ ਜਾਵੇਂਗੀ। ਮੈਂ ਉਸ ਨੂੰ ਪੁੱਛਿਆ ਕੇ ਤੂੰ ਦੱਸ ਤੇਰਾ ਕਿ ਹਾਲ ਹੈ। ਉਸ ਨੇ ਹੁਣ ਦੱਸਿਆ ਕਿ ਹੁਣ ਮੇਰੇ ਦਫਤਰ ਦਾ ਇਕ ਮੁੰਡਾ ਮਹਿੰਦਰ ਰੋਜ਼ਾਨਾ ਮੈਨੂੰ ਇਕੱਲੀ ਨੂੰ ਰੋਟੀ ਖਾਂਦਾ ਵੇਖ ਮੇਰੇ ਕੋਲ ਬੜੇ ਅਦਬ ਨਾਲ ਬੈਠ ਜਾਂਦਾ ਹੈ। ਮੈਨੂੰ ਲਗਦਾ ਹੈ ਉਸ ਨੂੰ ਮੇਰੇ ਉਪਰ ਤਰਸ ਆਓਂਦਾ ਹੈ ਤੇ ਉਹ ਮੇਰੇ ਕੋਲ ਆਉਣ ਤੋਂ ਬਿਲਕੁਲ ਵੀ ਡਰਦਾ ਨਹੀਂ ਹੈ। ਇੱਕ ਦਿਨ ਉਸ ਨੇ ਮੈਨੂੰ ਕਿਹਾ ਕਿ ਜਰਨੈਲ ਮੈਂ ਤੈਨੂੰ ਇਕੱਲੀ ਨੂੰ ਮਿਲਣਾ ਚਾਹੁੰਦਾ ਹਾਂ। ਮੈਂ ਪੁੱਛਿਆ ਕਿ ਕੀ ਮਤਲਬ! ਉਸ ਨੇ ਆਖਿਆ ਕਿ ਮੈਂ ਕੋਈ ਜ਼ਰੂਰੀ ਗੱਲ ਕਰਨੀ ਹੈ ਜਿਹੜੀ ਦਫ਼ਤਰ ਵਿਚ ਨਹੀਂ ਕੀਤੀ ਜਾ ਸਕਦੀ। ਮੈਂ ਡਰਦੀ ਡਰਦੀ ਉਸ ਨੂੰ ਇਸ ਐਤਵਾਰ ਮਿਲਣ ਦਾ ਸਮਾਂ

ਦੇ ਦਿੱਤਾ ਹੈ। ਅਸੀਂ ਅਸ਼ੋਕਾ ਹੋਟਲ ਵਿਚ ਮਿਲਾਂਗੇ। ਤੂੰ ਮੇਰੇ ਨਾਲ ਚਲੀਂ। ਘਰੇ ਕਪੜੇ ਖਰੀਦ ਕਰਨ ਲਈ ਕਹਿ ਕੇ ਚਲਾਂਗੇ। ਤੂੰ ਤਿਆਰ ਰਹੀਂ।

ਐਤਵਾਰ ਨੂੰ ਅਸੀਂ ਦੋਵੇਂ ਜਣੀਆਂ ਘਰੇ ਦੱਸ ਕੇ ਅਸ਼ੋਕਾ ਹੋਟਲ ਪੁੱਜ ਗਈਆਂ। ਮਹਿੰਦਰ ਸਾਨੂੰ ਉਡੀਕ ਰਿਹਾ ਸੀ। ਉਸ ਨੇ ਤਿੰਨ ਕੋਕਾਕੋਲਾ ਮੰਗਵਾ ਲੈ। ਜੈਲੋ ਨੇ ਕਿਹਾ ਕਿ ਇਹ ਮੇਰੀ ਸਹੇਲੀ ਕਰਨੈਲ ਨਹੀਂ ਸੱਚ ਮੇਰੀ ਭੈਣ ਹੈ ਤੇ ਇਹ ਮੇਰਾ ਕੁਲੀਗ ਮਹਿੰਦਰ ਸਿੰਘ। ਮਹਿੰਦਰ ਨੇ ਕਿਹਾ ਕਿ ਮੈਨੂੰ ਆਏ ਨੂੰ ਤਾਂ ਘੰਟਾ ਕੁ ਹੀ ਹੋਇਆ ਹੈ। ਚੰਗਾ ਹੋਇਆ ਕਿ ਤੁਸੀਂ ਆ ਗਏ।

ਮਹਿੰਦਰ ਬੋਲਿਆ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਗੱਲ ਕਿਥੋਂ ਸ਼ੁਰੂ ਕਰਾਂ। ਮੈਂ ਤੁਹਾਨੂੰ ਪਹਿਲੇ ਦਿਨ ਤੋਂ ਹੀ ਪਸੰਦ ਕਰਦਾ ਹਾਂ ਪਰ ਡਰਦਾ ਕਦੇ ਤੁਹਾਨੂੰ ਕੁਝ ਆਖ ਨਹੀਂ ਸਕਿਆ ਕਿ ਪਤਾ ਨਹੀਂ ਤੁਹਾਨੂੰ ਕਿਵੇਂ ਲਗੇਗਾ। ਪਰ ਮੈਂ ਰਹਿ ਨਹੀਂ ਸਕਿਆ। ਜੇ ਕਰ ਠੀਕ ਲੱਗੇ ਤਾਂ ਮੈਂ ਜ਼ਿੰਦਗੀ ਇਕੱਠੇ ਬਿਤਾਉਣ ਬਾਰੇ ਸੋਚ ਲਈਏ।

ਜੈਲੋ ਇਕ ਦੱਮ ਬੋਲ ਪਈ ਤੁਹਾਨੂੰ ਪਤਾ ਹੈ ਕਿ ਮੈਨੂੰ ਇਕ ਲਾ ਇਲਾਜ ਬਿਮਾਰੀ ਹੈ।

ਮਹਿੰਦਰ ਨੇ ਕਿਹਾ ਕਿ ਇਸ ਦਾ ਮੈਨੂੰ ਨਹੀਂ ਸਾਰੇ ਦਫ਼ਤਰ ਵਾਲਿਆਂ ਨੂੰ ਪਤਾ ਹੈ। ਅਤੇ ਮੈਨੂੰ ਕੋਈ ਇਤਰਾਜ਼ ਨਹੀਂ ਹੈ।

ਫਿਰ ਵੀ ਤੁਸੀਂ ਮੈਨੂੰ ਆਪਣਾ ਬਣਾਉਣ ਬਾਰੇ ਸੋਚ ਰਹੇ ਹੋ।

ਮਹਿੰਦਰ ਨੇ ਆਖਿਆ ਕੇ ਮੈਂ ਸਮਝਦਾ ਹਾਂ ਕਿ ਡਾਕਟਰ ਤੋਂ ਅਣਗਹਿਲੀ ਹੋਈ ਹੈ ਮੈਂ ਤਾਂ ਤੁਹਾਨੂੰ ਪਿਆਰ ਕਰਦਾ ਹਾਂ ਤੇ ਤੁਹਾਨੂੰ ਆਪਣੀ ਬਣਾਉਣੀ ਲੋਚਦਾ ਹਾਂ। ਮੈਨੂੰ ਵੀ ਇਹ ਲਾ-ਇਲਾਜ ਬਿਮਾਰੀ ਡਾਕਟਰ ਦੀ ਅਣਗਹਿਲੀ ਨੇ ਹੀ ਦਿਤੀ ਹੈ ਉਸ ਦੇ ਟੀਕੇ ਤੋਂ ਮੈਨੂੰ ਇਹ ਬਿਮਾਰੀ ਹੋਈ ਹੈ। ਜੈਲੋ ਇਕ ਦਮ ਤਰਸ ਨਾਲ ਭਰ ਗਈ ਤੇ ਸੋਚਣ ਲੱਗੀ। ਕਰਨੈਲ ਨੇ ਜੈਲੋ ਨੂੰ ਉਠਾ ਲਿਆ ਤੇ ਜੈਲੋ ਨੇ ਕਿਹਾ ਕਿ ਮੈਂ ਸੋਚਾਂਗੀ ਤੇ ਤੁਹਾਨੂੰ ਦੱਸਾਂਗੀ। ਅਸੀਂ ਹੋਟਲ ਵਿਚੋਂ ਬਾਹਰ ਆ ਗਈਆਂ। ਰਸਤੇ ਵਿਚ ਅਸੀਂ ਕੋਈ ਗੱਲ ਨਾ ਕੀਤੀ ਤੇ ਆਪਣੇ ਆਪਣੇ ਘਰ ਜਾ ਵੜੀਆਂ।

ਅਗਲੀ ਸਵੇਰ ਜੈਲੋ ਦਫਤਰ ਲਈ ਤਿਆਰ ਹੋਈ ਤਾਂ ਉਸ ਨੂੰ ਆਪਣਾ ਆਪ ਕੁਝ ਵੱਖਰਾ ਲੱਗ ਰਿਹਾ ਸੀ। ਮਨ ਦੇ ਅੰਦਰ ਕਿ ਕਿਸਮ ਦੇ ਵਿਚਾਰ ਘੁੰਮ ਰਹੇ ਸੀ ਕਿ ਮੈਂ ਹੁਣ ਮਹਿੰਦਰ ਨੂੰ ਕੀ ਕਹਾਂ। ਉਸ ਨੂੰ ਕੋਰਾ ਜਵਾਬ ਦੇ ਦੇਵਾਂ ਜਾਂ ਉਸ ਨੂੰ ਵਿਆਹ ਲਈ ਹਾਂ ਆਖ ਦੇਵਾਂ। ਇਸ ਘੁੰਮਣ-ਘੇਰੀ ਵਿਚ ਕਦੋਂ ਉਹ ਦਫ਼ਤਰ ਪਹੁੰਚ ਗਈ ਉਸ ਨੂੰ ਪਤਾ ਹੀ ਨਾ ਲੱਗਾ। ਜਦੋਂ ਅੰਦਰ ਵੜੀ ਤਾਂ ਸਾਹਮਣੇ ਮਹਿੰਦਰ ਨਾਲ ਮੇਲ ਹੋਇਆ ਉਸ ਨੇ ਦੋਵੇਂ ਹੱਥ ਜੋੜ ਬੜੇ ਹੀ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਈ। ਜੈਲੋ ਦਾ ਮੂੰਹ ਸ਼ਰਮ ਨਾਲ ਝੁਕ ਗਿਆ ਤੇ ਉਸ ਨੇ ਸਤਿ ਸ੍ਰੀ ਅਕਾਲ ਦਾ ਉਤਰ ਦਿੱਤਾ। ਆਪੋ ਆਪਣੀ ਸੀਟ ਤੇ ਆਪਣੇ ਕੰਮਾਂ ਵਿਚ ਰੁਝ ਗਏ। ਲੰਚ ਟਾਈਮ ਤੇ ਉਹ ਇੱਕਠੇ ਹੀ ਦਫਤਰ ਵਿਚੋਂ ਨਿਕਲੇ। ਆਪੋ ਆਪਣਾ ਲੰਚ ਖਾਧਾ

ਤੇ ਵਾਪਿਸ ਆ ਗਏ ਦੋਨੋ ਕੋਈ ਗੱਲ ਨਾ ਕਰ ਸਕੇ। ਛੁੱਟੀ ਹੋਣ ਤੇ ਮਹਿੰਦਰ ਨੇ ਕਿਹਾ ਕੇ ਅੱਜ ਆਪਾਂ ਇਕੱਠੇ ਚਲਾਂਗੇ ਮੈਂ ਮੋਟਰਸਾਈਕਲ ਤੇ ਆਇਆ ਹਾਂ। ਰਸਤੇ ਵਿਚ ਮੈਂ ਤੇਰੇ ਨਾਲ ਗੱਲਾਂ ਵੀ ਕਰ ਲਵਾਂਗਾ ਭਾਵ ਆਪਣੇ ਜੀਵਨ ਬਾਰੇ ਵੇਰਵਾ ਦੇ ਦੇਵਾਂਗਾ। ਮੇਰੇ ਪੈਰ ਮਲੋ ਮਲੀ ਉਸ ਨਾਲ ਜਾਣ ਲਈ ਮੰਨ ਗਏ। ਮੈਂ ਬੱਸ ਅੱਡੇ ਤੇ ਪੁੱਜੀ ਪਿੱਛੋਂ ਉਹ ਆਪਣੇ ਬਾਈਕ ਤੇ ਆ ਗਿਆ ਮੈਂ ਉਸ ਨਾਲ ਬੈਠ ਗਈ। ਉਸ ਨੇ ਰਾਹ ਵਿਚ ਦੱਸਿਆ ਕਿ ਮੈਂ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਜਦੋਂ ਮੈਂ ਬਿਮਾਰ ਹੋਇਆ ਮੈਂ ਦਸਵੀਂ ਵਿਚ ਸੀ ਮਾਪੇ ਡਾਕਟਰ ਕੋਲ ਲੈ ਗਏ ਉਸ ਨੇ ਟੀਕਾ ਲਾਇਆ ਤੇ ਉਦੋਂ ਹੀ ਮੈਨੂੰ ਇਹ ਚੰਦਰੀ ਬਿਮਾਰੀ ਲੱਗ ਗਈ ਸੀ। ਉਸ ਤੋਂ ਬਾਅਦ ਮੇਰੇ ਪਿਤਾ ਜੀ ਇੱਕ ਦੁਰਘਟਨਾ ਵਿਚ ਪੂਰੇ ਹੋ ਗਏ ਅਤੇ ਮੈਂ ਤੇ ਮਾਤਾ ਜੀ ਹੀ ਰਹਿ ਗਏ। ਮੈਂ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਪੂਰੀ ਕਰ ਇਥੇ ਨੌਕਰੀ ਤੇ ਲੱਗ ਗਿਆ। ਹਾਲੇ ਦੋ ਤਨਖਾਹਾਂ ਹੀ ਮਸਾਂ ਲਈਆਂ ਹੋਣਗੀਆਂ ਮੇਰੇ ਮਾਤਾ ਜੀ ਬਿਮਾਰੀ ਕਾਰਨ ਚੱਲ ਵਸੇ। ਹੁਣ ਮੈਂ ਇਕੱਲਾ ਹੀ ਰਹਿ ਰਿਹਾ ਹਾਂ ਤੇ ਮੈਨੂੰ ਤੇਰੇ ਸਾਥ ਦੀ ਲੋੜ ਹੈ। ਮੇਰੇ ਨਾਮ ਤੇ ਚੰਗੀ ਚੋਖੀ ਜਾਇਦਾਦ ਹੈ ਆਪਣਾ ਜੀਵਨ ਸੌਖਾ ਬੀਤੇਗਾ। ਅਸੀਂ ਆਪਣੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਜੀਵਾਂਗੇ। ਮੈਂ ਉਸ ਦੀਆਂ ਸਾਰੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸਾਂ। ਇਤਨੇ ਵਿਚ ਮੇਰਾ ਅੱਡਾ ਆ ਗਿਆ ਮੈਨੂੰ ਉਤਾਰ ਉਹ ਆਪਣੇ ਪਿੰਡ ਚਲਾ ਗਿਆ। ਮੇਰੇ ਅੰਦਰ ਇਕ ਭੁਚਾਲ ਆਇਆ ਹੋਇਆ ਸੀ। ਮੈਂ ਮਨ ਹੀ ਮਨ ਫੈਸਲਾ ਕਰ ਲਿਆ ਕਿ ਮਹਿੰਦਰ ਨੂੰ ਖੁਸ਼ੀਆਂ ਦੀ ਲੋੜ ਹੈ ਮੈਂ ਇਸ ਨੂੰ ਖੁਸ਼ੀ ਦੇਣ ਦਾ ਯਤਨ ਕਰਾਂਗੀ।

ਘਰ ਪੁੱਜ ਮੈਂ ਮਾਂ ਨੂੰ ਦੱਸ ਕੈਲੋ ਕੋਲ ਚਲੀ ਗਈ ਤੇ ਉਸ ਨਾਲ ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ ਤੇ ਮੈਂ ਉਸ ਨੂੰ ਸਪਸ਼ਟ ਕਰ ਦਿੱਤਾ ਕਿ ਮੈਂ ਉਸ ਨਾਲ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ ਹੈ ਤੇ ਅਸੀਂ ਤੇਰੇ ਵਿਆਹ ਤੋਂ ਪਹਿਲਾਂ ਹੀ ਵਿਆਹ ਕਰ ਲਵਾਂਗੇ। ਤੂੰ ਮੇਰੇ ਵਿਆਹ ਵਿਚ ਸਾਰੇ ਪਰਿਵਾਰ ਨੂੰ ਲੈ ਕੇ ਆਉਣਾ ਹੈ ਤੇ ਮੇਰੇ ਮੰਮੀ ਨੂੰ ਮਹਿੰਦਰ ਦੀ ਬਿਮਾਰੀ ਬਾਰੇ ਬਿਲਕੁਲ ਹੀ ਨਹੀਂ ਦੱਸਣਾ ਹੈ। ਘਰ ਆ ਕੇ ਮੈਂ ਮਾਂ ਨੂੰ ਦੱਸ ਦਿੱਤਾ ਕਿ ਮੈਂ ਆਪਣੇ ਲਈ ਇਕ ਲੜਕਾ ਪਸੰਦ ਕਰ ਲਿਆ ਹੈ ਤੁਹਾਨੂੰ ਵੀ ਦਿਖਾ ਦੇਵਾਂਗੀ ਜੇ ਤੁਹਾਡੀ ਰਜ਼ਾਮੰਦੀ ਹੋਈ ਤਾਂ ਸ਼ਾਦੀ ਕਰ ਲਵਾਂਗੀ। ਅਗਲੇ ਦਿਨ ਦਫਤਰ ਵਿਚ ਜਾ ਕੇ ਮੈਂ ਆਪਣਾ ਫੈਸਲਾ ਮਹਿੰਦਰ ਨੂੰ ਦੱਸ ਦਿੱਤਾ ਕਿ ਇਸ ਐਤਵਾਰ ਤੁਸੀਂ ਸਾਡੇ ਪਿੰਡ ਗੁਰਦਵਾਰੇ ਆ ਜਾਇਓ ਮੈਂ ਤੇ ਮੇਰੀ ਮੰਮੀ ਆ ਜਾਵਾਂਗੀਆਂ। ਸੰਖੇਪ ਮਿਲਣੀ ਤੋਂ ਬਾਅਦ ਵਿਆਹ ਮਿਥ ਲਵਾਂਗੇ ਤੇ ਵਿਆਹ ਸਾਦਾ ਹੀ ਕਰ ਲਵਾਂਗੇ। ਉਸ ਨੇ ਖੁਸ਼ੀ ਨਾਲ ਰਜ਼ਾਮੰਦੀ ਦੇ ਦਿਤੀ।

ਐਤਵਾਰ ਉਹ ਆਪਣੇ ਕਿਸੇ ਦੋਸਤ ਨਾਲ ਗੁਰਦਵਾਰੇ ਪੁੱਜ ਗਿਆ ਮੈਂ ਤੇ ਮੰਮੀ ਵੀ ਆ ਗਈਆਂ। ਮੰਮੀ ਨੇ ਉਸ ਨੂੰ ਦੇਖ ਆਪਣੀ ਸਹਿਮਤੀ ਪ੍ਰਗਟ ਕਰ ਦਿਤੀ ਅਤੇ ਪੰਦਰਾਂ ਦਿਨ ਬਾਅਦ ਐਤਵਾਰ ਦੀ ਵਿਆਹ ਦੀ ਤਰੀਕ ਮਿਥ ਲਈ।

ਮੰਮੀ ਨੇ ਸ਼ਗਨ ਵਜੋਂ 500 ਦਾ ਨੋਟ ਮਹਿੰਦਰ ਨੂੰ ਦਿੱਤਾ ਮਹਿੰਦਰ ਨੇ ਆਪਣੇ ਦੋਸਤ ਨੂੰ ਭੇਜ ਮਿਠਿਆਈ ਮੰਗਵਾ ਲਈ ਗੁਰਦਵਾਰੇ ਵਿਚ ਅਰਦਾਸ ਕਰਵਾ ਕੇ ਪ੍ਰਸ਼ਾਦ ਲਿਆ ਤੇ ਇੱਕ ਮਿਠਾਈ ਦਾ ਡੱਬਾ ਮੇਰੇ ਮੰਮੀ ਨੂੰ ਦੇ ਦਿੱਤਾ ਗਿਆ। ਅਸੀਂ ਆਪਣੇ ਘਰ ਆ ਗਏ। ਆਉਂਦੇ ਸਾਰ ਹੀ ਮੰਮੀ ਕੈਲੋ ਦੇ ਘਰ ਚਲੇ ਗਏ ਉਨ੍ਹਾਂ ਨੂੰ ਵਿਆਹ ਦਾ ਸਦਾ ਦੇ ਆਏ। ਉਸ ਦਾ ਪਰਿਵਾਰ ਬਹੁਤ ਖੁਸ਼ ਹੋਇਆ ਕੇ ਜੈਲੋ ਨੂੰ ਸਰਕਾਰੀ ਨੌਕਰ ਨਾਲ ਵਿਆਹਿਆ ਜਾ ਰਿਹਾ ਹੈ। ਉਸ ਦੀ ਮੇਹਨਤ ਨੂੰ ਭਾਗ ਲੱਗੇ ਹਨ। ਮੰਮੀ ਵਿਆਹ ਦੀਆਂ ਤਿਆਰੀਆਂ ਵਿਚ ਰੁਝ ਗਏ। ਮੈਂ ਅਗਲੇ ਦਿਨ ਜਾ ਕੇ ਆਪਣੇ ਅਫਸਰ ਨੂੰ ਦੱਸ ਦਿੱਤਾ ਕਿ ਮੈਨੂੰ ਵਿਆਹ ਲਈ ਥੋੜੀ ਛੁਟੀ ਦੀ ਲੋੜ ਹੈ। ਉਸ ਨੇ ਵੀ ਦੋ ਹਫਤੇ ਦੀ ਛੁਟੀ ਮੰਨਜ਼ੂਰ ਕਰ ਦਿੱਤੀ।

ਮਿੱਥੇ ਐਤਵਾਰ ਨੂੰ ਵਿਆਹ ਵਾਲੇ ਦਿਨ ਗੁਰਦਵਾਰੇ ਪੁੱਜ ਕੇ ਅਨੰਦ ਕਾਰਜ ਦੀ ਰਸਮ ਕੀਤੀ ਗਈ। ਲੰਗਰ ਛਕ ਕੇ ਘਰ ਨੂੰ ਚਾਲੇ ਪਾ ਦਿੱਤੇ। ਉਦਾਸ ਮਨ ਨਾਲ ਮੰਮੀ ਮੈਨੂੰ ਤੋਰ ਕੇ ਘਰ ਚਲੇ ਗਏ ਅਸੀਂ ਕਾਰ ਉਪਰ ਪਿੰਡ ਵੱਲ ਚੱਲ ਪਏ। ਥੋੜੀ ਦੂਰੀ ਤੇ ਗਏ ਸਾਂ ਕੇ ਅਸੀਂ ਗੱਲਾਂ ਵਿਚ ਰੁਝ ਗਏ ਅਤੇ ਗੱਲਾਂ ਵਿਚ ਮਸਤ ਹੋ ਗਏ। ਡਰਾਈਵਰ ਦਾ ਧਿਆਨ ਉੱਕ ਗਿਆ ਤੇ ਕਾਰ ਸਾਹਮਣੇ ਟਰੱਕ ਵਿਚ ਜਾ ਟਕਰਾਈ। ਮੇਰਾ ਤਾਂ ਸਿਰ ਘੁੰਮ ਗਿਆ ਮੈਨੂੰ ਕੁਝ ਵੀ ਪਤਾ ਨਾ ਲੱਗਾ। ਜਦੋਂ ਹੋਸ਼ ਆਈ ਤਾਂ ਮੈਂ ਹਸਪਤਾਲ ਵਿਚ ਸੀ। ਸਾਹਮਣੇ ਨਰਸ ਖੜੀ ਸੀ ਉਸ ਨੂੰ ਪੁੱਛਿਆ ਕਿ ਮੈਨੂੰ ਕੀ ਹੋਇਆ ਹੈ ਮੈਂ ਇਥੇ ਕਿਓਂ ਹਾਂ। ਉਸ ਨੇ ਪਹਿਲਾਂ ਤਾਂ ਟਾਲਣ ਦੀ ਕੋਸ਼ਿਸ਼ ਕੀਤੀ ਪਰ ਮੇਰੇ ਜ਼ੋਰ ਦੇਣ ਤੇ ਉਸ ਨੇ ਵਿਸਥਾਰ ਨਾਲ ਦੱਸਿਆ ਕਿ ਤੁਹਾਡੀ ਕਾਰ ਦਾ ਐਕਸੀਡੈਂਟ ਹੋ ਗਿਆ ਸੀ ਡਰਾਈਵਰ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ ਉਸ ਨੂੰ ਪੀ ਜੀ ਆਈ ਵਿਚ ਲੈ ਗਏ ਹਨ। ਤੇਰੇ ਨਾਲ ਜੋ ਬੈਠੇ ਸਨ ਉਹ ਬਹੁਤ ਜ਼ਖਮੀ ਸਨ ਤੇ ਲਹੂ ਬਹੁਤ ਵੱਗ ਜਾਣ ਕਾਰਨ ਭਾਰੀ ਯਤਨਾਂ ਦੇ ਬਾਵਜੂਦ ਬਚਾਏ ਨਹੀਂ ਜਾ ਸਕੇ। ਇਹ ਸੁਣ ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ। ਜਦੋਂ ਹੋਸ਼ ਆਈ ਤਾਂ ਮੈਂ ਆਪਣੀ ਮਾਂ ਦੀ ਗੋਦੀ ਵਿਚ ਸਿਰ ਰਖਿਆ ਹੋਇਆ ਸੀ ਤੇ ਕੈਲੋ ਮੇਰੇ ਕੋਲ ਬੈਠੀ ਰੋ ਰਹੀ ਸੀ।

# ਸਿਕੰਦਰ

ਸੂਰਜ ਹੁਣ ਰੁੱਖਾਂ ਦੇ ਓਹਲੇ ਹੋ ਚਲਿਆ ਸੀ। ਸ਼ਾਮ ਹੋ ਚਲੀ ਸੀ ਕੈਲਾ ਵੀ ਸਵੇਰ ਦਾ ਗਿਆ ਅਜੇ ਘਰ ਨਹੀਂ ਮੁੜਿਆ ਸੀ। ਕਦੇ ਕਦੇ ਉਹ ਆਪਣੀ ਭੈਣ ਦੇ ਘਰ ਹੀ ਰਾਤ ਰਹਿ ਪਿਆ ਕਰਦਾ ਸੀ। ਸਵੇਰ ਹੋਈ ਤੋਂ ਕੰਮ ਤੇ ਉਥੋਂ ਹੀ ਚਲਾ ਜਾਇਆ ਕਰਦਾ ਸੀ। ਮੈਂ ਸੋਚ ਰਹੀ ਸੀ ਜੇ ਕਲ ਨਹੀਂ ਆਇਆ ਤਾਂ ਅੱਜ ਆ ਜਾਵੇਗਾ। ਕਿਤਨੇ ਦਿਨ ਭੈਣ ਦੇ ਘਰ ਦੀਆਂ ਪੱਕੀਆਂ ਖਾਵੇਂਗਾ, ਅਖੀਰ ਆਪਣੇ ਕਿਲੇ ਤੇ ਤਾਂ ਆਵੇਂਗਾ ਹੀ। ਸਵੇਰ ਦਾ ਮੇਰਾ ਵੀ ਕੰਮ ਨੂੰ ਉਕਾ ਹੀ ਜੀਅ ਨਹੀਂ ਕਰ ਰਿਹਾ ਸੀ ਮਨ ਵਿਚੋਂ ਆ ਰਹੇ ਚੰਗੇ-ਮੰਦੇ ਖਿਆਲ ਨੂੰ ਵਿਸਾਰ ਆਪਣੇ ਆਪ ਨੂੰ ਧੱਕਾ ਦੇ ਕੇ ਮੰਜੇ ਤੋਂ ਉੱਠਦੀ ਹਾਂ। ਸਰੀਰ ਕੰਡੇ ਵਿਚ ਨਹੀਂ ਸੀ, ਸਿਰ ਦੀ ਕੱਲੀ ਕੱਲੀ ਨਾੜੀ ਜਾਮ ਹੋ ਗਈ ਲਗਦੀ ਸੀ। ਘਰ ਦਾ ਕੰਮ ਵਾਜਾਂ ਮਾਰ ਰਿਹਾ ਸੀ। ਨਲਕੇ ਲਾਗੇ ਪਏ ਭਾਂਡੇ ਮਾਂਜਣ ਵਾਲੇ ਪਏ ਸਨ। ਉੱਠ ਕੇ ਚੁੱਲ੍ਹੇ ਨੂੰ ਫੂਕਿਆ ਦਾਲ ਧਰ ਦਿੱਤੀ ਅਤੇ ਆਪ ਭਾਂਡਿਆਂ ਵੱਲ ਨੂੰ ਅਹੁੜੀ। ਛੇਤੀ ਛੇਤੀ ਭਾਂਡਿਆਂ ਨੂੰ ਹੱਥ ਮਾਰ ਬਾਲਟੀ ਲੈ ਮੱਝ ਦੀ ਧਾਰ ਕੱਢਣ ਲਈ ਟੁਰ ਪਈ।

ਜਨਮ ਤਾਂ ਮੇਰਾ ਆਮ ਪਰਿਵਾਰ ਵਿਚ ਹੋਇਆ ਸੀ। ਮੇਰਾ ਬਾਪ ਮੇਹਨਤ ਕਰਨ ਵਾਲਾ ਇੱਕ ਸਿਰੜੀ ਕਾਮਾ ਸੀ। ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਸੀ। ਮਾਂ ਮੇਰੀ ਘਰ ਦੇ ਕੰਮਾਂ ਵਿਚ ਨਿਪੁੰਨ ਅਤੇ ਗਲੀ-ਮੁਹੱਲੇ ਵਿਚ ਮਿਲਣਸਾਰ ਔਰਤ ਸੀ। ਭਾਵੇਂ ਸਤਾਂ ਪੁੱਤਰ੍ਹਾਂ ਦੀ ਮਾਂ ਸੀ ਪ੍ਰੰਤੂ ਘਰ ਦਾ ਕੰਮ ਹਮੇਸ਼ਾ ਨੱਠ-ਨੱਠ ਕਰਦੀ ਰਹਿੰਦੀ ਸੀ। ਇੰਜ ਲਗਦਾ ਸੀ ਉਹ ਘਰ ਦੇ ਕੰਮਾਂ ਤੋਂ ਥੱਕਦੀ ਹੀ ਨਹੀਂ ਸੀ। ਮੇਰੇ ਵੱਡੇ ਦੋ ਵੀਰ ਤਾਂ ਗੱਭਰੂ ਹੋ ਗਏ ਸਨ ਅਤੇ ਬਾਪ ਨਾਲ ਹੱਥ ਵਟਾਉਂਦੇ ਸਨ। ਤਿੰਨ ਪੜ੍ਹਦੇ ਸਨ ਉਨ੍ਹਾਂ ਵਿਚ ਇੱਕ ਤਾਂ ਬਹੁਤ ਹੁਸ਼ਿਆਰ ਸੀ ਅਤੇ ਹਰ ਸਾਲ ਆਪਣੀ ਜਮਾਤ ਵਿਚੋਂ ਪਹਿਲੇ ਨੰਬਰ ਤੇ ਆਉਂਦਾ ਸੀ। ਦੂਜੇ ਦੋ ਤਾਂ ਪੜ੍ਹਾਈ ਵਿਚੋਂ ਠੀਕ-ਠੀਕ ਹੀ ਸਨ ਪਰ ਹਰ ਵਾਰ ਅਗਲੀ ਜਮਾਤ ਵਿਚ ਹੋ ਰਹੇ ਸਨ। ਬਾਪੂ ਕਿਹਾ ਕਰਦਾ ਸੀ ਕਿ ਤੀਜੇ ਨੰਬਰ ਵਾਲਾ ਤਾਂ ਮੇਰਾ ਅਫਸਰ ਬਣੂਗਾ। ਛੋਟੇ ਦੋਵੇਂ ਤਾਂ ਅਜੇ ਖੇਡਣ ਕੁੱਦਣ ਦੀ ਉਮਰ ਵਿਚ ਹੀ ਸਨ। ਜਦੋਂ ਮੈਂ ਇਸ ਘਰ ਵਿਚ ਜਨਮ ਲਿਆ ਤਾਂ ਕਿਸੇ ਨੇ ਵੀ ਮੂੰਹ ਨਹੀਂ ਫੁਲਾਇਆ ਸੀ ਸਗੋਂ ਮੇਰੇ ਬਾਪ ਨੇ ਤਾਂ ਆਪਣੇ ਸ਼ਰੀਕੇ ਵਿਚ ਲੱਡੂ ਵੰਡੇ ਸੀ। ਉਸ ਨੇ ਮੇਰਾ ਨਾਮ ਸਿਕੰਦਰ ਕੌਰ ਰਖਿਆ ਸੀ। ਪਿਆਰ ਨਾਲ ਸਾਰੇ ਮੈਨੂੰ ਕਿੰਦੀ ਹੀ ਆਖਦੇ ਸੀ। ਸਾਰਾ ਹੀ ਟੱਬਰ ਮੈਨੂੰ ਹੱਥਾਂ ਤੇ ਚੁਕੀ ਫਿਰਦਾ। ਇੱਕ ਦੀ ਗੋਦੀ ਵਿਚੋਂ ਉਤਰਦੀ ਦੂਜੇ ਦੇ ਮੋਢਿਆਂ ਤੇ ਸਵਾਰ ਹੋ ਜਾਂਦੀ। ਦਿਨ ਵੇਲੇ ਤਾਂ ਮੈਂ ਕਦੇ ਮੰਜੇ ਉਪਰ ਪੈਂਦੀ ਹੀ ਨਹੀਂ ਸੀ। ਸਾਰਾ ਦਿਨ

ਹੀ ਭਰਾਵਾਂ ਨਾਲ ਜਾਂ ਦਾਦੀ ਨਾਲ ਖੇਡਦੀ ਰਹਿੰਦੀ ਸੀ। ਸਮਾਂ ਕਦੋਂ ਰੁਕਦਾ ਹੈ ਇਹ ਤਾਂ ਹਮੇਸ਼ਾਂ ਖੰਭਾਂ ਤੇ ਹੀ ਸਵਾਰ ਰਹਿੰਦਾ ਹੈ ਦਿਨ, ਮਹੀਨੇ ਸਾਲ ਗੁਜ਼ਰਦਿਆਂ ਪਤਾ ਹੀ ਨਾ ਲਗਾ। ਮੈਂ 10 ਸਾਲਾਂ ਦੀ ਹੋਈ ਤਾਂ ਵੱਡੇ ਦੋ ਵੀਰਾਂ ਦਾ ਇਕੱਠਿਆਂ ਹੀ ਵਿਆਹ ਕਰ ਦਿੱਤਾ। ਚੰਦ ਵਰਗੀਆਂ ਭਾਬੀਆਂ ਆਈਆਂ ਤੇ ਮੈਂ ਉਨ੍ਹਾਂ ਦੇ ਅੱਗੇ ਪਿਛੇ ਹੀ ਰਹਿੰਦੀ। ਕਦੇ ਇੱਕ ਕੋਲ ਕਦੇ ਦੂਜੀ ਭਾਬੀ ਕੋਲ। ਮੈਂ ਉਨ੍ਹਾਂ ਨਾਲ ਹੀ ਸੌਂ ਜਾਂਦੀ ਪਤਾ ਨਹੀਂ ਕਦੋਂ ਬੀਬੀ ਲੈ ਆਇਆ ਕਰਦੀ ਅਤੇ ਸਵੇਰੇ ਉੱਠਦੀ ਤਾਂ ਆਪਦੀ ਬੀਬੀ ਦੇ ਮੰਜੇ ਤੇ ਹੁੰਦੀ ਸਾਂ। ਮੈਨੂੰ ਉਨ੍ਹਾਂ ਨੇ ਕੋਈ ਕੰਮ ਨਾ ਕਰਨ ਦਿੱਤਾ ਮੇਰਾ ਸਮਾਂ ਤਾਂ ਖੇਡਣ ਕੁੱਦਣ ਵਿਚ ਬੀਤ ਜਾਂਦਾ ਸੀ। ਮੇਰੀ ਮਾਂ ਕਲਪਦੀ ਕਿ ਇਸ ਨੂੰ ਕੋਈ ਕੰਮ ਕਰਨਾ ਸਿਖਾਓ ਨਹੀਂ ਤਾਂ ਆਪਣੀ ਸੱਸ ਤੋਂ ਗੁਤਨੀ ਪੁਟਾਓ ਤੇ ਨਾਲੇ ਮੈਨੂੰ ਉਲਾਹਮਾ ਮਿਲੂ ਕੇ ਮਾਂ ਨੇ ਕੀ ਸਿਖਾਇਆ ਹੈ।ਪਰ ਭਾਬੀਆਂ ਇਸ ਗੱਲ ਤੇ ਕੰਨ ਨਾ ਧਰਦੀਆਂ ਤੇ ਮੈਨੂੰ ਸਹੇਲੀਆਂ ਸੰਗ ਖੇਡਣ ਤੋਂ ਵੇਹਲ ਨਾ ਮਿਲਦੀ। ਕੰਮ ਨੂੰ ਮੇਰਾ ਕਿਓਂ ਜੀਅ ਕਰਨਾ ਸੀ। ਮੇਰੇ ਪੜ੍ਹਨ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ ਸੀ। ਇਸ ਤਰ੍ਹਾਂ 5–6 ਸਾਲ ਹੋਰ ਲੰਘ ਗਏ ਵੱਡਾ ਵੀਰ ਪੜ੍ਹਾਈ ਖਤਮ ਕਰ ਕੇ ਕੈਨੇਡਾ ਚਲਾ ਗਿਆ ਉਸ ਤੋਂ ਦੋਵੇਂ ਛੋਟੇ ਵਿਆਹੇ ਵੀ ਗਏ। ਕੈਨੇਡਾ ਵਾਲੇ ਨੇ ਉਥੇ ਕੋਈ ਸੋਹਣੀ ਕੁੜੀ ਲੱਭ ਮਾਪਿਆਂ ਦੀ ਰਜ਼ਾਮੰਦੀ ਨਾਲ ਵਿਆਹ ਕਰਵਾ ਲਿਆ। ਹੁਣ ਮੇਰੇ ਤੇ ਵੀ ਜਵਾਨੀ ਝਲਕਾਂ ਮਾਰਨ ਲੱਗ ਪਈ ਸੀ।

ਮਾਪਿਆਂ ਨੂੰ ਫ਼ਿਕਰ ਪੈ ਗਿਆ। ਭਾਬੀਆਂ ਤੇ ਬੀਬੀ ਰਲ ਕੇ ਘੁਸਰ ਮੁਸਰ ਕਰਨ ਲੱਗ ਪਈਆਂ। ਮੇਰੇ ਕੰਨੀ ਵੀ ਕੰਨ ਵਲੇਲ ਪਈ। ਇਕ ਦਿਨ ਮੇਰੀ ਭੂਆ ਆਈ ਸੀ ਤੇ ਬੀਬੀ ਨਾਲ ਗੱਲ ਕਰ ਗਈ ਸੀ। ਮੈਨੂੰ ਬੀਬੀ ਨੇ ਦੱਸਿਆ ਕਿ ਤੇਰੀ ਭੂਆ ਤੇਰਾ ਰਿਸ਼ਤਾ ਆਪਣੇ ਪਿੰਡ ਲੈ ਕੇ ਜਾਣਾ ਚਾਹੁੰਦੀ ਹੈ। ਬੰਦੇ ਬੜੇ ਗੁਰਮੁਖ ਸੁਣੀਦੇ ਸੀ। ਉਨ੍ਹਾਂ ਦਾ ਇੱਕੋ ਇੱਕ ਮੁੰਡਾ ਸੀ। ਮੁੰਡੇ ਦਾ ਬਾਪੂ ਤਰਖਾਣਾ ਕੰਮ ਕਰਦਾ ਸੀ।ਮੁੰਡਾ ਭਾਵੇਂ ਪੰਜ ਸੱਤ ਜਮਾਤਾਂ ਪੜ੍ਹਿਆ ਸੀ ਅਤੇ ਬਾਪੂ ਨਾਲ ਹੀ ਕੰਮ ਕਰਦਾ ਸੀ। ਭੂਆ ਕਹਿੰਦੀ ਸੀ ਚੰਗਾ ਸਰਦਾ ਪੁੱਜਦਾ ਘਰ ਹੈ ਕੁੜੀ ਮੌਜਾਂ ਕਰੂਗੀ। ਕੁੜੀ ਨੂੰ ਕੋਈ ਤੰਗੀ ਫੰਗੀ ਨਹੀਂ ਆਵੇਗੀ। ਮੇਰੀ ਬੀਬੀ ਤੇ ਬਾਪੂ ਵੀ ਉਸ ਪਰਿਵਾਰ ਨੂੰ ਜਾਣਦੇ ਸੀ। ਉਹ ਵੀ ਇਸ ਰਿਸ਼ਤੇ ਲਈ ਰਾਜ਼ੀ ਹੋ ਗਏ। ਭੂਆ ਨੂੰ ਸਨੇਹਾ ਭੇਜ ਦਿੱਤਾ ਕਿ ਆਉਂਦੀ ਮੱਸਿਆ ਤੇ ਆ ਜਾਣ ਤੇ ਕੋਈ ਕਾਰ-ਵਿਹਾਰ ਕਰ ਲੈਣ। ਮਸਾਂ 6–7 ਮਹੀਨੇ ਹੀ ਲੰਘੇ ਹੋਣਗੇ ਮੈਨੂੰ ਰੋਂਦੀ ਕੁਰਲਾਉਂਦੀ ਨੂੰ ਡੋਲੀ ਵਿਚ ਪਾ ਸਹੁਰੇ ਘਰ ਭੇਜ ਦਿੱਤਾ ਗਿਆ। ਦੋ ਕੁ ਦਿਨ ਉਥੇ ਰਹੀ ਅਤੇ ਸੁਤੀ ਮੈਂ ਆਪਣੀ ਭੂਆ ਦੇ ਘਰ ਤੇ ਤੀਸਰੇ ਦਿਨ ਮੁੜ ਵਾਪਿਸ ਆ ਗਈ।

ਸਾਲ ਕੁ ਬਾਅਦ ਮੇਰਾ ਮੁਕਲਾਵਾ ਤੋਰ ਦਿੱਤਾ ਗਿਆ। ਭਾਬੀਆਂ ਕਹਿਣ ਕਿ ਭੂਆ ਮਗਰ ਲੱਗ ਕੇ ਕਾਹਲੀ ਕੀਤੀ ਵਿਆਹ ਹਾਲੇ ਥੋੜ੍ਹੀ ਦੇਰ ਨੂੰ ਕਰਨਾ ਸੀ। ਹਾਲੇ ਤਾਂ ਨਿਆਣੀ ਹੀ ਸੀ। ਕੁਝ ਕੰਮ ਸਿੱਖ ਜਾਂਦੀ। ਕੋਈ ਥੋੜ੍ਹੀ ਬਹੁਤੀ ਸਿਲਾਈ ਕਢਾਈ ਸਿੱਖ ਜਾਂਦੀ। ਫਿਰ ਵੀ ਸਾਲ ਭਰ ਮੈਨੂੰ ਕੰਮ ਧੰਦਾ ਸਿਖਾਉਂਦੀਆਂ ਰਹੀਆਂ

ਤੇ ਗਲੀ ਬਾਤੀਂ ਹੋਰ ਬਹੁਤ ਕੁਝ ਦੱਸਦੀਆਂ ਰਹਿੰਦੀਆਂ ਜਿਵੇਂ ਸਹੁਰੇ ਨੂੰ ਬਾਪੂ ਸਮਝੀਂ ਸੱਸ ਦੀ ਹਰ ਗੱਲ ਮੰਨੀ ਸਹੁਰੇ ਘਰ ਨੂੰ ਆਪਣਾ ਜਾਣ ਨੁਕਸਾਨ ਨਹੀਂ ਕਰਨਾ। ਉਸ ਘਰ ਨੂੰ ਆਪਣਾ ਹੀ ਜਾਨਣਾ ਹੈ। ਕਦੇ ਵੀ ਉਚਾ ਨੀਵਾਂ ਨਹੀਂ ਬੋਲਣਾ। ਕਦੇ ਕਦੇ ਉਹ ਕੈਲੇ ਦਾ ਨਾਂ ਲੈ ਕੇ ਮੈਨੂੰ ਚਿੜਾਉਂਦੀਆਂ ਰਹਿੰਦੀਆਂ ਤੇ ਆਪ ਮੁਸਕਣੀਏ ਹੱਸਦੀਆਂ। ਕੈਲਾ ਮੇਰੇ ਘਰਵਾਲੇ ਦਾ ਨਾਂ ਸੀ। ਮੈਂ ਤਾਂ ਉਸ ਨਾਲ ਚੱਜ ਨਾਲ ਗੱਲ ਵੀ ਨਹੀਂ ਕੀਤੀ ਸੀ ਪਰ ਭਾਬੀਆਂ ਮੈਨੂੰ ਮਖੌਲ ਕਰਦੀਆਂ ਰਹਿੰਦੀਆਂ ਸਨ।

ਵਿਆਹੀ ਆਈ ਨੂੰ 5 ਕੁ ਸਾਲ ਲੰਘੇ ਹੋਣਗੇ। ਬੜੇ ਵਧੀਆ ਦਿਨ ਲੰਘ ਰਹੇ ਸਨ ਲੱਥੀ ਚੜ੍ਹੀ ਦੀ ਫਿਕਰ ਨਹੀਂ ਸੀ। ਸੱਸ ਸਹੁਰਾ ਚੰਗੇ ਸਨ। ਮੇਰੇ ਨਾਲ ਪਿਆਰ ਭਰਿਆ ਵਰਤਾਵ ਕਰਦੇ ਸਨ। ਚਾਚਾ ਸੇਮਾ ਮੇਰੇ ਬਾਪ ਨਾਲ ਹੀ ਕੰਮ ਕਰਿਆ ਕਰਦਾ ਸੀ ਸਾਡੇ ਮੁਹੱਲੇ ਦੇ ਨਾਲ ਦੇ ਮੁਹੱਲੇ ਵਿਚ ਰਹਿੰਦਾ ਸੀ। ਭਾਵੇਂ ਸੇਮਾ ਸਕਾ ਚਾਚਾ ਨਹੀਂ ਸੀ ਪਰ ਮੇਰੇ ਬਾਪੂ ਨਾਲ ਸਾਂਝ ਚੰਗੀ ਸੀ। ਉਹ ਹਰ ਗੱਲ ਮੇਰੇ ਬਾਪੂ ਨੂੰ ਪੁੱਛ ਕੇ ਹੀ ਕਰਦਾ ਸੀ। ਜਦੋਂ ਵੀ ਉਧਰੋਂ ਲੰਘਦਾ ਸਾਡੇ ਘਰ ਗੇੜਾ ਮਾਰ ਜਾਂਦਾ ਸੀ ਕਦੇ ਕਦੇ ਚਾਚੀ ਵੀ ਆ ਜਾਇਆ ਕਰਦੀ ਸੀ, ਕੰਮ ਕਰਨ ਨੂੰ ਖਰੀ ਸੀ। ਉਨ੍ਹਾਂ ਦੇ ਘਰੇ ਲਵੇਰੇ ਤਾਂ ਹਮੇਸ਼ਾ ਹੀ ਹੋਇਆ ਕਰਦਾ ਸੀ। ਦੁੱਧ ਵਾਦ ਦਾ ਕੋਈ ਘਾਟਾ ਨਹੀਂ ਸੀ। ਉਨ੍ਹਾਂ ਦਾ ਇਕੋ-ਇਕ ਪੁੱਤਰ ਸੀ, ਪਿਆਰ ਨਾਲ ਉਸ ਨੂੰ ਕਾਕਾ ਹੀ ਆਖਦੇ ਸੀ, ਨਾਂ ਭਾਵੇਂ ਉਸ ਦਾ ਸੁਰਜੀਤ ਸੀ। ਉਹ ਸਕੂਲ ਜਾਂਦਾ ਸੀ ਪੜ੍ਹਾਈ ਵਿਚ ਹੁਸ਼ਿਆਰ ਸੀ, ਉਹ ਵੀ ਕੈਨੇਡਾ ਜਾਣਾ ਲੋਚਦਾ ਸੀ ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕਿਹੜੀ ਪੜ੍ਹਾਈ ਕੀਤੀ ਜਾਵੇ। ਇਕ ਦਿਨ ਚਾਚੀ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਉਸ ਨੂੰ ਆਪਣੇ ਵੀਰੇ ਬਾਰੇ ਦੱਸਿਆ ਤੇ ਉਹ ਖੁਸ਼ ਹੋ ਗਈ। ਉਸ ਨੇ ਜਾ ਕਾਕੇ ਨੂੰ ਸਮਝਾਇਆ ਤੇ ਉਹ ਹੁਣ ਮੇਰੇ ਕੋਲ ਪੁੱਛ-ਗਿੱਛ ਕਰਨ ਲਈ ਆ ਗਿਆ। ਜਿੰਨਾ ਕੁ ਮੈਨੂੰ ਪਤਾ ਸੀ ਮੈਂ ਉਸ ਨੂੰ ਦਸ ਦਿੱਤਾ ਤੇ ਵੀਰੇ ਨਾਲ ਗੱਲ ਕਰਨ ਨੂੰ ਕਿਹਾ। ਮੈਂ ਉਸ ਨੂੰ ਆਪਣੇ ਵੀਰੇ ਦਾ ਨੰਬਰ ਦੇ ਦਿੱਤਾ।

ਉਸ ਨੂੰ ਰਾਹ ਮਿਲ ਗਿਆ ਸੀ ਹੁਣ ਉਹ ਸਾਡੇ ਘਰ ਆ ਜਾਇਆ ਕਰਦਾ ਸੀ। ਜਦੋਂ ਮੈਂ ਵਿਆਹੀ ਆਈ ਸੀ ਉਹ ਤਾਂ ਮਾੜਕੂ ਜਿਹਾ ਹੀ ਸੀ, ਹੁਣ 14 ਕੁ ਸਾਲਾਂ ਵਿਚ ਸੋਹਣਾ ਜੁਆਨ ਬਣ ਗਿਆ ਸੀ। ਘਰ ਵਿਚ ਘਿਓ ਦੁੱਧ ਆਮ ਸੀ। ਕਾੜ੍ਹਨੀ ਵਿਚੋਂ ਮਲਾਈ ਲਾਹ ਕੇ ਖਾ ਜਾਂਦਾ ਸੀ ਕਦੇ ਕਦੇ ਖੇਡਦਾ ਹੋਇਆ ਆਉਂਦਾ ਤਾਂ ਕਾੜ੍ਹਨੀ ਵਿਚੋਂ ਦੁੱਧ ਕੱਢ ਕੇ ਪੀ ਜਾਂਦਾ ਸੀ। ਮਾਂ ਨੂੰ ਲਗਦਾ ਕਿ ਬਿੱਲੀ ਦੁੱਧ ਪੀ ਗਈ ਹੋਵੇਗੀ। ਉਸ ਨੂੰ ਇਲਮ ਸੀ ਕਿ ਘਰ ਦਾ ਬਿੱਲਾ ਹੀ ਇਹ ਕੰਮ ਕਰ ਰਿਹਾ ਸੀ ਪਰੰਤੂ ਉਹ ਉਸ ਨੂੰ ਵਧਦਾ ਫੂਲਦਾ ਵੇਖ ਖੁਸ਼ ਹੁੰਦੀ ਰਹਿੰਦੀ ਸੀ ਤੇ ਉਸ ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰਾਨਾ ਕਰਦੀ ਸੀ।

ਕਾਕਾ ਹੁਣ ਕਾਲਿਜ ਵਿਚ ਪੜ੍ਹਾਈ ਕਰਨ ਲੱਗ ਪਿਆ ਸੀ। ਮੇਰੇ ਨਾਲ ਤਾਂ ਕੇਵਲ ਮਤਲਬ ਦੀ ਗੱਲ ਹੀ ਕਰਦਾ ਸੀ। ਚਾਚੀ ਕੁਝ ਢਿੱਲੀ ਮੱਠੀ ਰਹਿਣ ਲੱਗ

ਪਈ। ਮੈਂ ਘਰ ਦੇ ਕੰਮਾਂ ਵਿਚ ਮਦਦ ਕਰਨ ਲਈ ਉਨ੍ਹਾਂ ਦੇ ਘਰ ਜਾਣ ਲੱਗ ਪਈ ਸਾਂ। ਕਦੇ ਕਦੇ ਮੈਂ ਕਾਕੇ ਨੂੰ ਵੀ ਰੋਟੀ ਦੇ ਦਿਆ ਕਰਦੀ ਸੀ, ਉਹ ਮੇਰੇ ਵਲ ਦੇਖ ਕੇ ਮੁਸਕਰਾ ਪੈਂਦਾ ਸੀ। ਮੈਂ ਉਸ ਨੂੰ ਪੁੱਛ ਕੇ ਉਸ ਦੇ ਕਪੜੇ ਵੀ ਧੋ ਦਿੰਦੀ ਸੀ। ਘਰ ਦੇ ਕੰਮਾਂ ਵਿਚ ਹੱਥ ਵਟਾ ਦਿੰਦੀ ਸੀ। ਜੇ ਦੁੱਧ ਰਿੜਕਣ ਵਾਲਾ ਹੁੰਦਾ ਮਧਾਣੀ ਮਾਰ ਦਿਆ ਕਰਦੀ ਸੀ। 3-4 ਸਾਲ ਹੋਰ ਲੰਘ ਗਏ। ਜਦੋਂ ਕਦੇ ਪਿੰਡ ਵਿਚ ਵਿਆਹ ਸ਼ਾਦੀ ਹੁੰਦਾ ਮੈਨੂੰ ਤਾਂ ਚਾਅ ਜਿਹਾ ਹੀ ਚੜ੍ਹ ਜਾਂਦਾ ਸੀ। ਕਈ ਦਿਨ ਮੈਂ ਵਿਆਹ ਵਾਲੇ ਘਰ ਵਿਚ ਕੰਮਾਂ ਵਿਚ ਲੱਗੀ ਰਹਿੰਦੀ ਸੀ। ਮੁੰਡੇ ਕੁੜੀਆਂ ਨੂੰ ਨਾਲ ਲੈ ਲੰਗਰ ਚਾਹ-ਪਾਣੀ ਦੀ ਸੇਵਾ ਕਰਦੇ ਰਹਿੰਦੇ ਸਾਂ। ਗੀਤ ਗਾਉਣ ਦਾ ਮੈਨੂੰ ਸ਼ੌਂਕ ਸੀ। ਜਦੋਂ ਗਿੱਧਾ ਪੈਂਦਾ ਤਾਂ ਨੱਚ-ਨੱਚ ਧੂੜਾਂ ਪੁੱਟ ਦਿੰਦੀ। ਗੀਤਾਂ ਵਿਚ ਮੈਂ ਹੀ ਆਪਣਾ ਹੱਥ ਉਪਰ ਰੱਖਦੀ ਸੀ। ਕੁੜੀਆਂ ਨੂੰ ਨਾਲ ਲੈ ਕੇ ਜਾਗੋ ਕੱਢਦੀ। ਕੋਈ ਬਿਮਾਰ-ਸ਼ਮਾਰ ਹੁੰਦਾ ਤਾਂ ਝੱਟ ਉਸ ਦੀ ਖਬਰ ਲੈਣ ਪੁੱਜ ਜਾਂਦੀ। ਜੇ ਕਿਸੇ ਦੀ ਮੌਤ ਹੋ ਜਾਂਦੀ ਤਾਂ ਵੀ ਉਸ ਦੇ ਦੁੱਖ ਦਰਦ ਵਿਚ ਸਾਂਝੀਦਾਰ ਜਾ ਬਣਦੀ। ਮੇਰੀ ਜਾਚੇ ਮੈਂ ਕਿਸੇ ਦਾ ਮਾੜਾ ਨਹੀਂ ਚਿਤਵਿਆ ਸੀ ਪ੍ਰੰਤੂ ਫਿਰ ਵੀ ਮੇਰੀ ਕੁੱਖ ਹਰੀ ਨਹੀਂ ਹੋਈ ਸੀ। ਜਿਸ ਦਾ ਮੈਨੂੰ ਵਧੇਰੇ ਦੁੱਖ ਸੀ।

ਪਰਮਾਤਮਾ ਨੇ ਔਰਤ ਨੂੰ ਸਿਰਜਿਆ ਹੈ ਤੇ ਇਸ ਨੂੰ ਅਜੀਬ ਕਿਸਮ ਦੀ ਕਿਸਮਤ ਦਿਤੀ ਹੈ ਜਦੋਂ ਇਹ ਪੈਦਾ ਹੁੰਦੀ ਹੈ ਇਸ ਦੀ ਲੜਾਈ ਸਮਾਜ ਵਿਚ ਆਪਣੀ ਥਾਂ ਬਣਾਉਣ ਲਈ ਸ਼ੁਰੂ ਹੋ ਜਾਂਦੀ ਹੈ। ਕਈ ਵਾਰ ਤਾਂ ਇਸ ਉਪਰ ਜਨਮ ਤੋਂ ਪਹਿਲਾਂ ਹੀ ਲੜਾਈ ਸ਼ੁਰੂ ਹੋ ਜਾਂਦੀ ਹੈ। ਕੁੱਖ ਵਿਚ ਹੀ ਖਤਮ ਕਰਨ ਦੇ ਯਤਨ ਕੀਤੇ ਜਾਂਦੇ ਹਨ। ਜੇ ਕਰ ਇਹ ਇਸ ਜ਼ੁਲਮ ਤੋਂ ਬੱਚ ਜਾਂਦੀ ਹੈ ਤਾਂ ਫਿਰ ਇਸ ਉਪਰ ਬਹੁਤ ਸਾਰੀਆਂ ਪਾਬੰਦੀਆਂ ਲਾ ਦਿਤੀਆਂ ਜਾਂਦੀਆਂ ਹਨ। ਮੁੰਡਿਆਂ ਨੂੰ ਸਾਰੀਆਂ ਹੀ ਖੁਲ੍ਹਾਂ ਮਿਲ ਜਾਂਦੀਆਂ ਹਨ। ਔਰਤ ਨੂੰ ਆਪਣੇ ਹੱਕਾਂ ਦੀ ਲੜਾਈ ਆਪ ਹੀ ਲੜਨੀ ਪੈਂਦੀ ਹੈ। ਸਾਰਾ ਜੀਵਨ ਕਾਲ ਹੀ ਇਸ ਦਾ ਚਿੰਤਾਵਾਂ ਭਰਪੂਰ ਹੁੰਦਾ ਹੈ। ਔਰਤ ਸਿਕੰਦਰ ਬਣ ਦੁਨੀਆ ਤੇ ਫਤਹਿ ਪਾਉਣਾ ਲੋਚਦੀ ਹੈ ਪਰੰਤੂ ਇਸ ਨੂੰ ਕਦਮ ਕਦਮ ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਹਾਲਤ ਇਹੋ ਜਿਹੇ ਬਣ ਜਾਂਦੇ ਹਨ ਕਿ ਔਰਤ ਖੁਦ ਵੀ ਫੈਸਲਾ ਕਰ ਨਹੀਂ ਪਾਉਂਦੀ ਕਿ ਉਹ ਇਸ ਲੜਾਈ ਨੂੰ ਲੜੇ ਜਾਂ ਹਥਿਆਰ ਸੁੱਟ ਦੇਵੇ। ਹਾਲਤ ਇਸ ਨੂੰ ਮਜ਼ਬੂਰ ਕਰ ਦਿੰਦੇ ਹਨ ਤਾਂ ਇਹ ਕਈ ਵਾਰ ਗਲਤ ਕਦਮ ਚੁੱਕ ਕੇ ਕੋਈ ਖੂਹ ਟੋਭਾ ਗੰਦਾ ਕਰ ਦਿੰਦੀ ਹੈ ਤੇ ਜੇ ਕਰ ਦਲੇਰੀ ਨਾਲ ਕੋਈ ਫੈਸਲਾ ਕਰ ਲੈਂਦੀ ਹੈ ਤਾਂ ਸਮਾਜ ਸਾਰੇ ਕਸੂਰ ਇਸ ਦੇ ਹੀ ਕੱਢਦਾ ਹੈ।

ਸਹੁਰਿਆਂ ਦੇ ਟੱਬਰ ਵਿਚ ਭਾਵੇਂ ਬਹੁਤ ਸੁੰਦਰ ਔਰਤ ਤਾਂ ਨਹੀਂ ਸੀ ਪਰ ਕਿਸੇ ਗਲੋਂ ਘਟ ਵੀ ਨਹੀਂ ਸੀ। ਰੰਗ ਗੰਦਮੀ ਸੀ। ਨੈਣ ਖਿੱਚ ਪਾਉਣ ਵਾਲੇ ਸਨ ਗਰਦਨ ਸੁਰਾਹੀਦਾਰ ਸੀ। ਹਿੱਕ ਦੇ ਉਭਾਰ ਬਹਿ ਜਾ ਬਹਿ ਜਾ ਕਰਦੇ ਸਨ। ਪ੍ਰੰਤੂ ਮੇਰੀ ਕਮੀ ਹੀ ਰੜਕਦੀ ਸੀ ਕਿ ਸਿਕੰਦਰ ਕੌਰ ਦੇ ਹੁਣ ਤਕ ਕੋਈ ਨਿੱਕਾ ਨਿਆਣਾ ਕਿਉਂ

ਨਹੀਂ ਸੀ ਹੋ ਸਕਿਆ। ਉਸ ਦੀ ਸੱਸ ਇਸ ਗਲੋਂ ਫ਼ਿਕਰਮੰਦ ਸੀ। ਉਹ ਉਸ ਨੂੰ ਕਈ ਸਿਆਣਿਆ ਕੋਲ ਲੈ ਕੇ ਗਈ ਸੀ। ਉਨ੍ਹਾਂ ਵਲੋਂ ਵਰਤਿਆ ਜਾਣ ਵਾਲਾ ਢੰਗ ਕਿੰਦੀ ਨੂੰ ਫੁਟੀ ਕੌਡੀ ਵੀ ਨਹੀਂ ਭੌਂਦਾ ਸੀ। ਉਸ ਦੀ ਸੱਸ ਉਸ ਨੂੰ ਸੰਤਾਂ ਦੇ ਚਰਨ ਘੁਟਣ ਨੂੰ ਆਖਦੀ ਸੀ ਅਤੇ ਉਹ ਚਾਹੁੰਦੀ ਸੀ ਕਿ ਮੈਂ ਸੰਤ ਨਾਲ ਇਕੱਲੀ ਸਮਾਂ ਗੁਜ਼ਾਰਾ ਜੋ ਕਿੰਦੀ ਨੂੰ ਬਿਲਕੁਲ ਹੀ ਠੀਕ ਨਹੀਂ ਜਾਪਦਾ ਸੀ। ਕਈ ਜੜ੍ਹੀ ਬੂਟੀਆਂ ਦੀ ਵਰਤੋਂ ਕੀਤੀ ਗਈ ਪਰ ਕੋਈ ਵੀ ਫਾਇਦਾ ਨਹੀਂ ਹੋਇਆ ਸੀ। ਕਿੰਦੀ ਨੇ ਕਾਕੇ ਨਾਲ ਗੱਲ ਕੀਤੀ। ਉਸ ਨੇ ਸਲਾਹ ਦਿੱਤੀ ਕਿ ਪਹਿਲਾਂ ਟੈਸਟ ਕਰਵਾਏ ਜਾਣ ਫਿਰ ਸੋਚਦੇ ਹਾਂ। ਉਹ ਦੋਨਾਂ ਨੂੰ ਲੈ ਕੇ ਸ਼ਹਿਰੋਂ ਜਾਂਚ ਕਰਵਾ ਲਿਆਇਆ ਤਾਂ ਕੁਝ ਦਿਨਾਂ ਪਿੱਛੋਂ ਪਤਾ ਲੱਗਾ ਕੇ ਕਿੰਦੀ ਵਿਚ ਕੋਈ ਨੁਕਸ ਨਹੀਂ ਸੀ ਸਗੋਂ ਕੈਲੇ ਵਿਚ ਨੁਕਸ ਸੀ ਤੇ ਇਸ ਕਾਰਨ ਬੱਚਾ ਨਹੀਂ ਹੋ ਸਕਦਾ ਸੀ। ਮਸਨੂਈ ਗਰਭ ਬਾਰੇ ਵਿਚਾਰ ਕੀਤੀ ਗਈ। ਕਾਕੇ ਨੇ ਪਤਾ ਕਰ ਕੇ ਦੱਸਿਆ ਕਿ ਉਸ ਲਈ ਵੱਡੇ ਸ਼ਹਿਰ ਜਾਣਾ ਪਵੇਗਾ ਤੇ ਵਾਰ ਵਾਰ ਪਰਖ ਵੀ ਕੀਤੀ ਜਾਵੇਗੀ ਇਸ ਲਈ ਕਾਫੀ ਸਾਰਾ ਪੈਸੇ ਲੱਗੇਗਾ ਜਿਸ ਦੀ ਉਨ੍ਹਾਂ ਵਿਚ ਪਰੋਖੇ ਹੀ ਨਹੀਂ ਸੀ। ਕਿੰਦੀ ਸਬਰ ਕਰ ਕੇ ਬੈਠ ਗਈ ਤੇ ਰੱਬ ਦਾ ਭਾਣਾ ਮਨ ਘਰ ਦੇ ਕੰਮਾਂ ਵਿਚ ਆਪਣੇ ਆਪ ਨੂੰ ਰੁਝਾਈ ਰੱਖਦੀ ਸੀ।

ਉਧਰ ਕਈ ਦਿਨ ਤੋਂ ਘਰ ਵਿਚ ਕੋਈ ਖਿੱਚੜੀ ਜਿਹੀ ਪੱਕ ਰਹੀ ਸੀ। ਹਿਲਦੀ ਹਿਲਦੀ ਗੱਲ ਦਾ ਮੈਨੂੰ ਵੀ ਪਤਾ ਲੱਗਾ ਕਿ ਦੂਰ ਦੀ ਰਿਸ਼ਤੇਦਾਰੀ ਵਿਚੋਂ ਲੱਗਦੀ ਕੈਲੇ ਦੀ ਭੂਆ ਦੀ ਕੋਈ ਚਿੱਠੀ ਆਈ ਸੀ ਜਿਸ ਵਿਚ ਲਿਖਿਆ ਸੀ ਕਿ ਜੇ ਕਿੰਦੀ ਨੂੰ ਨਿੱਕਾ ਨਿਆਣਾ ਨਹੀਂ ਹੁੰਦਾ ਤਾਂ ਇਸ ਨੂੰ ਛੱਡ ਕੇ ਕੈਲੇ ਨੂੰ ਹੋਰ ਵਿਆਹ ਕਰਵਾ ਲੈਣਾ ਚਾਹੀਦਾ ਹੈ। ਉਹ ਕੈਲੇ ਨੂੰ ਬਾਹਰ ਸੱਦ ਲਵੇਗੀ ਤੇ ਪਰਿਵਾਰ ਦੀ ਜੜ੍ਹ ਲੱਗ ਜਾਵੇਗੀ। ਸੁਣਦਿਆਂ ਹੀ ਮੇਰੇ ਹੋਸ਼ ਗੁੰਮ ਹੋ ਗਏ। ਦੇਹ ਜੂਠੀ ਜਿਹੀ ਹੋ ਗਈ। ਮੈਂ ਮੌਜ ਨਾਲ ਆਪਣੇ ਘਰ ਵੱਸ ਰਹੀ ਸੀ। ਉਸ ਨੇ ਨਵਾਂ ਸਿਆਪਾ ਗੱਲ ਵਿਚ ਪਾ ਦਿੱਤਾ ਸੀ। ਮੈਂ ਤਾਂ ਕਦੇ ਚਿਤਵਿਆ ਹੀ ਨਹੀਂ ਸੀ ਕਿ ਮੇਰੀ ਵਸਦੀ ਰਸਦੀ ਜ਼ਿੰਦਗੀ ਵਿਚ ਭੁਚਾਲ ਆ ਜਾਇਗਾ। ਮੈਂ ਤਾਂ ਰੱਬ ਤੇ ਡੋਰੀ ਸੁੱਟ ਛੱਡੀ ਸੀ ਕਿ ਵਾਹਿਗੁਰੂ ਕਦੇ ਮੇਰੀ ਵੀ ਸੁਣ ਲਵੇਗਾ। ਬਹੁਤ ਸੁੱਖਾ ਵੀ ਸੁਖੀਆਂ ਕਿ ਕੈਲੇ ਵਿਚ ਜਿਹੜਾ ਨੁਖਸ ਹੈ ਆਪੇ ਸਮੇਂ ਨਾਲ ਠੀਕ ਹੋ ਜੂ। ਕੈਲੇ ਨੇ ਵੀ ਆਪਣਾ ਵਤੀਰਾ ਮੇਰੇ ਨਾਲ ਬਦਲ ਲਿਆ ਸੀ। ਹਰ ਵੇਲੇ ਲੜਦਾ ਹੀ ਰਹਿੰਦਾ ਸੀ। ਕੋਈ ਨਾ ਕੋਈ ਬਹਾਨਾ ਬਣਾ ਮੂੰਹ ਫ਼ੁੱਲਾ ਕੇ ਬੈਠ ਜਾਂਦਾ ਸੀ। ਮੈਂ ਹਮੇਸ਼ਾ ਇਹ ਸੋਚਦੀ ਕਿ ਮੈਂ ਇਹ ਭੇਤ ਖੋਲ੍ਹਦਿਆਂ ਕਿ ਜੇ ਕੈਲੇ ਨੇ ਇਥੇ ਕੁਝ ਨਹੀਂ ਕੀਤਾ ਤਾਂ ਹੋਰ ਵਿਆਹ ਨਾਲ ਜੁਆਕਾ ਦੀਆਂ ਲਾਈਨਾਂ ਨਹੀਂ ਲਾ ਸਕਦਾ। ਪਰ ਮੈਂ ਆਪਣਾ ਮੂੰਹ ਘੁਟੀ ਰਖਿਆ। ਮੇਰਾ ਚਿੱਤ ਕਹਿੰਦਾ ਕੇ ਸਾਰੇ ਹੀ ਚਾਚੇ ਸੇਮੇ ਦੀ ਗੱਲ ਮੰਨਦੇ ਹਨ ਮੈਂ ਆਪਣਾ ਦਿਲ ਚਾਚੀ ਕੋਲ ਫਰੋਲ ਵੇਖਾਂ। ਇਸ ਵਿਚਾਰ ਨਾਲ ਮੈਂ ਚਾਚੀ ਕੋਲ ਜਾ ਬੈਠੀ। ਚਾਚਾ ਸੇਮਾ ਵੀ ਘਰੇ ਹੀ ਸੀ। ਦੋਵੇਂ ਘਰ ਦੀ ਕਬੀਲਦਾਰੀ ਗੱਲਾਂ ਕਰਦੇ ਪਏ ਸਨ ਕਿ

ਮੈਂ ਕੋਲੇ ਜਾ ਬੈਠੀ। ਮੈਂ ਹਾਲੇ ਗੱਲ ਛੇੜੀ ਹੀ ਸੀ ਕਿ ਮੇਰੇ ਹੰਝੂ ਜੋ ਡੱਕੇ ਹੋਏ ਸਨ ਆਪ ਮੁਹਾਰੇ ਗੱਲਾਂ ਉਪਰ ਆ ਗਏ ਰੋਂਦੀ ਰੋਂਦੀ ਨੇ ਸਾਰੀ ਰਾਮ ਕਹਾਣੀ ਕਹਿ ਸੁਣਾਈ। ਚਾਚੀ ਬੋਲੀ ਇਹ ਊਤ ਹੁਣ ਕੀ ਕਰਨ ਲੱਗੇ ਹਨ। ਹੁਣ ਮੈਂ ਸੋਚ ਰਹੀ ਸੀ ਮੈਂ ਹੁਣ ਇਤਨੇ ਸਮੇਂ ਪਿੱਛੋਂ ਭਾਬੀਆਂ ਦੇ ਬੂਹੇ ਜਾ ਕੇ ਕਿਵੇਂ ਬੈਠ ਜਾਵਾਂ। ਮਾਪੇ ਮੇਰੇ ਉਮਰਾਂ ਦੇ ਖਾਧੇ ਹੋਏ ਸਨ। ਮੈਨੂੰ ਮੇਰਾ ਉਜੜਦਾ ਘਰ ਦਿਸਣ ਲੱਗ ਪਿਆ ਸੀ। ਉਧਰੋਂ ਕਾਕਾ ਵੀ ਕਾਲਿਜ ਤੋਂ ਪੜ੍ਹ ਕੇ ਘਰ ਆ ਗਿਆ ਸੀ। ਉਸ ਨੇ ਕਿਤਾਬਾਂ ਰੱਖੀਆਂ ਤੇ ਬਾਹਰ ਆ ਗਿਆ ਜਦ ਉਸ ਨੇ ਮੇਰੀਆਂ ਅੱਖਾਂ ਗਿੱਲੀਆਂ ਡਿਠੀਆਂ ਤਾਂ ਮੇਰੇ ਕੋਲ ਬੈਠ ਕੇ ਸਾਰੀ ਕਹਾਣੀ ਪੁੱਛਣ ਲੱਗਾ। ਉਹ ਮੇਰੇ ਕੋਲ ਵਾਧੂ ਘਾਟੂ ਗੱਲ ਨਹੀਂ ਕਰਦਾ ਸੀ। ਜਦੋਂ ਉਸ ਦੀ ਮਾਂ ਨੇ ਉਸ ਨੂੰ ਸਾਰੀ ਹੀਰ ਸੁਣਾ ਦਿਤੀ ਤਾਂ ਮੇਰਾ ਦਿਲ ਰੱਖਣ ਲਈ ਮੈਨੂੰ ਕਹਿਣ ਲੱਗਾ। ਸਾਰਾ ਕੁਝ ਠੀਕ ਹੋ ਜਾਊ। ਤੂੰ ਰੋ ਨਾ। ਆਪਣਾ ਰੁਮਾਲ ਕੱਢ ਮੇਰੇ ਅਥਰੂ ਆਪ ਪੂੰਝਣ ਲੱਗ ਪਿਆ। ਮੈਨੂੰ ਵੀ ਮਨ ਵਿਚ ਖੁਦਖੁਦੀ ਜਿਹੀ ਹੋਈ ਤੇ ਮੈਂ ਉਸ ਨੂੰ ਨਾ ਹਟਾਇਆ। ਫਿਰ ਉਸ ਨੇ ਆਪਣੇ ਬਾਹਰ ਜਾਣ ਦੀ ਗੱਲ ਬਾਰੇ ਪੁੱਛਣ ਦਾ ਕਹਿ ਕੇ ਉਥੋਂ ਉਠਾ ਲਿਆ ਤੇ ਆਪਣੇ ਕਮਰੇ ਵਿਚ ਚਲ ਕੇ ਗੱਲ ਕਰਨ ਲਈ ਲੈ ਗਿਆ।

ਉਸ ਨੇ ਕਮਰੇ ਵਿਚ ਜਾ ਕੇ ਕਿਹਾ ਤੈਨੂੰ ਤਾਂ ਪਤਾ ਹੈ ਤੇਰੇ ਵਿਚ ਕੋਈ ਨੁਕਸ ਨਹੀਂ ਹੈ ਨੁਕਸ ਤਾਂ ਕੈਲੇ ਵਿਚ ਹੈ। ਉਸ ਲਈ ਸਜ਼ਾ ਤੈਨੂੰ ਨਹੀਂ ਮਿਲੇਗੀ। ਉਸ ਨੇ ਦਲੇਰੀ ਨਾਲ ਕਿਹਾ ਜੇ ਤੈਨੂੰ ਕੋਈ ਇਤਰਾਜ਼ ਨਹੀਂ ਤਾਂ ਮੈਂ ਤੇਰੀ ਮਦਦ ਕਰ ਸਕਦਾ ਹਾਂ। ਜੇ ਇੱਕ ਵਾਰ ਬੱਚਾ ਠਹਿਰ ਗਿਆ ਤਾਂ ਕੋਈ ਮਾਈ ਦਾ ਲਾਲ ਤੈਨੂੰ ਘਰੋਂ ਨਹੀਂ ਹਿਲਾ ਸਕਦਾ। ਤੇਰੀ ਜੜ੍ਹ ਪੱਕੀ ਹੋ ਜਾਵੇਗੀ।ਤੇਰੀ ਗੋਦ ਵਿਚ ਵੀ ਇੱਕ ਫੁੱਲ ਖਿੜ ਜਾਵੇਗਾ। ਮੈਨੂੰ ਪਤਾ ਹੈ ਹਰ ਔਰਤ ਮਾਂ ਬਣ ਜਾਣ ਤੋਂ ਬਾਅਦ ਹੀ ਆਪਣੇ ਆਪ ਨੂੰ ਮੁਕੰਮਲ ਹੋਈ ਮਹਿਸੂਸ ਕਰਦੀ ਹੈ। ਤੇਰੀ ਇਸ ਇੱਛਾ ਨੂੰ ਪੂਰੀ ਕਰਨ ਵਿਚ ਮੈਂ ਤੇਰੀ ਸਹਾਇਤਾ ਕਰ ਸਕਦਾ ਹਾਂ। ਤੂੰ ਅਰਾਮ ਨਾਲ ਸੋਚ ਲਈ। ਜੇ ਤੇਰਾ ਮਨ ਮੰਨੇ ਤਾਂ ਦਸ ਦੇਵੀਂ। ਜਿਸ ਦਿਨ ਕੈਲਾ ਘਰ ਨਾ ਹੋਵੇ ਮੈਂ ਆ ਜਾਵਾਂਗਾ। ਇਸ ਗੱਲ ਦੀ ਕਿਸੇ ਨੂੰ ਖ਼ਬਰ ਨਹੀਂ ਕਰਨੀ। ਮੈਂ ਤੇਰੇ ਤੇ ਆਪਣਾ ਹੱਕ ਨਹੀਂ ਰਖਾਂਗਾ ਅਤੇ ਨਾ ਹੀ ਕਦੇ ਇਹਸਾਨ ਜਤਾਵਾਂਗਾ। ਤੇਰਾ ਇੱਕਲੀ ਦਾ ਫੈਸਲਾ ਅੰਤਮ ਹੋਵੇਗਾ। ਇਹ ਸੁਣ ਇਕ ਵਾਰ ਤਾਂ ਮੈਨੂੰ ਚੰਗਾ ਨਾ ਲੱਗਾ ਫੇਰ ਵੀ ਸੋਚਣ ਦਾ ਆਖ ਆਪਣੇ ਘਰ ਆ ਗਈ।

ਮੇਰੇ ਪੈਰਾਂ ਹੇਠੋਂ ਜ਼ਮੀਨ ਕਦੇ ਵੀ ਖਿਸਕ ਸਕਦੀ ਸੀ ਜੜ੍ਹਾਂ ਤੋਂ ਬਗੈਰ ਰੁੱਖ ਕਦੇ ਵੀ ਡਿਗ ਸਕਦਾ ਹੈ ਹਨੇਰੀ ਝੁਲ ਪਈ ਸੀ ਕਦੇ ਵੀ ਤੂਫ਼ਾਨ ਦਾ ਰੂਪ ਧਾਰਨ ਕਰ ਸਕਦੀ ਸੀ। ਇਸ ਵਕਤ ਮੇਰਾ ਕੋਈ ਨਹੀਂ ਸੀ ਭਾਵੇਂ ਸੱਤ ਭਰਾ ਸਨ ਤੇ ਉਨ੍ਹਾਂ ਦਾ ਭਰਿਆ ਭੁਕੰਨਾ ਪਰਿਵਾਰ ਸੀ। ਇਤਨੇ ਸਾਲ ਪਿੱਛੋਂ ਪੇਕੇ ਕਿਵੇਂ ਜਾ ਕੇ ਬੈਠ ਸਕਦੀ ਸਾਂ। ਮਨ ਵਿਚ ਭੂਚਾਲ ਚਲ ਰਿਹਾ ਸੀ ਕਿ ਕਿੰਦੀ ਇਹ ਠੀਕ ਨਹੀਂ ਹੈ। ਪਰ ਫਿਰ ਇਹ ਲੱਗਦਾ ਕਿ ਉਸ ਨੇ ਮੇਰਾ ਘਰ ਬਚਾਉਣ ਲਈ ਆਖਿਆ ਹੈ ਅਤੇ

ਮੇਰੇ ਉਪਰ ਕੋਈ ਹੱਕ ਨਹੀਂ ਜਮਾਂ ਰਿਹਾ ਹੈ ਪੜ੍ਹਿਆ ਹੋਇਆ ਹੈ। ਮਸਨੂਈ ਗਰਭ ਦਾ ਢੰਗ ਅਪਣਾਉਣਾ ਅਤੀ ਮੁਸ਼ਕਿਲ ਲਗਦਾ ਹੈ ਅਨਪੜ੍ਹਾਂ ਨੂੰ ਕਿਵੇਂ ਸਮਝਾਵਾਂਗੀ ਕਿ ਮੈਂ ਕਿਓਂ ਵਾਰ ਵਾਰ ਕਾਕੇ ਨਾਲ ਘੁੰਮਦੀ ਫਿਰਦੀ ਹਾਂ ਪਿੰਡ ਵਾਲੇ ਸੌ-ਸੌ ਗੱਲਾਂ ਬਣਾਉਣਗੇ। ਕੀਹਦਾ ਕੀਹਦਾ ਮੂੰਹ ਫੜ ਲਵਾਂਗੀ। ਉਸ ਨਾਲੋਂ ਤਾਂ ਚੰਗਾ ਹੈ ਕਿ ਮੈਂ ਕਾਕੇ ਦੀ ਗੱਲ ਮੰਨ ਲਵਾਂ। ਮੈਨੂੰ ਇਸ ਉਤਾਰ ਚੜ੍ਹਾਅ ਨੇ ਪਾਗਲ ਕੀਤਾ ਹੋਇਆ ਸੀ।

ਇੱਕ ਦਿਨ ਕੈਲੇ ਨੇ ਰਿਸ਼ਤੇਦਾਰੀ ਵਿਚ ਜਾਣਾ ਸੀ ਤੇ ਦੋ ਦਿਨ ਨਹੀਂ ਮੁੜਨਾ ਸੀ। ਬਹੁਤ ਦਿਨ ਤਕ ਮੈਂ ਬਲਦੀ ਅੱਗ ਨੂੰ ਸਾਂਭਿਆ ਸੀ। ਇਸ ਅੱਗ ਉਪਰ ਬਹੁਤ ਬਰਫ ਦੇ ਗੋਲੇ ਰੱਖੇ ਪਰੰਤੂ ਸ਼ਾਂਤ ਹੋਣ ਵਿਚ ਨਹੀਂ ਆ ਰਹੀ ਸੀ ਤੇ ਅਖੀਰ ਜਵਾਲਾ ਮੁਖੀ ਫਟਿਆ ਤੇ ਮੰਨ ਕਰੜਾ ਕਰ ਕੇ ਚਾਚੇ ਘਰ ਗਈ ਤੇ ਕਾਕੇ ਨੂੰ ਦੱਸ ਦਿੱਤਾ। ਅਗਲੇ ਐਤਵਾਰ ਦੀ ਕਾਕੇ ਨੂੰ ਵੀ ਕਾਲਿਜ ਵਿਚੋਂ ਛੁਟੀ ਸੀ। ਸ਼ਾਮ ਢੱਲੇ ਮੈਂ ਰੋਟੀ ਟੁੱਕ ਤੋਂ ਵੇਹਲੀ ਹੋ ਅੰਦਰ ਮੰਜੇ ਤੇ ਲੇਟ ਗਈ ਮੇਰੇ ਅੰਦਰ ਉਥਲ ਪੁਥਲ ਚਲ ਰਹੀ ਸੀ। ਦਰਵਾਜ਼ਾ ਖੜਕਿਆ। ਮੈਂ ਖੋਲ ਦਿੱਤਾ। ਉਹ ਅੰਦਰ ਆ ਗਿਆ ਉਸ ਦੇ ਕਮੀਜ਼ ਪਜਾਮਾ ਪਾਇਆ ਹੋਇਆ ਸੀ ਬਹੁਤ ਹੀ ਸੁਨੱਖਾ ਜਵਾਨ ਲੱਗ ਰਿਹਾ ਸੀ। ਇਕ ਵਾਰ ਤਾਂ ਮਨ ਵਿਚ ਘਬਰਾਹਟ ਹੋਈ ਕਿ ਕਿੰਦੀ ਤੂੰ ਇਹ ਠੀਕ ਨਹੀਂ ਕਰ ਰਹੀ ਪਰ ਉਸ ਨੂੰ ਸਾਹਮਣੇ ਦੇਖ ਮੇਰਾ ਮਨ ਬਦਲ ਗਿਆ ਉਸ ਨੂੰ ਅੰਦਰ ਲੈ ਗਈ। ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਮੇਰੇ ਅੰਦਰ ਅੱਗ ਬਲ ਰਹੀ ਸੀ ਉਸ ਨੂੰ ਸ਼ਾਂਤ ਕਰਨ ਲਈ ਏਹੀ ਇਕ ਉਪਰਾਲਾ ਠੀਕ ਜਾਪਿਆ ਸੀ। ਭਾਵੇਂ ਮੈਂ ਅੱਜ ਸੱਜ ਵਿਆਹੀ ਵਾਂਗ ਤਿਆਰ ਨਹੀਂ ਸੀ ਹੋਈ ਪਰੰਤੂ ਬਿਸਤਰ ਨੂੰ ਚੰਗੀ ਤਰ੍ਹਾਂ ਤਿਆਰ ਕਰ ਲਿਆ ਸੀ। ਫਿਰ ਅਸੀਂ ਦੋਵੇਂ ਗੱਲਾਂ ਕਰਨ ਲੱਗ ਪਏ। ਉਸ ਨੇ ਮੇਰੇ ਉਪਰ ਜਾਦੂ ਕਰਨਾ ਸ਼ੁਰੂ ਕਰ ਦਿੱਤਾ ਸੀ। ਮੈਂ ਸ਼ਰਮਾ ਕੇ ਉਸ ਦੇ ਗੱਲ ਨਾਲ ਲੱਗ ਗਈ। ਫਿਰ ਪਤਾ ਨਹੀਂ ਕਿ ਹੋਇਆ ਸੀ। ਸਵੇਰੇ ਜਦੋਂ ਆਖ ਖੁਲੀ ਗੋਡੇ ਗੋਡੇ ਸੂਰਜ ਚੜ੍ਹ ਆਇਆ ਸੀ। ਅੰਗ ਅੰਗ ਦੁੱਖ ਰਿਹਾ ਸੀ। ਕਾਕਾ ਤਾਂ ਸਵੇਰੇ ਹੀ ਚਲਾ ਗਿਆ ਸੀ ਤੇ ਰਾਤ ਨੂੰ ਮਿਲਣ ਲਈ ਉਸ ਨੂੰ ਮੈਂ ਆਖਿਆ ਸੀ ਉਹ ਆਉਣ ਦੀ ਹਾਮੀ ਭਰ ਗਿਆ ਸੀ। ਚੋਰੀ ਦੇ ਗੁੜ ਵਾਂਗਰਾਂ ਮੈਨੂੰ ਭੋਰ ਭੋਰ ਕੇ ਸਾਰੀ ਰਾਤ ਖਾਧਾ ਗਿਆ ਸੀ।ਜਿਨ੍ਹਾਂ ਉਸ ਨੇ ਮੈਨੂੰ ਭੰਨਿਆ ਸੀ ਮੈਂ ਵੀ ਹੋਰ ਟੁੱਟਣ ਲਈ ਤਿਆਰ ਸਾਂ। ਸੰਗ ਸ਼ਰਮ ਤਾਂ ਹੁਣ ਕੋਹਾਂ ਦੂਰ ਚਲੀ ਗਈ ਸੀ। ਉਹ ਮੈਨੂੰ ਅਨੰਦਿਤ ਕਰ ਰਿਹਾ ਸੀ ਤੇ ਮੈਂ ਪੂਰੀ ਤਰ੍ਹਾਂ ਨਸ਼ਿਆਈ ਗਈ ਸਾਂ। ਅੱਜ ਸਮਝ ਆਈ ਸੀ ਕਿ ਮਰਦ ਕੀ ਹੁੰਦਾ ਹੈ। ਇਤਨੇ ਸਾਲ ਤਾਂ ਭੱਠ ਝੋਕਦੇ ਰਹੇ ਸਾਂ। ਹੁਣ ਮੈਂ ਦੱਸਣ ਯੋਗ ਸਾਂ ਕਿ ਸੁਹਾਗ ਰਾਤ ਕਿਸ ਨੂੰ ਆਖਦੇ ਹਨ। ਅਗਲੀ ਰਾਤ ਵੀ ਅਸੀਂ ਇਕੱਠਿਆਂ ਹੀ ਗੁਜ਼ਾਰੀ। ਮੈਂ ਪੂਰੀ ਤਰ੍ਹਾਂ ਖੁਸ਼ ਸਾਂ। ਕਾਕੇ ਦੀ ਧੰਨਵਾਦੀ ਸਾਂ। ਉਸ ਨੇ ਪੂਰਾ ਜਿਗਰਾ ਦਿਖਾਇਆ ਸੀ। ਦੂਜੇ ਦਿਨ ਫਿਰ ਵੱਖਰਾ ਹੀ ਨਜ਼ਾਰਾ ਬੱਝਾ ਸੀ। ਹੁਣ ਅਸੀਂ ਪੂਰੀ ਤਰ੍ਹਾਂ ਖੁਲ ਗਏ ਸਾਂ। ਕਾਕੇ ਨੂੰ ਵੀ ਕੋਈ ਝਿਜਕ ਨਹੀਂ ਸੀ ਮੈਂ ਤਾਂ ਖੁਸ਼ ਸੀ ਮੇਰਾ

ਸੰਸਾਰ ਹੁਣ ਨਹੀਂ ਉਜੜ ਸਕਦਾ ਕਾਕਾ ਮੇਰੀ ਪਿੱਠ ਤੇ ਆ ਖੜੋਤਾ ਸੀ। ਮੈਨੂੰ ਉਸ ਦਾ ਪੂਰਾ ਸਹਾਰਾ ਸੀ। ਜਦੋਂ ਵੀ ਕੈਲੇ ਨੇ ਕਿਤੇ ਜਾਣਾ ਹੁੰਦਾ ਮੈਂ ਕਾਕੇ ਨੂੰ ਦੱਸ ਦਿਆ ਕਰਦੀ ਸੀ ਅਤੇ ਅਸੀਂ ਮਿਲ ਕੇ ਅਨੰਦਿਤ ਹੋ ਜਾਇਆ ਕਰਦੇ ਸੀ। ਇਸ ਤਰ੍ਹਾਂ ਦਿਨ ਬੀਤਦੇ ਗਏ।

ਅਖੀਰ ਮੇਰੀ ਮੁਰਾਦ ਪੂਰੀ ਹੋਈ ਸੁਕੀ ਵੇਲ ਨੂੰ ਫ਼ਲ ਲੱਗਣ ਲੱਗਾ। ਜਦੋਂ ਦਿਲ ਕੱਚਾ ਕੱਚਾ ਹੋਣ ਲੱਗ ਪਿਆ। ਖੱਟਾ ਖੱਟਾ ਖਾਣ ਨੂੰ ਮਨ ਕਰਦਾ ਸੀ। ਇਕ ਦਿਨ ਮੇਰੀ ਹਾਲਤ ਜ਼ਿਆਦਾ ਪਤਲੀ ਹੋ ਗਈ ਮੇਰੇ ਅੰਦਰ ਕੁਝ ਨਹੀਂ ਸੀ ਟਿੱਕ ਰਿਹਾ। ਜੋ ਖਾਂਦੀ ਸੀ ਉਲਟੀ ਆ ਜਾਂਦੀ ਸੀ ਪਾਣੀ ਤਕ ਵੀ ਅੰਦਰ ਨਹੀਂ ਰਹਿੰਦਾ ਸੀ ਝੱਟ ਉਲਟੀ ਆ ਜਾਂਦੀ ਸੀ। ਕਮਜ਼ੋਰੀ ਹੋ ਗਈ ਮੈਨੂੰ ਡਰ ਲੱਗਣ ਲੱਗਾ ਕਿ ਕਿਤੇ ਮੰਦਾ ਚੰਗਾ ਨਾ ਹੋ ਜਾਵੇ ਤੇ ਮੇਹਨਤ ਬੇਕਾਰ ਜਾਵੇ। ਸਮੇਂ ਨਾਲ ਸਾਰਾ ਕੁਝ ਠੀਕ ਹੋ ਗਿਆ। ਹੁਣ ਤਾਂ ਮੇਰਾ ਪੈਰ ਭੋਏਂ ਤੇ ਨਹੀਂ ਲੱਗਦਾ ਸੀ। ਹੁਣ ਦੱਸੇ ਕਿਹੜੇ ਬਹਾਨੇ ਛੱਡੂ। ਮੈਂ ਚੰਗਾ ਚੋਖਾ ਖਾਣ ਲੱਗ ਪਈ। ਇਹ ਡਰ ਮਨ ਵਿਚ ਸੀ ਕਿ ਬਚਾ ਕਮਜ਼ੋਰ ਨਾ ਰਹਿ ਜਾਵੇ। ਦਿਨ ਟੱਪਦੇ ਗਏ ਵਧਦਾ ਪੇਟ ਲੁਕ ਨਹੀਂ ਸਕਦਾ ਸੀ। ਰੱਜ ਕੇ ਖਾਧੇ ਦਾ ਸਭ ਨੂੰ ਪਤਾ ਉਸ ਵੇਲੇ ਲੱਗਾ ਜਿਸ ਵੇਲੇ ਮੇਰਾ ਦੂਸਰਾ ਜਨਮ ਹੋਇਆ। ਬੱਚਾ ਜੰਮਣਾ ਔਰਤ ਦਾ ਸੱਚ ਮੁੱਚ ਹੀ ਦੂਸਰਾ ਜਨਮ ਹੁੰਦਾ ਹੈ। ਮੈਂ ਤਾਂ ਪੂਰੀ ਤਰ੍ਹਾਂ ਖੁਸ਼ ਹੋਈ ਜਦੋਂ ਦਾਈ ਨੇ ਦੱਸਿਆ ਕੇ ਦਹੀਂ ਦੇ ਫੁੱਟ ਵਰਗਾ ਮੁੰਡਾ ਜੰਮਿਆ ਸੀ। ਸਿਕੰਦਰ ਜਿੱਤ ਗਈ ਸੀ ਜਾਂ ਹਾਰੀ ਸੀ ਇਸ ਬਾਰੇ ਹਰ ਪਾਠਕ ਦੇ ਵਿਚਾਰ ਵੱਖਰੇ ਵੱਖਰੇ ਹੋ ਸਕਦੇ ਹਨ। ਆਂਢ-ਗੁਆਂਢ ਮੁੰਡਾ ਵੇਖਣ ਆਇਆ ਤਾਂ ਮੈਨੂੰ ਵਧਾਈਆਂ ਮਿਲੀਆਂ। ਕੈਲੇ ਨੂੰ ਵੀ ਖੁਸ਼ੀ ਸੀ ਕਿ ਉਸ ਦੇ ਘਰ ਮੁੰਡਾ ਜੰਮਿਆ ਸੀ। ਉਸ ਨੇ ਆਪਦੇ ਕਬੀਲੇ ਵਿਚ ਲੱਡੂ ਵੰਡੇ। ਚਾਚਾ ਸੇਮਾ ਤੇ ਚਾਚੀ ਆਏ ਵਧਾਈ ਦੇ ਗਏ। ਭਰਾ ਭਾਬੀਆਂ ਨੇ ਖੁਸ਼ੀਆਂ ਮਨਾਈਆਂ। ਦੋ ਕੁ ਮਹੀਨੇ ਮੈਂ ਪੇਕੇ ਲਾ ਆਈ। ਕਾਕੇ ਨੇ ਆਵਦੇ ਬੋਲ ਪੂਰੇ ਕੀਤੇ। ਕਦੇ ਕੋਈ ਗੱਲ ਨਾ ਕੀਤੀ। ਕੋਈ ਇਹਸਾਨ ਨਾ ਜਤਾਇਆ। ਓਹਨੂੰ ਚੰਗੀ ਨੌਕਰੀ ਮਿਲ ਗਈ ਸੀ। ਘਰ ਤੋਂ ਦੂਰ ਸੀ ਉਥੇ ਹੀ ਰਹਿਣ ਲੱਗ ਪਿਆ ਸੀ। ਉਥੇ ਹੀ ਉਸ ਨੇ ਘਰ ਲੈ ਲਿਆ ਤੇ ਚਾਚਾ ਚਾਚੀ ਨੂੰ ਵੀ ਲੈ ਗਿਆ ਸੀ।

ਮੁੰਡਾ ਵੱਡਾ ਹੋਇਆ ਤਾਂ ਉਸ ਨੂੰ ਸਕੂਲੇ ਲਾ ਦਿੱਤਾ। ਸਵੇਰੇ ਨਾਲ ਸਕੂਲ ਚਲਾ ਜਾਂਦਾ। ਮਨ ਲਾ ਕੇ ਪੜ੍ਹਾਈ ਕਰ ਰਿਹਾ ਸੀ। ਮੈਂ ਮਨ ਵਿਚ ਚਿਤਵ ਲਿਆ ਸੀ ਕਿ ਇਸ ਨੂੰ ਪੜ੍ਹਾਵਾਂਗੀ ਤੇ ਫਿਰ ਮਾਮੇ ਕੋਲ ਕੈਨੇਡਾ ਭੇਜ ਦੇਵਾਂਗੀ ਤੇ ਆਪ ਵੀ ਕੈਲੇ ਨੂੰ ਨਾਲ ਲੈ ਜੀਵਨ ਦੀ ਸ਼ਾਮ ਉਥੇ ਗੁਜ਼ਾਰਾਂਗੇ। ਪਰੰਤੂ ਰੱਬ ਨੂੰ ਇਹ ਮਨਜ਼ੂਰ ਨਹੀਂ ਸੀ। ਇੱਕ ਦਿਨ ਕੈਲਾ ਕੰਮ ਤੋਂ ਵਾਪਿਸ ਆ ਰਿਹਾ ਸੀ ਕਿ ਇੱਕ ਕਾਰ ਸਾਈਕਲ ਵਿਚ ਵੱਜੀ ਕੈਲਾ ਸੜਕ ਤੇ ਡਿਗ ਪਿਆ ਤੇ ਸਿਰ ਉਪਰ ਡੂੰਘੀ ਸੱਟ ਵੱਜੀ। ਖੂਨ ਦੀ ਧਤੀਰੀ ਵਹਿ ਤੁਰੀ। ਲੋਕਾਂ ਨੇ ਚੱਕ ਕੇ ਹਸਪਤਾਲ ਪੁਚਾਇਆ ਪਰ ਡਾਕਟਰ ਨੇ ਸਿਰ ਫੇਰ ਦਿੱਤਾ ਕਿ ਇਹ ਤਾਂ ਇਸ ਦੁਨੀਆ ਵਿਚ ਨਹੀਂ ਰਿਹਾ।

ਮੈਨੂੰ ਵੀ ਖ਼ਬਰ ਮਿਲੀ ਰੋਂਦੀ-ਕੁਰਲਾਂਦੀ ਹਸਪਤਾਲ ਪੁੱਜੀ। ਅਖੀਰ ਮਿੱਟੀ ਸਾਂਭੀ। ਵੀਰ ਤੇ ਭਾਬੀਆਂ ਨੇ ਦਿਲਾਸਾ ਦਿੱਤਾ ਤੇ ਹੁਣ ਆਪਣੇ ਬੱਚੇ ਦੀ ਪੜ੍ਹਾਈ ਵਲ ਧਿਆਨ ਦੇਣ ਲਈ ਸਮਝਾਇਆ। ਕੈਨੇਡਾ ਵਾਲੇ ਵੀਰ ਦੀ ਲੰਬੀ ਗੱਲਬਾਤ ਵਿਚ ਉਸ ਨੇ ਵੀ ਕਿਹਾ ਕੇ ਥੋੜਾ ਜਿਹਾ ਵੱਡਾ ਹੋ ਜਾਵੇਗਾ ਤਾਂ ਮੈਂ ਇਸ ਦੇ ਕਾਗਜ਼ ਤਿਆਰ ਕਰਵਾ ਕੇ ਭੇਜ ਦੇਵਾਂਗਾ। ਚਿੰਤਾ ਨਾ ਕਰੀਂ ਮੈਂ ਤੁਹਾਨੂੰ ਇਥੇ ਹੀ ਆਪਣੇ ਕੋਲ ਸੱਦ ਲਵਾਂਗਾ। ਦੁਨੀਆ ਦੀਆਂ ਨਜ਼ਰਾਂ ਵਿਚ ਤਾਂ ਸਿਕੰਦਰ ਜੇਤੂ ਹੀ ਸੀ। ਜਦੋਂ ਕਾਮਯਾਬੀ ਮਿਲਦੀ ਹੈ ਤਾਂ ਲੋਕ ਸੁਆਦ ਨਾਲ ਅੰਬ ਖਾਂਦੇ ਹਨ ਪਰ ਅੰਬ ਦੇ ਰੁੱਖਾਂ ਦੀ ਗਿਣਤੀ ਕੋਈ ਵੀ ਨਹੀਂ ਕਰਦਾ। ਮੈਂ ਵੀ ਆਪਣੇ ਆਪ ਨੂੰ ਦੋਸ਼ੀ ਮੰਨਣਾ ਛੱਡ ਚੁਕੀ ਸੀ। ਹੁਣ ਮੈਨੂੰ ਆਪਣੇ ਬੱਚੇ ਈ ਤੰਦਰੁਸਤੀ ਦਾ ਫਿਕਰ ਸੀ। ਮੈਂ ਚਾਹੁੰਦੀ ਸਾਂ ਕਿ ਮੇਰਾ ਲੜਕਾ ਖ਼ੂਬ ਪੜ੍ਹਾਈ ਕਰੇ ਤੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰੇ। ਆਖਿਰ ਸਿਕੰਦਰ ਹਾਰੀ ਹੋਈ ਬਾਜ਼ੀ ਜਿੱਤ ਚੁਕੀ ਸੀ।

# ਮਿਹਨਤ

ਬਹਾਰ ਦਾ ਮੌਸਮ ਸੀ। ਧਰਤੀ ਫੁੱਲਾਂ ਨਾਲ ਮਹਿਕੀ ਮਹਿਕੀ ਲੱਗ ਰਹੀ ਸੀ। ਸਾਰੇ ਹੀ ਬਾਗ਼-ਬਗੀਚੇ ਫੁੱਲਾਂ ਅਤੇ ਫਲਾਂ ਨਾਲ ਲੱਦੇ ਪਏ ਸਨ। ਨਦੀਆਂ ਕਲ ਕਲ ਕਰਦੀਆਂ ਹੋਈਆਂ ਪੱਥਰਾਂ ਨਾਲ ਕਲੋਲਾਂ ਕਰ ਰਹੀਆਂ ਸਨ। ਵਾਤਾਵਰਨ ਦੇ ਅੰਦਰ ਮਨਮੋਹਕ ਸੰਗੀਤ ਫੈਲਿਆ ਹੋਇਆ ਸੀ। ਸਾਰੀ ਭੂਮੀ ਹਰੀ-ਭਰੀ ਹੋਈ ਸੀ ਅਤੇ ਝੋਨੇ ਦੀ ਫਸਲ ਤਾਂ ਇਸ ਤਰ੍ਹਾਂ ਜਾਪ ਰਹੀ ਸੀ ਜਿਵੇਂ ਕੁਦਰਤ ਨੇ ਮਖਮਲੀ ਗਲੀਚੇ ਵਿਛਾਏ ਹੋਣ। ਜਦੋਂ ਆਲੇ-ਦੁਆਲੇ ਅਜਿਹਾ ਮੌਸਮ ਹੋਵੇ ਤਾਂ ਮਨੁੱਖੀ ਮਨਾਂ ਦੇ ਅੰਦਰ ਵੀ ਪਿਆਰ ਮਲੋਮੱਲੀ ਉੱਗ ਪੈਂਦਾ ਹੈ/ਕਿਸੇ ਦੇ ਸਾਹਾਂ ਵਿਚ ਸਾਹ ਲੈਣ ਨੂੰ ਮਨ ਉਮਡਦਾ ਹੈ ਅਤੇ ਆਪਣੇ ਪਿਆਰੇ ਦੀਆਂ ਬਾਹਾਂ ਦੇ ਅੰਦਰ ਸਿਮਟ ਕੇ ਨਿੱਘ ਮਾਣਨ ਦਾ ਜੀਅ ਕਰਦਾ ਹੈ। ਕੁਝ ਅਜਿਹਾ ਮਾਹੌਲ ਸ਼ੀਲਾ ਜਿਸ ਦਾ ਨਾਮ ਤਾਂ ਸੁਸ਼ੀਲ ਕੌਰ ਸੀ, ਤੇ ਵੀ ਅਸਰ ਕਰ ਗਿਆ ਅਤੇ ਉਸ ਨੂੰ ਪਿੰਡ ਦੇ ਹੀ ਇੱਕ ਲੜਕੇ ਮੋਹਣੇ ਜਿਸ ਦਾ ਪੂਰਾ ਨਾਮ ਗੁਰਮੋਹਨ ਸੀ, ਨਾਲ ਪਿਆਰ ਹੋ ਗਿਆ।

ਸ਼ੀਲਾ ਇੱਕ ਸਧਾਰਨ ਘਰ ਦੀ ਲੜਕੀ ਸੀ ਅਤੇ ਨੀਵੀਂ ਜਾਤ ਨਾਲ ਸਬੰਧਿਤ ਸੀ। ਸ਼ੀਲਾ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਹਰ ਜਮਾਤ ਵਿਚ ਪਹਿਲੇ ਜਾਂ ਦੂਸਰੇ ਨੰਬਰ ਤੇ ਆਇਆ ਕਰਦੀ ਸੀ। ਅਧਿਆਪਕ ਵੀ ਉਸ ਦਾ ਖਾਸ ਖਿਆਲ ਰੱਖਦੇ ਸਨ। ਉਸ ਦੀ ਕਿਤਾਬਾਂ ਅਤੇ ਕਾਪੀਆਂ ਲੈਣ ਵਿਚ ਮਦਦ ਕਰਦੇ ਰਹਿੰਦੇ ਸਨ। ਉਹ ਸਾਰਿਆਂ ਦੀ ਹੀ ਹਰਮਨਪਿਆਰੀ ਸੀ। ਪ੍ਰੰਤੂ ਅੰਗਰੇਜ਼ੀ ਵਾਲੀ ਅਧਿਆਪਕਾ ਗੁਰਜੀਤ ਕੌਰ ਉਸ ਦਾ ਵਿਸ਼ੇਸ਼ ਧਿਆਨ ਰੱਖਦੀ ਸੀ। ਸ਼ੀਲਾ ਨੂੰ ਵੀ ਜਦੋਂ ਕੋਈ ਲੋੜ ਹੁੰਦੀ ਸੀ ਉਸ ਨੂੰ ਬਿਨਾ ਕਿਸੇ ਜਿਝਕ ਦੇ ਦੱਸ ਦਿਆ ਕਰਦੀ ਸੀ ਅਤੇ ਕਈ ਵਾਰ ਤਾਂ ਆਪਣੀ ਫੀਸ ਵੀ ਉਸ ਅਧਿਆਪਿਕਾ ਤੋਂ ਲੈ ਕੇ ਭਰ ਦਿਆ ਕਰਦੀ ਸੀ। ਇਸ ਤਰ੍ਹਾਂ ਸ਼ੀਲਾ ਦਸਵੀਂ ਜਮਾਤ ਵਿਚ ਪੁੱਜ ਗਈ ਸੀ। ਉਹ ਮਨ ਹੀ ਮਨ ਅੱਗੇ ਪੜ੍ਹਾਈ ਕਰਨ ਬਾਰੇ ਸੋਚ ਰਹੀ ਸੀ ਅਤੇ ਉਸ ਦੇ ਮਨ ਦੇ ਅੰਦਰ ਡਰ ਸੀ ਕਿ ਉਸ ਦਾ ਖਰਚ ਕੌਣ ਦੇਵੇਗਾ ਇਸ ਸਬੰਧ ਵਿਚ ਉਹ ਆਪਣੀ ਅਧਿਆਪਕਾ ਨਾਲ ਗੱਲ ਕਰਨਾ ਚਾਹੁੰਦੀ ਸੀ ਤਾਂ ਕੇ ਕਿਵੇਂ ਨਾ ਕਿਵੇਂ ਖਰਚੇ ਦਾ ਕੋਈ ਪ੍ਰਬੰਧ ਹੋ ਸਕੇ।

ਮੋਹਨ ਵੀ ਉਸੇ ਜਮਾਤ ਵਿਚ ਪੜ੍ਹ ਰਿਹਾ ਸੀ ਪ੍ਰੰਤੂ ਪੜ੍ਹਾਈ ਵਿਚ ਠੀਕ ਠੀਕ ਹੀ ਸੀ। ਕੁਝ ਆਪਣੀ ਮਿਹਨਤ ਸਦਕਾ ਅਤੇ ਕੁਝ ਪ੍ਰਾਈਵੇਟ ਟਿਊਸ਼ਨ ਸਦਕਾ ਅਗਲੀਆਂ ਜਮਾਤਾਂ ਵਿਚ ਚੜ੍ਹ ਹੀ ਰਿਹਾ ਸੀ ਅਤੇ ਦਸਵੀਂ ਜਮਾਤ ਵਿਚ ਉਸੇ ਸਕੂਲ ਵਿਚ ਹੀ ਪੜ੍ਹ ਰਿਹਾ ਸੀ ਜਿਸ ਵਿਚ ਸ਼ੀਲਾ ਪੜ੍ਹ ਰਹੀ ਸੀ। ਉਸ ਦੇ ਮਾਪੇ

ਅਮੀਰ ਸਨ ਚੰਗੀ ਜ਼ਮੀਨ ਸੀ। ਉਹ ਕਿਸੇ ਨਾ ਕਿਸੇ ਬਹਾਨੇ ਸ਼ੀਲਾ ਨੂੰ ਬੁਲਾ ਲਿਆ ਕਰਦਾ ਸੀ। ਇਸ ਤਰ੍ਹਾਂ ਮੇਲ ਮਿਲਾਪ ਸਦਕਾ ਉਹ ਇੱਕ ਦੂਸਰੇ ਦੇ ਨੇੜੇ ਹੋ ਗਏ ਅਤੇ ਇੱਕ ਦੂਜੇ ਨੂੰ ਚਾਹੁਣ ਲੱਗੇ। ਪਿਆਰ ਦੀਆਂ ਪੀਂਘਾਂ ਝੂਟਣ ਲੱਗ ਪਏ। ਸਮਾਂ ਆਪਣੀ ਮਸਤ ਚਾਲ ਵਿਚ ਅਗੇ ਵੱਧ ਰਿਹਾ ਸੀ।

ਮੈਡਮ ਗੁਰਜੀਤ ਨੂੰ ਵੀ ਭਿਣਕ ਪੈ ਗਈ ਕਿ ਸ਼ੀਲਾ ਆਪਣੇ ਰਾਹ ਤੋਂ ਭਟਕ ਰਹੀ ਹੈ ਤੇ ਮੋਹਣੇ ਨਾਲ ਕੁਝ ਜਿਆਦਾ ਹੀ ਘੁਲ ਮਿਲ ਰਹੀ ਸੀ। ਉਹ ਉਸ ਨੂੰ ਸਮਝਾਉਣਾ ਚਾਹੁੰਦੀ ਸੀ। ਸ਼ੀਲਾ ਅਕਸਰ ਹੀ ਮੈਡਮ ਦੇ ਘਰ ਕੁਝ ਨਾ ਕੁਝ ਪੁੱਛਣ ਆ ਜਾਇਆ ਕਰਦੀ ਸੀ ਅਤੇ ਉਸ ਨਾਲ ਘਰ ਦੇ ਕੰਮ ਵਿਚ ਮਦਦ ਕਰ ਜਾਇਆ ਕਰਦੀ ਸੀ। ਸ਼ੀਲਾ ਦੇ ਮਾਪਿਆਂ ਨੂੰ ਵੀ ਪਤਾ ਸੀ ਕਿ ਸ਼ੀਲਾ ਮੈਡਮ ਦੇ ਘਰ ਚਲੀ ਜਾਂਦੀ ਹੈ। ਉਨ੍ਹਾਂ ਨੇ ਕਦੇ ਵੀ ਇਤਰਾਜ਼ ਨਹੀਂ ਕੀਤਾ ਸੀ। ਇੱਕ ਦਿਨ ਮੈਡਮ ਨੇ ਉਸ ਨੂੰ ਕੋਲ ਬਿਠਾ ਪਿਆਰ ਨਾਲ ਪੁੱਛਣ ਲਗੀ ਕਿ ਅੱਜ ਕਲ ਮੋਹਣੇ ਨਾਲ ਕੀ ਚੱਲ ਰਿਹਾ ਹੈ। ਇਹ ਸੁਣ ਸ਼ੀਲਾ ਨੂੰ ਕੋਈ ਹੈਰਾਨੀ ਨਹੀਂ ਹੋਈ ਅਤੇ ਉਸ ਨੇ ਸਾਫ ਸਾਫ ਦੱਸ ਦਿੱਤਾ ਕਿ ਅਸੀਂ ਇਕ ਦੂਜੇ ਨੂੰ ਚਾਹੁੰਦੇ ਹਾਂ। ਮੈਡਮ ਨੇ ਇਹ ਸੁਣ ਆਖਿਆ ਕਿ ਸ਼ੀਲਾ ਤੁਹਾਡੀ ਉਮਰ ਅਜੇ ਛੋਟੀ ਹੈ ਤੁਹਾਡੇ ਸਿਰ ਭਾਰੀ ਜ਼ਿਮੇਂਵਾਰੀ ਹੈ ਅਤੇ ਕੀ ਤੇਰੀ ਅਗਲੀ ਪੜ੍ਹਾਈ ਬਾਰੇ ਵਿਚਾਰ ਬਦਲ ਗਿਆ ਹੈ ? ਇਸ ਤੇ ਸ਼ੀਲਾ ਨੇ ਕਿਹਾ ਕਿ ਮੈਂ ਮੋਹਣੇ ਨੂੰ ਦਸ ਦਿਤਾ ਹੈ ਕਿ ਮੈਂ ਪੜ੍ਹ ਕੇ ਆਪਣੇ ਪੈਰਾਂ ਸਿਰ ਖੜੀ ਹੋਣਾ ਚਾਹੁੰਦੀ ਹਾਂ ਸਾਨੂੰ ਇੰਤਜ਼ਾਰ ਕਰਨਾ ਪਵੇਗਾ ਹਾਲੇ ਤਾਂ ਆਪਾਂ ਸਕੂਲ ਦੀ ਪੜ੍ਹਾਈ ਕਰ ਰਹੇ ਹਾਂ। ਉਚੇਰੀ ਪੜ੍ਹਾਈ ਕਰਨੀ ਹੈ ਅਤੇ ਤੂੰ ਵੀ ਮੇਹਨਤ ਕਰ ਅਤੇ ਮੈਂ ਤੈਨੂੰ ਵੀ ਆਪਣੇ ਪੈਰਾਂ ਉਪਰ ਖੜਾ ਵੇਖਣਾ ਹੈ। ਪਿਆਰ ਦੀਆਂ ਪੀਂਘਾਂ ਤਾਂ ਬਾਅਦ ਵਿਚ ਵੀ ਚੜ੍ਹਾਈਆਂ ਜਾ ਸਕਦੀਆਂ ਹਨ। ਮੈਨੂੰ ਇਹ ਪਤਾ ਹੈ ਕਿ ਉਹਦੇ ਕੋਲ ਬਹੁਤ ਜ਼ਮੀਨ ਹੈ ਅਤੇ ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਹੈਂ ਜੇ ਅੱਗੇ ਨਾ ਵੀ ਪੜ੍ਹੇ ਤਾਂ ਉਸ ਲਈ ਕੋਈ ਵੱਡੀ ਗੱਲ ਨਹੀਂ ਹੈ। ਇਹ ਸੁਣ ਮੈਡਮ ਨੇ ਕਿਹਾ ਕਿ ਮੈਨੂੰ ਤੇਰੇ ਤੋਂ ਇਹੋ ਹੀ ਉਮੀਦ ਹੈ। ਪਰ ਯਾਦ ਰੱਖ ਕਿ ਇਸ ਉਮਰ ਵਿਚ ਦੋਸਤੀ ਤੇ ਪਿਆਰ ਕੇਵਲ ਇਕ ਚਾਹਤ ਹੀ ਹੁੰਦੀ ਹੈ ਜਿਸ ਦੇ ਦੂਰ ਰਸੀ ਨਤੀਜੇ ਆਮ ਤੌਰ 'ਤੇ ਠੀਕ ਨਹੀਂ ਨਿਕਲਦੇ ਹਨ। ਇਹਨਾ ਵਿਚੋਂ ਕਈ ਅਪਰਾਧ ਹੀ ਜਨਮ ਲੈਂਦੇ ਹਨ ਫਿਰ ਇੱਕ ਦੂਸਰੇ ਉਪਰ ਦੋਸ਼ ਮੜ੍ਹੇ ਜਾਂਦੇ ਹਨ। ਇਹ ਗੱਲਾਂ ਆਮ ਵਰਤਾਰਾ ਬਣ ਰਹੀਆਂ ਹਨ। ਪਿਆਰ ਅਤੇ ਮੁਹੱਬਤ ਦੀ ਉਮਰ ਭਾਵੇਂ ਕੋਈ ਨਿਸਚਤ ਨਹੀਂ ਹੈ ਪਰ ਉਮਰ ਦੀ ਸਿਆਣਪ ਤੇ ਮਰਿਆਦਾਵਾਂ ਦੇ ਅੰਦਰ ਹੀ ਜਚਦੀ ਹੈ। ਮੈਂ ਤੈਨੂੰ ਸੁਚੇਤ ਕਰਦੀ ਹਾਂ ਕਿ ਤੁਹਾਡੇ ਵਿਚਕਾਰ ਜਾਤ ਪਾਤ ਦੀ ਦੀਵਾਰ ਹੈ। ਮਜ਼੍ਹਬ ਦੀ ਦੀਵਾਰ ਖੜੀ ਹੈ ਉਚੇ ਨੀਵੇ ਖਾਨਦਾਨਾਂ ਦੇ ਟਿੱਬੇ ਹਨ ਤੇ ਜਿਵੇਂ ਅਕਸਰ ਹੁੰਦਾ ਹੈ ਉਚੇ ਖਾਨਦਾਨਾਂ ਵਾਲੇ ਅਕਸਰ ਨੀਵੇਂ ਲੋਕਾਂ ਨਾਲ ਮੇਲ ਮਿਲਾਪ ਪਸੰਦ ਨਹੀਂ ਕਰਦੇ ਅਤੇ ਪਿਆਰ ਆਦਿ ਨੂੰ ਕੇਵਲ ਸਮਾਂ ਲੰਘਾਉਣ ਦਾ ਸਾਧਨ ਹੀ ਮੰਨਦੇ ਹਨ ਅਤੇ ਪਿਆਰ ਕਰਨ ਵਾਲਿਆਂ ਨੂੰ ਇਕੱਠੇ ਕਰਨ ਤੋਂ

ਮੁਨਕਰ ਹੋ ਜਾਂਦੇ ਹਨ ਅਤੇ ਗਰੀਬ ਲੋਕਾਂ ਵਿਚ ਭਾਵੇਂ ਲੱਖ ਗੁਣ ਹੋਣ ਉਹ ਕਦੇ ਵੀ ਇੱਕਠੇ ਨਹੀਂ ਹੋ ਸਕਦੇ। ਇਹ ਮੋਟੀਆਂ ਦੀਵਾਰਾਂ ਨਾ ਢਹਿ ਸਕਦੀਆਂ ਹਨ ਅਤੇ ਨਾ ਹੀ ਇਹਨਾਂ ਨੂੰ ਛਾਲ ਮਾਰ ਕੇ ਟੱਪਿਆਂ ਜਾ ਸਕਦਾ ਹੈ। ਇਸ ਉਮਰ ਵਿਚ ਕੀਤੇ ਵਾਅਦੇ ਘਟ ਹੀ ਸਿਰੇ ਚੜਦੇ ਹਨ। ਮੈਂ ਤੈਨੂੰ ਅਗਾਹ ਕਰਦੀ ਹਾਂ ਤਾਂ ਜੋ ਤੁਹਾਡੀ ਅਗਲੇਰੀ ਜ਼ਿੰਦਗੀ ਦੁਸ਼ਵਾਰੀਆਂ ਭਰੀ ਨਾ ਹੋਵੇ ਇਸ ਲਈ ਆਪਣੇ ਪੈਰ ਸੰਭਲ ਸੰਭਲ ਕੇ ਰੱਖਣ ਦੀ ਲੋੜ ਹੈ। ਮੈਨੂੰ ਤੇਰੇ ਤੋਂ ਪੂਰੀ ਉਮੀਦ ਹੈ ਕਿ ਤੂੰ ਕੋਈ ਧੋਖਾ ਨਹੀਂ ਖਾਵੇਂਗੀ। ਫਿਰ ਵੀ ਤੈਨੂੰ ਕਦੇ ਮੇਰੀ ਸਲਾਹ ਦੀ ਲੋੜ ਹੋਵੇ ਤਾਂ ਤੂੰ ਬਿਨਾ ਝਿਜਕ ਦੇ ਮੈਨੂੰ ਮਿਲ ਸਕਦੀ ਹੈਂ। ਮੈਨੂੰ ਤੇਰੀ ਮਦਦ ਕਰ ਕੇ ਖ਼ੁਸ਼ੀ ਹੋਵੇਗੀ। ਮੈਨੂੰ ਤੇਰੇ ਉਪਰ ਮਾਣ ਹੈ ਕਿ ਤੂੰ ਕੋਈ ਵੀ ਗਲਤ ਕਦਮ ਨਹੀਂ ਚੁੱਕੇਗੀਂ।

ਭਾਵੇਂ ਮੈਡਮ ਨੇ ਇਹ ਸਾਰੀਆਂ ਗੱਲਾਂ ਸ਼ੀਲਾ ਨਾਲ ਸਹਿਜ ਮਨ ਨਾਲ ਕੀਤੀਆਂ ਪਰੰਤੂ ਉਸ ਦੇ ਅੰਦਰ ਦਾ ਤੂਫ਼ਾਨ ਉਸ ਨੂੰ ਆਪਣਾ ਸਮਾਂ ਯਾਦ ਕਰਵਾ ਰਿਹਾ ਸੀ ਕਿ ਕਿਵੇਂ ਉਸ ਨੇ ਕਾਲਿਜ ਦੇ ਸਮੇਂ ਵਿਚ ਇੱਕ ਸੋਹਣੇ ਸੁਨੱਖੇ ਨੂੰ ਆਪਣਾ ਦਿਲ ਦੇ ਬੈਠੀ ਸੀ। ਉਹ ਇੱਕ ਦੂਜੇ ਦਾ ਬਣਨ ਲਈ ਤਿਆਰ ਹੋ ਗਏ ਸਨ। ਉਸ ਨੂੰ ਯਾਦ ਸੀ ਕਿ ਬੀ ਐਡ ਵਿਚ ਉਸ ਦਾ ਇਕ ਜਮਾਤੀ ਜਿਸ ਦਾ ਨਾ ਕੁਲਦੀਪ ਸੀ ਅਤੇ ਪਿਆਰ ਨਾਲ ਉਸ ਦੇ ਦੋਸਤ ਉਸ ਨੂੰ ਦੀਪਾ ਆਖਦੇ ਸਨ, ਉਸ ਨੂੰ ਮਿਲਿਆ ਸੀ ਤਾਂ ਉਹ ਉਸ ਵਲ ਵੇਖਦੀ ਹੀ ਰਹਿ ਗਈ ਕਿਉਂ ਜੋ ਉਸ ਦਾ ਗੋਰਾ ਚਿੱਟਾ ਗੁਲਾਬੀ ਭਾਅ ਮਾਰਦਾ ਰੰਗ, ਦਰਮਿਆਨ ਸਰੀਰ, ਸੁਭਾਅ ਤੋਂ ਗੰਭੀਰ ਅਤੇ ਚੇਹਰੇ ਉਪਰ ਲੜਕੀਆਂ ਜਿਹੀ ਸ਼ਰਮ ਉਸ ਦੇ ਮਨ ਨੂੰ ਭਾਅ ਗਿਆ ਸੀ ਅਤੇ ਉਹ ਉਸ ਵੱਲ ਖਿੱਚੀ ਚਲੀ ਗਈ ਸੀ। ਦੋਹਾਂ ਦੇ ਦਿਲਾਂ ਦੀਆਂ ਧੜਕਣਾ ਤੇ ਅਜੀਬ ਜਿਹਾ ਅਸਰ, ਨਜ਼ਦੀਕੀਆਂ ਵਧੀਆਂ ਅਤੇ ਮੁਲਾਕਾਤਾਂ ਹੋਣ ਲੱਗੀਆਂ। ਦੋਹਾਂ ਦੀ ਇੱਕ ਦੂਜੇ ਪ੍ਰਤੀ ਖਿੱਚ ਨੇ ਪਿਆਰ ਦਾ ਰੂਪ ਧਾਰਨ ਕਰ ਲਿਆ। ਉਨ੍ਹਾਂ ਨੂੰ ਲੱਗਣ ਲੱਗਾ ਕਿ ਇੱਕ ਦੂਜੇ ਬਿਨਾ ਰਹਿਣਾ ਕਿਤਨਾ ਮੁਸ਼ਕਿਲ ਹੈ। ਪਿਆਰ ਦੇ ਅੰਦਰ ਉਹ ਭੁੱਲ ਗਈ ਸੀ ਕਿ ਉਚੇ ਨੀਵੇਂ ਦਾ ਮੇਲ ਮੁਸ਼ਕਿਲ ਹੈ। ਜਦੋਂ ਉਸ ਨੇ ਦੀਪੇ ਨੂੰ ਆਖਿਆ ਸੀ ਕਿ ਤੁਹਾਡਾ ਪੱਧਰ ਸਾਡੇ ਨਾਲੋਂ ਉਚਾ ਹੈ ਅਤੇ ਮੈਂ ਇੱਕ ਗਰੀਬ ਘਰ ਦੀ ਲੜਕੀ ਹਾਂ। ਸਮਾਜ ਭਾਵੇਂ ਸਾਨੂੰ ਕਬੂਲ ਕਰ ਲਵੇ ਪਰੰਤੂ ਤੁਹਾਡੇ ਘਰ ਦੇ ਹਾਲਾਤ ਸਾਨੂੰ ਇਕੱਠਾ ਨਹੀਂ ਹੋਣ ਦੇਣਗੇ ਇਸ ਲਈ ਚੰਗਾ ਇਹੋ ਹੀ ਹੈ ਅਸੀਂ ਹੁਣੇ ਤੋਂ ਹੀ ਆਪਣੇ ਰਾਹ ਵੱਖਰੇ ਵੱਖਰੇ ਕਰ ਲਈਏ। ਇਸ ਤੇ ਦੀਪੇ ਨੇ ਵਿਸ਼ਵਾਸ ਦਿਵਾਇਆ ਸੀ ਕਿ ਤੇਰੀ ਗੱਲ ਕੁਝ ਹੱਦ ਤਕ ਠੀਕ ਹੈ ਪਰੰਤੂ ਮੈਨੂੰ ਵਿਸ਼ਵਾਸ ਹੈ ਕਿ ਮੇਰੇ ਮਾਪੇ ਖੁਲੇ ਵਿਚਾਰਾਂ ਵਾਲੇ ਹਨ ਤੇ ਮੈਂ ਉਨ੍ਹਾਂ ਨੂੰ ਮਨਾ ਲਵਾਂਗਾਂ। ਜੇ ਕਰ ਫਿਰ ਵੀ ਕੋਈ ਅੜਚਣ ਆਈ ਤਾਂ ਮੈਂ ਤੇਰੇ ਲਈ ਬਾਗੀ ਵੀ ਹੋ ਸਕਦਾ ਹਾਂ ਅਤੇ ਅਸੀਂ ਅਗਲਾ ਜੀਵਨ ਇਕੱਠੇ ਹੀ ਬਤੀਤ ਕਰਾਂਗੇ। ਬਾਗੀ ਹੋਣ ਦਾ ਕਾਰਨ ਗੁਰਜੀਤ ਦਾ ਸੋਹਣੇ ਹੋਣਾ ਤੇ ਉਸ ਦੀਆਂ ਕਮਲ ਦੇ ਫੁਲ ਜਿਹੀਆਂ ਗੁਲਾਬੀ ਗੁਲਾਬੀ ਗਲ੍ਹਾਂ ਸਨ। ਜਦੋਂ ਉਹ ਖਿੜਖਿੜਾ ਕੇ ਹਸਦੀ ਸੀ ਤਾਂ ਉਸ ਦੇ ਮੋਤੀਆਂ

ਜਿਹੇ ਦੰਦ ਉਸ ਦੀ ਸੁੰਦਰਤਾ ਵਿਚ ਵਾਧਾ ਕਰਦੇ ਸਨ। ਜਦੋਂ ਉਹ ਮਿੰਨਾ ਮਿੰਨਾ ਮੁਸਕਰਾਉਂਦੀ ਸੀ ਉਸ ਦੀਆਂ ਗੋਰੀਆਂ ਗਲ੍ਹਾਂ ਵਿਚ ਟੋਏ ਪੈਂਦੇ ਸਨ ਜਿਨ੍ਹਾਂ ਉਪਰ ਦੀਪਾ ਫ਼ਿਦਾ ਹੋ ਗਿਆ ਸੀ, ਉਹ ਉਸ ਨੂੰ ਕਿਸੇ ਵੀ ਹਾਲਤ ਵਿਚ ਗੁਆਉਣਾ ਨਹੀਂ ਚਾਹੁੰਦਾ ਸੀ। ਦੀਪੇ ਦੀਆਂ ਅਦਾਵਾਂ ਕਾਰਨ ਗੁਰਜੀਤ ਨੂੰ ਵਿਸ਼ਵਾਸ ਬੱਝ ਗਿਆ ਅਤੇ ਉਨ੍ਹਾਂ ਨੇ ਇਕੱਠੇ ਰਹਿਣ ਲਈ ਕਸਮਾਂ ਖਾ ਲਈਆਂ। ਸਮੇਂ ਨੇ ਉਨ੍ਹਾਂ ਦੇ ਹੱਕ ਵਿਚ ਹਾਮੀ ਭਰੀ। ਦੋਵੇਂ ਇਕੋ ਸਕੂਲ ਵਿਚ ਅਧਿਆਪਕ ਲੱਗ ਗਏ। ਦੀਪੇ ਨੇ ਆਪਣੇ ਮਾਪਿਆਂ ਨੂੰ ਵਿਆਹ ਸਬੰਧੀ ਆਪਣੀ ਇੱਛਾ ਆਪਣੇ ਘਰ ਵਾਲਿਆਂ ਨੂੰ ਦਸ ਦਿੱਤੀ। ਭਾਵੇਂ ਉਸ ਦੇ ਪਿਤਾ ਨੇ ਕੋਈ ਉਜਰ ਨਾ ਕੀਤੀ ਪ੍ਰੰਤੂ ਮਾਂ ਨੂੰ ਇਹ ਗੱਲ ਚੰਗੀ ਨਾ ਲੱਗੀ। ਉਹ ਕਹਿਣ ਲੱਗੀ ਮੇਰਾ ਇਕੋ-ਇੱਕ ਪੁੱਤਰ ਹੈ ਮੈਂ ਉਸ ਦਾ ਰੀਝਾਂ ਨਾਲ ਆਪਣੇ ਵਰਗੇ ਪਰਿਵਾਰ ਵਿਚੋਂ ਕੋਈ ਸੋਹਣੀ ਕੁੜੀ ਨਾਲ ਤੇਰਾ ਵਿਆਹ ਕਰਾਂਗੀ। ਮੈਨੂੰ ਇਸ ਗੱਲ ਤੋਂ ਕੋਈ ਵੀ ਨਹੀਂ ਰੋਕ ਸਕਦਾ। ਦੀਪੇ ਦਾ ਮਨ ਦੁਖੀ ਹੋਇਆ ਉਸ ਨੇ ਸਮਾਂ ਪਾ ਕੇ ਆਪਣੀ ਮਾਂ ਨਾਲ ਗੱਲ ਕਰਨ ਦਾ ਫੈਸਲਾ ਕਰ ਲਿਆ ਅਤੇ ਆਪਣੇ ਬਾਪ ਨੂੰ ਕਿਹਾ ਕਿ ਮੈਂ ਤਾਂ ਫੈਸਲਾ ਕੀਤਾ ਹੈ ਜੇ ਕਰ ਮੈਂ ਵਿਆਹ ਕਰਨਾ ਹੈ ਤਾਂ ਗੁਰਜੀਤ ਨਾਲ ਹੀ ਕਰਨਾ ਹੈ। ਜੇ ਕਰ ਤੁਸੀਂ ਨਹੀਂ ਮੰਨੋਗੇ ਤਾਂ ਮੈਨੂੰ ਕਚਹਿਰੀ ਦਾ ਸਹਾਰਾ ਲੈਣਾ ਪਵੇਗਾ। ਇਹ ਸੁਣ ਬਾਪ ਨੇ ਵੀ ਸਮਝਾਇਆ ਕੇ ਤੂੰ ਥੋੜ੍ਹਾ ਸਮਾਂ ਰੁਕ ਜਾ ਮੈਂ ਤੇਰੀ ਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗਾ ਜੇ ਉਹ ਨਾ ਵੀ ਮੰਨੀ ਤਾਂ ਮੇਰੇ ਤੇਰੇ ਹੱਕ ਵਿਚ ਹੀ ਭੁਗਤਾਂਗਾ। ਦੀਪੇ ਨੂੰ ਕੁਝ ਤਸੱਲੀ ਹੋਈ ਤੇ ਉਹ ਇਕ ਵਾਰ ਚੁੱਪ ਕਰ ਗਿਆ। ਉਸ ਨੇ ਇਹ ਸਾਰੀ ਘਟਨਾ ਦਾ ਵੇਰਵਾ ਗੁਰਜੀਤ ਨਾਲ ਸਾਂਝਾ ਕਰ ਦਿਤਾ। ਉਹ ਅਕਸਰ ਸਕੂਲ ਵਿਚ ਵੇਹਲੇ ਸਮੇਂ ਵਿਚ ਇਕੱਠੇ ਹੀ ਰਹਿੰਦੇ ਸਨ। ਉਹ ਛੁੱਟੀ ਵਾਲੇ ਦਿਨ ਆਪਣੇ ਆਪਣੇ ਆਪਣੇ ਘਰ ਮਾਪਿਆਂ ਕੋਲ ਚਲੇ ਜਾਇਆ ਕਰਦੇ ਸਨ।

ਗੁਰਜੀਤ ਦੇ ਮਾਪਿਆਂ ਨੂੰ ਗੁਰਜੀਤ ਦੇ ਵਿਆਹ ਦਾ ਫਿਕਰ ਸੀ। ਇਕ ਦਿਨ ਜਦੋਂ ਗੁਰਜੀਤ ਦੇ ਮਾਪੇ ਉਸ ਨਾਲ ਵਿਆਹ ਲਈ ਸਲਾਹ ਕਰਨ ਲਗੇ ਤਾਂ ਉਸ ਨੇ ਦੱਸ ਦਿੱਤਾ ਕਿ ਮੈਂ ਤਾਂ ਆਪਣੇ ਲਈ ਲੜਕਾ ਪਸੰਦ ਕੀਤਾ ਹੋਇਆ ਹੈ ਤੇ ਸਮਾਂ ਆਉਣ ਤੇ ਤੁਹਾਨੂੰ ਮਿਲਾਵਾਂਗੀ। ਮਾਪਿਆਂ ਨੂੰ ਵਿਸ਼ਵਾਸ ਸੀ ਕਿ ਸਾਡੀ ਲੜਕੀ ਜ਼ਿਮੇਂਵਾਰ ਅਤੇ ਸਿਆਣੀ ਹੈ ਆਪਣਾ ਚੰਗਾ ਮਾੜਾ ਭਲੀ ਭਾਂਤ ਵਿਚਾਰ ਸਕਦੀ ਹੈ ਇਸ ਲਈ ਉਹ ਇਕ ਵਾਰ ਤਾਂ ਸ਼ਾਂਤ ਹੋ ਗਏ।

ਜਦੋਂ ਛੁਟੀ ਤੋਂ ਬਾਅਦ ਇਸ ਵਾਰ ਮਿਲੇ ਤਾਂ ਦੀਪੇ ਦੇ ਚੇਹਰੇ ਉਪਰ ਮੁਸਕਰਾਹਟ ਵੇਖ ਗੁਰਜੀਤ ਵੀ ਖ਼ੁਸ਼ ਹੋ ਗਈ। ਉਨ੍ਹਾਂ ਨੇ ਆਪਣੇ ਮਾਪਿਆਂ ਨਾਲ ਹੋਈਆਂ ਗੱਲਾਂ ਇੱਕ ਦੂਜੇ ਨੂੰ ਦਸੀਆਂ। ਪਹਿਲਾਂ ਗੁਰਜੀਤ ਨੇ ਦੱਸਿਆ ਮੈਂ ਆਪਣੇ ਘਰ ਦੱਸ ਦਿੱਤਾ ਹੈ ਕੇ ਮੈਂ ਆਪਣੇ ਲਈ ਲੜਕਾ ਦੇਖ ਲਿਆ ਹੈ ਅਤੇ ਸਮਾਂ ਆਉਣ ਤੇ ਤੁਹਾਨੂੰ ਮਿਲਾ ਦੇਵਾਂਗੀ। ਉਧਰ ਦੀਪੇ ਨੇ ਦੱਸਿਆ ਕੇ ਮਾਂ ਵੀ ਮੇਰੀ ਮਰਜ਼ੀ ਮੰਨਣ ਲਈ ਤਿਆਰ ਹੈ ਪ੍ਰੰਤੂ ਉਹ ਤੈਨੂੰ ਮਿਲਣਾ ਚਾਹੁੰਦੀ ਹੈ। ਦੋਵੇਂ ਬਹੁਤ ਖ਼ੁਸ਼ ਹੋਏ ਅਤੇ ਅਗਲੇ

ਐਤਵਾਰ ਦੀਪੇ ਨੇ ਗੁਰਜੀਤ ਨੂੰ ਆਪਣੇ ਪਿੰਡ ਦੇ ਗੁਰਦਵਾਰੇ ਦੇ ਦਰਸ਼ਨ ਕਰਵਾਣ ਦਾ ਪ੍ਰੋਗਰਾਮ ਬਣਾ ਲਿਆ ਤਾਂ ਜੋ ਉਸ ਨੂੰ ਆਪਣੀ ਮਾਂ ਨਾਲ ਮਿਲਵਾਇਆ ਜਾ ਸਕੇ। ਖੁਸ਼ੀ ਦਾ ਸਮਾਂ ਬਹੁਤ ਛੇਤੀ ਬੀਤਦਾ ਹੈ। ਐਤਵਾਰ ਦੋਵੇਂ ਇਕੱਠੇ ਹੀ ਇੱਕੋ ਸਕੂਟਰ ਤੇ ਚਲ ਪਏ। ਗੁਰਦਵਾਰੇ ਪੁਜੇ ਤਾਂ ਦੀਪੇ ਦੇ ਮਾਪੇ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸੀ। ਗੁਰਜੀਤ ਨੇ ਉਨ੍ਹਾਂ ਨੂੰ ਚਰਨ ਬੰਦਨਾ ਕੀਤੀ। ਜਦੋਂ ਗੁਰਜੀਤ ਨੂੰ ਦੇਖਿਆ ਤਾਂ ਮਾਂ ਨੇ ਕਿਹਾ ਕਿ ਮੇਰਾ ਪੁੱਤ ਤਾਂ ਇੱਕ ਪਰੀ ਲੱਭ ਲਿਆਇਆ ਹੈ। ਮੈਨੂੰ ਇਹੋ ਜਿਹੇ ਸੰਸਕਾਰਾਂ ਵਾਲੀ ਲੜਕੀ ਪਸੰਦ ਹੈ ਕੋਈ ਦਾਜ ਦਹੇਜ ਦੀ ਲੋੜ ਨਹੀਂ ਹੈ ਮੈਂ ਆਪ ਤੁਹਾਡੇ ਘਰ ਆ ਕੇ ਤੇਰੇ ਮਾਪਿਆਂ ਤੋਂ ਤੈਨੂੰ ਮੰਗ ਕੇ ਲੈ ਜਾਵਾਂਗੀ। ਤੁਸੀਂ ਹਮੇਸ਼ਾ ਖੁਸ਼ ਰਹੋ। ਸਾਰਿਆਂ ਨੇ ਰੱਲ ਕੇ ਲੰਗਰ ਛਕਿਆ ਤੇ ਵਾਪਸ ਚਲੇ ਗਏ।

ਦੋਹਾਂ ਦਾ ਵਿਆਹ ਹੋ ਗਿਆ ਅਤੇ ਕੁਝ ਦਿਨ ਛੁਟੀਆਂ ਲੈ ਕੇ ਘੁੰਮਣ ਚਲੇ ਗਏ। ਉਨ੍ਹਾਂ ਨੇ ਖੂਬ ਰੰਗਰਲੀਆਂ ਮਨਾਈਆਂ। ਵਾਪਸੀ ਤੇ ਕਾਰ ਇੱਕ ਦੁਰਘਟਨਾ ਦਾ ਸ਼ਿਕਾਰ ਹੋ ਗਈ। ਦੋਹਾਂ ਨੂੰ ਕਾਫੀ ਚੋਟਾਂ ਲੱਗੀਆਂ ਲੋਕਾਂ ਵਲੋਂ ਹਸਪਤਾਲ ਪੁਚਾਇਆ ਗਿਆ। ਮਾਪਿਆਂ ਨੂੰ ਸੂਚਨਾ ਦਿੱਤੀ। ਉਹ ਵੀ ਹਸਪਤਾਲ ਪੁੱਜ ਗਏ। ਕੁਲਦੀਪ ਜ਼ਖਮਾਂ ਦੀ ਤਾਬ ਨਾ ਸਹਾਰ ਸੱਕਿਆ ਤੇ ਸਦਾ ਲਈ ਵਿਛੜ ਗਿਆ। ਮਾਪਿਆਂ ਦਾ ਬੁਰਾ ਹਾਲ ਹੋਇਆ। ਗੁਰਜੀਤ ਉਸ ਸਮੇਂ ਹੋਸ਼ ਵਿਚ ਨਹੀਂ ਸੀ। ਉਸ ਨੂੰ ਵੀ ਬਹੁਤ ਚੋਟਾਂ ਲੱਗੀਆਂ ਹੋਈਆਂ ਸਨ। ਕੁਲਦੀਪ ਦੀ ਮਾਂ ਨੇ ਆਪਣੇ ਪੁੱਤ ਦੀ ਲਾਸ਼ ਲਈ ਤੇ ਗੁਰਜੀਤ ਨੂੰ ਮਾੜਾ ਬੋਲਦੀ ਹੋਈ ਉਥੋਂ ਚਲ ਪਈ। ਗੁਰਜੀਤ ਦੇ ਮਾਪੇ ਉਸ ਕੋਲ ਰੁਕ ਗਏ। ਉਨ੍ਹਾਂ ਨੂੰ ਕੁਲਦੀਪ ਦੇ ਮਾਪਿਆਂ ਦਾ ਇਹ ਵਰਤਾਵ ਬਿਲਕੁਲ ਵੀ ਚੰਗਾ ਨਾ ਲੱਗਾ। ਡਾਕਟਰ ਅਤੇ ਹੋਰ ਲੋਕਾਂ ਨੇ ਇਸ ਵਤੀਰੇ ਦਾ ਬੁਰਾ ਮਨਾਇਆ ਪ੍ਰੰਤੂ ਹੁਣ ਕੀ ਹੋ ਸਕਦਾ ਸੀ। ਕੁਲਦੀਪ ਦੇ ਅਚਾਨਕ ਜਾਣ ਕਾਰਨ ਸਾਰੇ ਹੀ ਸਦਮੇ ਵਿਚ ਸਨ। ਜਦੋਂ ਗੁਰਜੀਤ ਨੂੰ ਹੋਸ਼ ਆਇਆ ਉਸ ਨੇ ਕੁਲਦੀਪ ਦੇ ਬਾਰੇ ਪੁੱਛਿਆ ਤਾਂ ਪਹਿਲਾਂ ਉਸ ਨੂੰ ਦਸਣ ਦੀ ਕੋਸ਼ਿਸ਼ ਕੀਤੀ ਕਿ ਉਹ ਠੀਕ ਹੈ ਤੇ ਹੋਰ ਵਾਰਡ ਵਿਚ ਹੈ। ਗੁਰਜੀਤ ਨੇ ਉਸ ਨੂੰ ਦੇਖਣ ਦੀ ਜ਼ਿਦ ਕੀਤੀ ਤਾਂ ਡਾਕਟਰ ਨੇ ਉਸ ਨੂੰ ਅਸਲੀਅਤ ਦਸ ਦਿਤੀ। ਗੁਰਜੀਤ ਇਕ ਦਮ ਬੇਹੋਸ਼ ਹੋ ਗਈ। ਡਾਕਟਰਾਂ ਨੂੰ ਫ਼ਿਕਰ ਹੋ ਗਿਆ ਉਨ੍ਹਾਂ ਨੇ ਜ਼ਰੂਰੀ ਦਵਾਈਆਂ ਦੇ ਦਿਤੀਆਂ। ਜਦੋਂ ਫਿਰ ਹੋਸ਼ ਆਇਆ ਤਾਂ ਉਸ ਨੇ ਕੁਲਦੀਪ ਨੂੰ ਦੇਖਣ ਦੀ ਜ਼ਿਦ ਕੀਤੀ ਤਾਂ ਡਾਕਟਰਾਂ ਨੇ ਜ਼ਰੂਰੀ ਹਦਾਇਤਾਂ ਦੇ ਕੇ ਹਸਪਤਾਲ ਵਿਚੋਂ ਛੁਟੀ ਦੇ ਦਿਤੀ। ਭਾਵੇ ਕੁਲਦੀਪ ਦੇ ਮਾਪਿਆਂ ਨੇ ਕਿਹਾ ਸੀ ਕਿ ਹੁਣ ਸਾਡਾ ਗੁਰਜੀਤ ਨਾਲ ਕੋਈ ਰਿਸ਼ਤਾ ਨਹੀਂ ਪ੍ਰੰਤੂ ਗੁਰਜੀਤ ਦੀ ਜ਼ਿਦ ਕਾਰਣ ਉਸ ਦੇ ਮਾਪੇ ਉਸ ਨੂੰ ਉਸ ਦੇ ਸਹੁਰੇ ਪਿੰਡ ਲੈ ਗਏ। ਘਰ ਵਿਚ ਬਹੁਤ ਹੀ ਇਕੱਠ ਸੀ ਗੁਰਜੀਤ ਦਾ ਸਾਰਾ ਸਟਾਫ ਹਾਜ਼ਰ ਸੀ। ਜਦੋਂ ਕੁਲਦੀਪ ਦੀ ਮਾਂ ਨੇ ਗੁਰਜੀਤ ਨੂੰ ਦੇਖਿਆ ਤਾਂ ਉਹ ਭੜਕ ਪਈ ਤੇ ਕਹਿਣ ਲੱਗੀ ਇਸ ਕੁਲਹਿਣੀ ਨੂੰ ਇਥੋਂ ਲੈ ਜਾਓ ਇਸ ਨੇ ਮੇਰਾ

ਪੁੱਤਰ ਖਾ ਲਿਆ ਹੈ। ਮੈਂ ਇਸ ਨੂੰ ਆਪਣੇ ਪੁੱਤਰ ਕੋਲ ਨਹੀਂ ਜਾਣ ਦੇਵਾਂਗੀ। ਉਸ ਦੀ ਮਾਂ ਦੇ ਵਤੀਰੇ ਤੇ ਸਭ ਨਿਰਾਸ਼ ਹੋ ਗਏ। ਕੁਲਦੀਪ ਦੇ ਬਾਪ ਨੇ ਮੌਕਾ ਸੰਭਾਲ ਗੁਰਜੀਤ ਨੂੰ ਕੁਲਦੀਪ ਦਾ ਮੂੰਹ ਵਿਖਾਲ ਦਿੱਤਾ ਜਿਹੜਾ ਕਿ ਪੀਲਾ ਜ਼ਰਦ ਸੀ ਅਤੇ ਜਲਦੀ ਹੀ ਸਸਕਾਰ ਕਰ ਦਿੱਤਾ ਗਿਆ ਕਿਓਂ ਜੋ ਦਿਨ ਪਹਿਲਾਂ ਹੀ ਢਲ ਚੁੱਕਾ ਸੀ।

ਗੁਰਜੀਤ ਤੇ ਉਸ ਦੇ ਮਾਪਿਆਂ ਨੇ ਸਲਾਹ ਕਰ ਕੇ ਉਥੋਂ ਜਾਣਾ ਹੀ ਠੀਕ ਸਮਝਿਆ ਤੇ ਗੁਰਜੀਤ ਨੂੰ ਵਾਪਿਸ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ। ਗੁਰਜੀਤ ਨੀਮ ਬੇਹੋਸ਼ੀ ਦੀ ਹਾਲਤ ਵਿਚ ਸੀ ਉਸ ਦਾ ਹਾਲ ਦੇਖਿਆ ਨਹੀਂ ਜਾ ਰਿਹਾ ਸੀ। ਉਸ ਦਾ ਪਰਿਵਾਰ ਵਸਣ ਤੋਂ ਪਹਿਲਾਂ ਹੀ ਉਜੜ ਗਿਆ ਸੀ। ਹਸਪਤਾਲ ਵਿਚ ਲਗਭਗ ਇਕ ਮਹੀਨਾ ਰਹਿਣ ਪਿੱਛੋਂ ਉਸ ਨੂੰ ਛੁੱਟੀ ਦਿੱਤੀ ਗਈ। ਉਹ ਨੀਮ ਪਾਗਲ ਹੋ ਚੁਕੀ ਸੀ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਪਰਮਾਤਮਾ ਨੇ ਉਸ ਨੂੰ ਇਤਨੀ ਵੱਡੀ ਸਜ਼ਾ ਕਿਉਂ ਦਿੱਤੀ ਸੀ। ਜਿਹੜੇ ਦੁੱਖ ਕੁਦਰਤ ਵਲੋਂ ਮਿਲਦੇ ਹਨ ਉਸ ਨੂੰ ਸਹਿਣ ਕਰਨ ਲਈ ਸ਼ਕਤੀ ਹੀ ਕੁਦਰਤ ਦੇ ਦਿੰਦੀ ਹੈ। ਸਮਾਂ ਹਰ ਕਿਸਮ ਦੇ ਜ਼ਖਮ ਭਰ ਦਿੰਦਾ ਹੈ। ਹੋਲੀ ਹੋਲੀ ਗੁਰਜੀਤ ਸਹਿਜ ਹੋ ਗਈ। ਮਾਪਿਆਂ ਤੇ ਸਟਾਫ ਦੀ ਮਦਦ ਨਾਲ ਉਸ ਨੇ ਹੌਸਲਾ ਫੜਿਆ ਤੇ ਸਕੂਲ ਜਾਣ ਲੱਗੀ। ਸਮੇਂ ਨਾਲ ਉਹ ਵਿਦਿਆਰਥੀਆਂ ਵਿਚ ਰੁਚੀ ਲੈਣ ਲੱਗ ਪਈ। ਉਸ ਦਾ ਵਿਦਿਆਰਥੀਆਂ ਪ੍ਰਤੀ ਵਤੀਰਾ ਬਦਲ ਗਿਆ ਪਹਿਲਾਂ ਕਦੇ ਕਦੇ ਉਹ ਵਿਦਿਆਰਥੀਆਂ ਨੂੰ ਸਜਾ ਦੇ ਦੀਆ ਕਰਦੀ ਸੀ ਪ੍ਰੰਤੂ ਹੁਣ ਉਸ ਨੇ ਪਿਆਰ ਨਾਲ ਵਿਦਿਆਰਥੀਆਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿਤੀ ਸੀ। ਕਮਜ਼ੋਰ ਬੱਚਿਆਂ ਨੂੰ ਵਧੇਰੇ ਸਮਾਂ ਦੇਣ ਲੱਗ ਪਈ ਸੀ। ਵਿਦਿਆਰਥੀ ਉਸ ਨੂੰ ਵੱਡੀ ਭੈਣ ਸਮਝ ਉਸ ਕੋਲੋਂ ਪੁੱਛਣ ਚਲੇ ਜਾਂਦੇ ਸਨ। ਜਦੋਂ ਬਾਹਰ ਦਰਵਾਜ਼ੇ ਉਪਰ ਕਿਸੇ ਨੇ ਦਸਤਕ ਦਿੱਤੀ ਤਾਂ ਉਸ ਨੂੰ ਯਾਦ ਆਇਆ ਕਿ ਉਹ ਤਾਂ ਸ਼ੀਲਾ ਨਾਲ ਗੱਲਾਂ ਕਰ ਰਹੀ ਸੀ ਤੇ ਯਾਦਾਂ ਦੀ ਗੱਠੜੀ ਕਿਵੇਂ ਖੁਲ ਗਈ ਤੇ ਉਹ ਉਨ੍ਹਾਂ ਯਾਦਾਂ ਵਿਚ ਉਲਝ ਗਈ ਸੀ। ਉਸ ਨੇ ਦਰਵਾਜ਼ੇ ਵਲ ਡਿਠਾ ਤਾਂ ਉਸ ਦੀ ਸਹੇਲੀ ਅਧਿਆਪਕਾ ਉਸ ਨੂੰ ਮਿਲਣ ਆਈ ਹੋਈ ਸੀ। ਉਸ ਨੂੰ ਮਿਲ ਕੇ ਗੱਲਾਂ ਕਰਨ ਲੱਗ ਪਈਆਂ।

ਮੈਡਮ ਦੀਆਂ ਗੱਲਾਂ ਸੁਣ ਕੇ ਸ਼ੀਲਾ ਆਪਣੇ ਘਰ ਚਲੀ ਗਈ। ਇਮਤਿਹਾਨ ਸ਼ੁਰੂ ਹੋਣ ਵਾਲੇ ਸਨ। ਸ਼ੀਲਾ ਨੇ ਖ਼ੂਬ ਮਿਹਨਤ ਕਰ ਪੇਪਰ ਦਿਤੇ। ਪੇਪਰਾਂ ਦੌਰਾਨ ਉਸ ਨੇ ਮੋਹਣੇ ਨਾਲ ਕੋਈ ਗੱਲ ਬਾਤ ਨਾ ਕੀਤੀ ਕੇਵਲ ਪੇਪਰ ਦੇ ਸਬੰਧ ਵਿਚ ਇੱਕ ਦੂਜੇ ਨਾਲ ਗੱਲ ਕਰ ਲੈਂਦੇ ਸਨ। ਪੇਪਰ ਖਤਮ ਹੋਏ ਤਾਂ ਸ਼ੀਲਾ ਨੇ ਆਪਣੇ ਮਾਪਿਆਂ ਨਾਲ ਕੰਮ ਕਰਵਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਕੁਝ ਰਕਮ ਇਕਠੀ ਕਰ ਆਪਣੇ ਅਗਲੇ ਕਾਲਿਜ ਦੇ ਦਾਖਲੇ ਦਾ ਖਰਚ ਕਰ ਸਕੇ। ਸਮਾਂ ਤਾਂ ਬਹੁਤ ਤੇਜ਼ ਚਾਲ ਚਲਦਾ ਹੈ ਇਸ ਦੀ ਚਾਲ ਨੂੰ ਕੋਈ ਵੀ ਰੋਕ ਨਹੀਂ ਸਕਿਆ। ਇੱਕ ਦਿਨ ਉਹ ਆਪਣੇ ਮਾਪਿਆਂ ਨਾਲ ਕੰਮ ਕਰਵਾ ਰਹੀ ਸੀ ਉਸ ਦੀ ਇਕ ਸਕੂਲ

ਦੀ ਸਹੇਲੀ ਮਿਲੀ ਉਸ ਨੇ ਦੱਸਿਆ ਕਿ ਨਤੀਜਾ ਆ ਚੁੱਕਿਆ ਹੈ ਅਤੇ ਤੂੰ ਸਾਰੇ ਸਕੂਲ ਵਿਚੋਂ ਨਹੀਂ ਜ਼ਿਲੇ ਵਿਚੋਂ ਪਹਿਲੇ ਨੰਬਰ ਤੇ ਆਈ ਹੈਂ ਅਤੇ ਮੈਡਮ ਨੇ ਤੈਨੂੰ ਬੁਲਾਇਆ ਹੈ। ਸ਼ੀਲਾ ਦੇ ਮਾਪੇ ਵੀ ਨਾਲ ਹੀ ਸਨ ਜਦੋਂ ਉਨ੍ਹਾਂ ਨੇ ਸੁਣਿਆ ਬਹੁਤ ਹੀ ਖੁਸ਼ ਹੋਏ। ਘਰੇ ਪੁਜੇ ਤਾਂ ਉਨ੍ਹਾਂ ਨੇ ਦੇਖਿਆ ਕਿ ਮੋਹਣਾ ਉਨ੍ਹਾਂ ਦੇ ਘਰ ਦੇ ਨੇੜੇ ਫਿਰਦਾ ਸੀ। ਸ਼ੀਲਾ ਨੇ ਉਸ ਨੂੰ ਬੁਲਾਇਆ ਤੇ ਉਸ ਦਾ ਨਤੀਜਾ ਪੁੱਛਿਆ। ਉਸ ਦੱਸਿਆ ਕਿ ਤੇਰਾ ਤਾਂ ਜ਼ਿਲ੍ਹੇ ਵਿਚ ਪਹਿਲਾ ਨੰਬਰ ਹੈ ਤੇ ਮੈਂ ਪਹਿਲੇ ਦਰਜੇ ਵਿਚ ਪਾਸ ਹੋਇਆ ਹਾਂ। ਮੈਂ ਇਧਰੋਂ ਲੰਘ ਰਿਹਾ ਸੀ ਕਿ ਤੈਨੂੰ ਤੇਰਾ ਨਤੀਜਾ ਦੱਸ ਦੇਵਾਂ। ਦੋਵੇਂ ਖੁਸ਼ ਹੋਏ ਮਾਪਿਆਂ ਨੇ ਉਸ ਨੂੰ ਅੰਦਰ ਆਉਣ ਲਈ ਆਖਿਆ। ਭਾਵੇਂ ਉਸ ਦਾ ਮਨ ਸ਼ੀਲਾ ਨਾਲ ਗੱਲਾਂ ਕਰਨ ਨੂੰ ਕਰ ਰਿਹਾ ਸੀ ਪਰ ਉਸ ਨੇ ਕਿਹਾ ਨਹੀਂ ਮੈਂ ਚਲਦਾ ਹਾਂ ਜਦੋਂ ਦੁਬਾਰਾ ਉਸ ਨੂੰ ਕਿਹਾ ਗਿਆ ਤਾਂ ਉਹ ਆ ਗਿਆ ਕਿਉਂਕਿ ਉਹ ਇਹ ਸਮਾਂ ਗੁਆਉਣਾ ਨਹੀਂ ਚਾਹੁੰਦਾ ਸੀ। ਉਨ੍ਹਾਂ ਨੂੰ ਕੁਝ ਸਮਾਂ ਮਿਲਿਆ ਉਸ ਵਿਚ ਉਨ੍ਹਾਂ ਨੇ ਕਾਲਿਜ ਵਿਚ ਦਾਖਲ ਹੋਣ ਸਬੰਧੀ ਸਲਾਹ ਕਰ ਲਈ ਅਤੇ ਰੋਜ਼ਾਨਾ ਮਿਲਣ ਦਾ ਸਬੱਬ ਕਰ ਲਿਆ।

ਅਗਲੇ ਦਿਨ ਸਾਝਰੇ ਹੀ ਸ਼ੀਲਾ ਮੈਡਮ ਗੁਰਜੀਤ ਨੂੰ ਮਿਲਣ ਚਲੀ ਗਈ। ਹੱਥ ਵਿਚ ਲੱਡੂਆਂ ਦਾ ਡੱਬਾ ਉਸ ਨੇ ਮੈਡਮ ਦੀ ਝੋਲੀ ਵਿਚ ਰੱਖ ਦਿੱਤਾ ਅਤੇ ਮੈਡਮ ਨੇ ਉਸ ਨੂੰ ਘੁੱਟ ਕੇ ਗੱਲ ਨਾਲ ਲਾ ਲਿਆ। ਸ਼ੀਲਾ ਨੂੰ ਉਸ ਮਿਲਣੀ ਵਿਚੋਂ ਵੱਡੀ ਭੈਣ ਦਾ ਪਿਆਰ ਮਿਲਿਆ। ਮੈਡਮ ਬਹੁਤ ਹੀ ਖੁਸ਼ ਹੋਈ ਤੇ ਆਖਿਆ ਹੁਣ ਤੈਨੂੰ ਅੱਗੇ ਦਾਖਲਾ ਮੈਂ ਦਿਵਾਵਾਂਗੀ ਤੇ ਤੇਰੀ ਫੀਸ ਤੇ ਕਿਤਾਬਾਂ ਆਦਿ ਦਾ ਪ੍ਰਬੰਧ ਕਰ ਕੇ ਦੇਵਾਂਗੀ। ਇਸੇ ਤਰ੍ਹਾਂ ਹੀ ਮਿਹਨਤ ਨਾਲ ਅੱਗੇ ਅਤੇ ਹੋਰ ਅੱਗੇ ਵਧਣਾ ਹੈ। ਮੈਂ ਤੇਰੇ ਚੰਗੇ ਭਵਿੱਖ ਦੀ ਕਾਮਨਾ ਕਰਦੀ ਹਾਂ।

ਸ਼ੀਲਾ ਨੂੰ ਕਾਲਿਜ ਵਿਚ ਦਾਖਲਾ ਮਿਲ ਗਿਆ। ਉਸ ਦੇ ਨੰਬਰਾਂ ਕਾਰਨ ਉਸ ਨੂੰ ਕਿਤਾਬਾਂ ਲਾਇਬਰੇਰੀ ਵਿਚੋਂ ਮਿਲ ਗਈਆਂ। ਫੀਸ ਕਾਲਿਜ ਦੀ ਪ੍ਰਬੰਧਕ ਕਮੇਟੀ ਵਲੋਂ ਮੁਆਫ਼ ਕਰ ਦਿੱਤੀ ਗਈ। ਇਸ ਤੇ ਉਸ ਨੂੰ ਬਹੁਤ ਹੌਸਲਾ ਹੋ ਗਿਆ। ਉਸ ਨੇ ਪੜ੍ਹਾਈ ਕਰਨੀ ਸ਼ੁਰੂ ਕਰ ਦਿਤੀ। ਪੂਰੀ ਲਗਨ ਨਾਲ ਮਿਹਨਤ ਕਰਨ ਲੱਗੀ। ਉਸ ਕਾਲਿਜ ਦੀ ਇਕ ਪ੍ਰੋਫੈਸਰ ਗੁਰਜੀਤ ਮੈਡਮ ਦੀ ਸਹੇਲੀ ਸੀ। ਮੈਡਮ ਨੇ ਵੀ ਉਸ ਪ੍ਰੋਫੈਸਰ ਨੂੰ ਸ਼ੀਲਾ ਦੀ ਮਦਦ ਕਰਨ ਬਾਰੇ ਆਖ ਦਿਤਾ। ਇਸ ਤਰ੍ਹਾਂ ਸਮੇਂ ਦੇ ਨਾਲ ਨਾਲ ਉਸ ਨੇ ਬੀ ਏ ਵਿਚ ਵੀ ਵਧੀਆ ਨੰਬਰ ਪ੍ਰਾਪਤ ਕਰ ਲਏ। ਮੈਡਮ ਗੁਰਜੀਤ ਦੇ ਸੰਪਰਕ ਵਿਚ ਤਾਂ ਉਹ ਰਹਿੰਦੀ ਹੀ ਸੀ ਅਤੇ ਜਦੋਂ ਮੈਡਮ ਨੂੰ ਉਸ ਨੇ ਨਤੀਜੇ ਬਾਰੇ ਖਬਰ ਕੀਤੀ ਤਾਂ ਮੈਡਮ ਬਹੁਤ ਹੀ ਕੁਸ਼ ਹੋਈ। ਉਸ ਨੇ ਸ਼ੀਲਾ ਨੂੰ ਸ਼ਾਬਾਸ਼ੀ ਦਿਤੀ। ਤੇ ਉਸ ਨੂੰ ਮੁਕਾਬਲੇ ਦੇ ਇਮਿਤਹਾਨ ਬਾਰੇ ਦੱਸਿਆ ਤੇ ਅਗਲੇਰੀ ਪੜ੍ਹਾਈ ਦੇ ਨਾਲ ਨਾਲ ਮੁਕਾਬਲੇ ਦੇ ਇਮਿਤਿਹਾਨ ਦੀ ਤਿਆਰੀ ਲਈ ਵੀ ਮੇਹਨਤ ਕਰਨ ਬਾਰੇ ਕਿਹਾ। ਸ਼ੀਲਾ ਨੂੰ ਵੀ ਇਹ ਚੰਗਾ ਲੱਗਾ ਤੇ ਉਹ ਤਿਆਰੀ ਵਿਚ ਜੁਟ ਗਈ ਤੇ ਉਸੇ ਕਾਲਿਜ ਵਿਚ ਐਮ ਏ ਕਰਨ ਲੱਗ ਪਈ।

ਜਦੋਂ ਸ਼ੀਲਾ ਦੀ ਬੀ ਏ ਹੋ ਗਈ ਤਾਂ ਮੋਹਣੇ ਨੇ ਉਸ ਨੂੰ ਕਿਹਾ ਕਿ ਹੁਣ ਆਪਾਂ ਵਿਆਹ ਕਰਵਾ ਲਈਏ ਤੇ ਇਕੱਠੇ ਰਹਿਣਾ ਸ਼ੁਰੂ ਕਰ ਦੇਈਏ ਸਦਾ ਲਈ ਇੱਕ ਹੋਣ ਦੇ ਬਾਰੇ ਤਾਂ ਆਪਾਂ ਪਹਿਲਾਂ ਹੀ ਫੈਸਲਾ ਕਰ ਚੁਕੇ ਹਾਂ ਪ੍ਰੰਤੂ ਹੁਣ ਇਸ ਰਿਸ਼ਤੇ ਨੂੰ ਗੂੜ੍ਹਾ ਕਰ ਲਈਏ। ਸ਼ੀਲਾ ਮਨੋ ਤਾਂ ਇਹੋ ਹੀ ਚਾਹੁੰਦੀ ਸੀ ਪਰ ਉਸ ਦੇ ਸੁਪਨੇ ਤਾਂ ਹੋਰ ਅੱਗੇ ਵਧਣ ਦੇ ਸਨ ਅਤੇ ਉਸ ਨੂੰ ਖੁਸ਼ੀ ਸੀ ਕਿ ਮੋਹਣੇ ਨੇ ਇੰਜੀਨੀਅਰ ਬਣ ਕੇ ਵਿਖਾ ਦਿੱਤਾ ਸੀ। ਪ੍ਰੰਤੂ ਉਹ ਚਾਹੁੰਦੀ ਸੀ ਕਿ ਉਹ ਹੁਣ ਐਮ.ਬੀ.ਏ. ਕਰ ਲਵੇ ਅਤੇ ਹੋਰਾਂ ਨੂੰ ਸਰ ਕਹਿਣ ਦੀ ਬਜਾਏ ਹੋਰ ਕਰਮਚਾਰੀ ਉਸ ਨੂੰ ਸਰ ਆਖਕੇ ਬੁਲਾਉਣ ਤੇ ਉਸ ਦੀ ਇੱਜ਼ਤ ਵਧੇ। ਇਸ ਲਈ ਉਸ ਨੇ ਉਸ ਨੂੰ ਮਨਾ ਲਿਆ ਤੇ ਖੁਦ ਉਹ ਅੱਗੇ ਹੋਰ ਪੜ੍ਹ ਕੇ ਮੁਕਾਬਲੇ ਦੇ ਇਮਿਤਿਹਾਨ ਵਿਚ ਬੈਠ ਉੱਚੀ ਪਦਵੀ ਲੈਣ ਬਾਰੇ ਸੋਚ ਰਹੀ ਸੀ। ਇਹ ਵਿਚਾਰਾਂ ਕਰਨ ਤੋਂ ਬਾਅਦ ਫੇਰ ਮਿਲਣ ਦਾ ਵਾਅਦਾ ਕਰ ਉਹ ਆਪਣੀ ਆਪਣੀ ਮੰਜ਼ਿਲ ਵਲ ਵਧਣ ਲਈ ਅਲਗ ਹੋ ਗਏ।

ਮੋਹਣੇ ਨੇ ਐਮ ਬੀ ਏ ਵਿਚ ਦਾਖਲਾ ਲੈ ਲਿਆ ਅਤੇ ਅਗਲੇਰੀ ਪੜ੍ਹਾਈ ਵਿਚ ਜੁੱਟ ਗਿਆ ਉਸ ਨੇ ਖ਼ੂਬ ਮਿਹਨਤ ਕੀਤੀ ਤੇ ਕਾਲਿਜ ਵਿਚਲੇ ਪ੍ਰੋਫੈਸਰ ਉਸ ਦੀ ਲਗਨ ਦੇਖ ਅਸ਼-ਅਸ਼ ਕਰ ਉੱਠੇ। ਉਹਨਾਂ ਨੂੰ ਯਕੀਨ ਸੀ ਕਿ ਇਹ ਲੜਕਾ ਜੀਵਨ ਵਿਚ ਬੁਲੰਦੀਆਂ ਛੂਹੇਗਾ। ਉਸ ਨੂੰ ਤਾਂ ਸ਼ੀਲਾ ਨੂੰ ਕੁਝ ਬਣ ਕੇ ਵਿਖਾਉਣ ਦੀ ਮੰਜਿਲ ਨਜ਼ਰ ਆ ਰਹੀ ਸੀ। ਜਦੋਂ ਰੁਜ਼ਗਾਰ ਲਈ ਇੰਟਰਵਿਊ ਹੋਈ ਤਾਂ ਕੰਪਨੀ ਨੂੰ ਉਸ ਨੂੰ ਚੰਗੀ ਤਨਖਾਹ ਦਾ ਵਾਅਦਾ ਕਰ ਚੁਣ ਲਿਆ ਤੇ ਅਖੀਰਲੀ ਛਿਮਾਹੀ ਤੋਂ ਉਸ ਨੂੰ ਅੱਧੀ ਤਨਖਾਹ ਦੇਣੀ ਮੰਨ ਲਈ ਤੇ ਐਮ ਬੀ ਏ ਪੂਰੀ ਕਰਨ ਤੇ ਕੰਮ ਤੇ ਆਉਣ ਲਈ ਆਖ ਦਿੱਤਾ। ਮੋਹਣੇ ਦੇ ਸਾਥੀ ਤੇ ਪ੍ਰੋਫੈਸਰ ਬਹੁਤ ਹੀ ਖੁਸ਼ ਹੋਏ। ਇਹ ਖਬਰ ਉਹ ਸ਼ੀਲਾ ਨੂੰ ਦਸਣਾ ਚਾਹੁੰਦਾ ਸੀ। ਇਸ ਲਈ ਉਹ ਉਸ ਦੇ ਕਾਲਿਜ ਵਿਚ ਚਲਾ ਗਿਆ। ਜਦੋਂ ਉਸ ਨੇ ਪਤਾ ਕੀਤਾ ਤਾਂ ਉਸ ਨੂੰ ਪਤਾ ਲੱਗਾ ਕਿ ਸ਼ੀਲਾ ਤਾਂ ਮੁਕਾਬਲੇ ਦਾ ਇਮਿਤਿਹਾਨ ਦੇਣ ਗਈ ਹੋਈ ਹੈ ਤਾਂ ਉਹ ਵਾਪਿਸ ਆ ਗਿਆ ਤੇ ਫੇਰ ਮਿਲਣ ਬਾਰੇ ਸੋਚਣ ਲੱਗਾ।

ਸ਼ੀਲਾ ਦਾ ਮੁਕਾਬਲੇ ਦਾ ਇਮਿਤਹਾਨ ਵਧੀਆ ਹੋ ਗਿਆ ਸੀ ਉਸ ਨੂੰ ਉਮੀਦ ਸੀ ਕਿ ਨਤੀਜਾ ਉਸ ਦੇ ਹੱਕ ਵਿਚ ਆਵੇਗਾ। ਉਹ ਹੁਣ ਐਮ.ਏ. ਦੀ ਪੜ੍ਹਾਈ ਵਿਚ ਰੁਝ ਗਈ ਕਿਉਂ ਜੋ ਉਹ ਪੇਪਰ ਵੀ ਨੇੜੇ ਸਨ। ਖ਼ੂਬ ਮਿਹਨਤ ਕੀਤੀ ਪੇਪਰ ਦਿਤੇ ਤੇ ਘਰ ਪੁੱਜ ਗਈ। ਸਬੱਬ ਨਾਲ ਮੋਹਣਾ ਵੀ ਪਿੰਡ ਆਇਆ ਹੋਇਆ ਸੀ। ਉਸ ਨੂੰ ਇਹ ਪਤਾ ਸੀ ਕਿ ਜਦੋਂ ਸ਼ੀਲਾ ਪਿੰਡ ਆਵੇਗੀ ਮੈਡਮ ਗੁਰਜੀਤ ਨੂੰ ਜ਼ਰੂਰ ਹੀ ਮਿਲੇਗੀ। ਇਸ ਲਈ ਉਹ ਮੈਡਮ ਨੂੰ ਮਿਲ ਆਪਣੀ ਪ੍ਰਾਪਤੀ ਬਾਰੇ ਦੱਸ ਆਇਆ ਸੀ। ਮੈਡਮ ਦੀ ਖੁਸ਼ੀ ਵੇਖੀ ਨਹੀਂ ਜਾ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਹੁਣ ਜੱਗੋਂ ਤੇਹਰਵੀਂ ਹੋਣ ਵਾਲੀ ਹੈ। ਉਸ ਨੂੰ ਉਮੀਦ ਸੀ ਕਿ ਜਾਤ ਪਾਤ ਦੀ ਦੀਵਾਰ ਢਹਿਣ ਵਾਲੀ ਹੈ ਪਰ ਮਨ ਵਿਚ ਡਰ ਵੀ ਸੀ ਜੇ ਅਮੀਰੀ ਗਰੀਬੀ ਵਾਲੇ ਟੋਏ ਟਿੱਬੇ ਬਰਾਬਰ ਨਾ ਹੋ ਸਕੇ ਤਾਂ ਸ਼ੀਲਾ ਦੀ ਜ਼ਿੰਦਗੀ ਦਾ ਕੀ ਬਣੇਗਾ। ਉਸ ਨੂੰ ਪੂਰਨ

ਯਕੀਨ ਸੀ ਖ਼ੁਦਾ ਵੀ ਜ਼ਰੂਰ ਮਦਦ ਕਰੇਗਾ ਕਿਉਂ ਜੋ ਪਿਆਰ ਕਰਨ ਵਾਲੇ ਸੱਚੇ ਅਤੇ ਮਿਹਨਤ ਕਰ ਰਹੇ ਸਨ। ਹਾਲੇ ਉਹ ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਉਧਰੋਂ ਸ਼ੀਲਾ ਨੇ ਦਰਵਾਜ਼ੇ ਤੇ ਦਸਤਕ ਦਿਤੀ ਅਤੇ ਸਿੱਧੀ ਹੀ ਅੰਦਰ ਮੈਡਮ ਨੂੰ ਚਿੰਬੜ ਗਈ ਉਹ ਅੱਜ ਬਹੁਤ ਖੁਸ਼ ਸੀ ਉਸ ਦੀ ਮਿਹਨਤ ਨੂੰ ਫਲ ਲਗਾ ਸੀ। ਉਸ ਨੇ ਮੈਡਮ ਨੂੰ ਦੱਸਿਆ ਕਿ ਮੁਕਾਬਲੇ ਦੇ ਇਮਤਿਹਾਨ ਵਿਚ ਉਸ ਦਾ ਪਹਿਲੀਆਂ ਪੰਜ ਪੁਜੀਸ਼ਨਾਂ ਵਿਚ ਉਸ ਦਾ ਨਾਂ ਸੀ ਅਤੇ ਉਹ ਘਰੇ ਨਹੀਂ ਆ ਗਈ ਸਿੱਧੀ ਹੀ ਤੁਹਾਨੂੰ ਖ਼ਬਰ ਦੇਣ ਆ ਗਈ ਹਾਂ। ਮੈਡਮ ਤਾਂ ਪਹਿਲਾਂ ਹੀ ਮੋਹਣੇ ਦੀ ਖ਼ਬਰ ਸੁਣ ਚੁਕੀ ਸੀ ਉਸ ਨੇ ਮੋਹਣੇ ਦੀ ਖ਼ਬਰ ਸ਼ੀਲਾ ਨੂੰ ਦੱਸ ਦਿੱਤੀ ਤੇ ਉਹ ਬਹੁਤ ਖੁਸ਼ ਤੇ ਉਸ ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰਾਨਾ ਕਰਨ ਲੱਗੀ। ਮੈਡਮ ਨੇ ਮੋਹਣੇ ਨੂੰ ਆਪਣੇ ਘਰ ਬੁਲਾ ਲਿਆ ਤੇ ਦੋਵੇਂ ਉਸ ਦੇ ਘਰ ਇਕੱਠੇ ਹੋ ਗਏ। ਤਿੰਨਾਂ ਨੇ ਮਿਲ ਖੁਸ਼ੀ ਸਾਂਝੀ ਕੀਤੀ। ਮੋਹਣੇ ਨੇ ਦੱਸਿਆ ਕਿ ਕਲ ਹੀ ਮੇਰੇ ਮਾਪੇ ਸ਼ੀਲਾ ਦੇ ਘਰ ਉਸ ਦੇ ਵਿਆਹ ਲਈ ਜਾਣਗੇ। ਗੱਲ ਬਾਤ ਕਰ ਛੇਤੀ ਹੀ ਵਿਆਹ ਕਰਨ ਬਾਰੇ ਵਿਚਾਰ ਕਰਨਗੇ। ਮੈਡਮ ਦੀ ਖੁਸ਼ੀ ਵੀ ਹੁਣ ਝਲੀ ਨਹੀਂ ਜਾ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੇ ਵਿਦਿਆਰਥੀ ਕਾਮਯਾਬੀ ਦੀ ਪੌੜੀ ਚੜ੍ਹ ਕੇ ਇਕੱਠਾ ਜੀਵਨ ਬਤੀਤ ਕਰਨਗੇ।

ਅਗਲੇ ਦਿਨ ਦੋਵੇਂ ਪਰਿਵਾਰ ਇੱਕਠੇ ਹੋਏ ਸ਼ੀਲਾ ਅਤੇ ਮੋਹਣੇ ਦੀ ਕਾਮਯਾਬੀ ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਵਿਆਹ ਦੀ ਤਰੀਕ ਤਹਿ ਕਰ ਲਈ ਗਈ ਅਤੇ ਮੋਹਣੇ ਦੀ ਮਾਂ ਨੇ ਕਿਹਾ ਸਾਨੂੰ ਦਾਜ ਦੀ ਕੋਈ ਲੋੜ ਨਹੀਂ ਮਿੱਥੇ ਦਿਨ ਤੇ ਗੁਰਦਵਾਰੇ ਵਿਚ ਆਨੰਦ ਕਾਰਜ ਹੋਣਗੇ ਤੇ ਸ਼ੀਲਾ ਨੂੰ ਤਿੰਨਾਂ ਕਪੜਿਆ ਵਿਚ ਲੈ ਜਾਵਾਂਗੇ ਤੇ ਸਾਡੇ ਘਰ ਇਕ ਪਾਰਟੀ ਕੀਤੀ ਜਾਵੇਗੀ ਜਿਸ ਵਿਚ ਮੈਡਮ ਗੁਰਜੀਤ ਵੀ ਸ਼ਾਮਿਲ ਹੋਣਗੇ। ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਦੋਵਾਂ ਦੇ ਮਾਪੇ ਖੁਸ਼ ਸਨ। ਕੁਝ ਦਿਨ ਪਾ ਕੇ ਸ਼ੀਲਾ ਨੂੰ ਇਕ ਪੱਤਰ ਮਿਲਿਆ ਜਿਸ ਵਿਚ ਉਸ ਨੂੰ ਉਪ ਤਸੀਲਦਾਰ ਨਿਯੁਕਤ ਕਰ ਦਿੱਤਾ ਗਿਆ ਸੀ। ਸਾਰਾ ਪਰਿਵਾਰ ਬਹੁਤ ਖੁਸ਼ ਹੋ ਗਿਆ।

ਗੁਰਜੀਤ ਮੈਡਮ ਨੂੰ ਤਸੱਲੀ ਹੋ ਗਈ ਕਿ ਜਾਤ ਪਾਤ ਦੀ ਦੀਵਾਰ ਨੂੰ ਢਾਹ ਦਿਤਾ ਗਿਆ ਸੀ ਅਤੇ ਇੰਤਜ਼ਾਰ ਤੋਂ ਬਾਅਦ ਦੋਵੇਂ ਪਰਿਵਾਰ ਇੱਕ ਹੋ ਗਏ ਸਨ ਜੋ ਕਿ ਆਮ ਲੋਕਾਂ ਲਈ ਉਦਾਹਰਣ ਬਣ ਗਏ ਸਨ।

# ਡਾਢੇ ਦਾ ਸੱਤੀਂ ਵੀਹ ਸੌ

ਮਨੁੱਖ ਦੀ ਵਸੋਂ ਦੇ ਇਤਿਹਾਸ ਤੇ ਝਾਤ ਪਾਉਂਦਿਆਂ ਹੀ ਮਹਿਸੂਸ ਹੁੰਦਾ ਹੈ ਕਿ ਪਾਣੀ ਦੇ ਸੋਮਿਆਂ ਦੇ ਨਜ਼ਦੀਕ ਮਨੁੱਖ ਨੇ ਵਸੋਂ ਆਰੰਭ ਕੀਤੀ ਸੀ। ਪਾਣੀ ਦੇ ਸੋਮਿਆਂ ਦੇ ਅੰਦਰ ਹੀ ਪਾਣੀ ਦੇ ਜੀਵਾਂ ਨੇ ਆਪਣਾ ਜੀਵਨ ਬਿਤਾਇਆ ਅਤੇ ਆਪਣੇ ਜੀਵਨ ਨੂੰ ਆਪਣੇ ਦੁਸ਼ਮਣਾਂ ਤੋਂ ਬਚਾਅ ਲਈ ਢੰਗ ਤਰਕੀਬਾਂ ਸੋਚ ਜੀਵਨ ਦੀ ਉਨ੍ਹਾਂ ਜੀਵਾਂ ਨੇ ਆਪਣੀ ਰਖਿਆ ਕੀਤੀ। ਅਜਿਹਾ ਹੀ ਇਸ ਕਹਾਣੀ ਤੋਂ ਸਾਨੂੰ ਗਿਆਨ ਮਿਲਦਾ ਹੈ।

ਇਕ ਪਿੰਡ ਦੇ ਬਾਹਰਵਾਰ ਇਕ ਪਾਣੀ ਦਾ ਛੱਪੜ ਸੀ ਉਸ ਦੇ ਵਿਚ ਡੱਡੂ ਅਰਾਮ ਨਾਲ ਆਪਣਾ ਜੀਵਨ ਬਤੀਤ ਕਰ ਰਹੇ ਸਨ। ਇਸ ਛੱਪੜ ਦੇ ਕਿਨਾਰੇ ਇਕ ਬੋਹੜ ਦਾ ਦਰਖਤ ਸੀ। ਉਸ ਦੇ ਵਿਚ ਪਿੰਡ ਵਾਸੀ ਸੂਰਜ ਦੇ ਚੜ੍ਹਨ ਤੇ ਛਿਪਣ ਨੂੰ ਵੇਖ ਕੇ ਖੁਸ਼ ਹੋ ਲਿਆ ਕਰਦੇ ਸਨ ਅਤੇ ਮਹਿਸੂਸ ਕਰਦੇ ਸਨ ਕਿ ਸੂਰਜ ਇਸ ਛੱਪੜ ਵਿਚੋਂ ਹੀ ਸਵੇਰੇ ਨਹਾ ਧੋ ਕੇ ਨਿਕਲਦਾ ਹੈ ਅਤੇ ਸ਼ਾਮ ਸਮੇਂ ਇਸ ਦੇ ਅੰਦਰ ਹੀ ਛੁੱਪ ਜਾਂਦਾ ਹੈ ਅਤੇ ਆਪਣੀ ਰਾਤ ਗੁਜ਼ਾਰ ਅਰਾਮ ਕਰ ਲੈਣ ਤੋਂ ਬਾਅਦ ਸਵੇਰੇ ਫਿਰ ਆਪਣੇ ਪਿੰਡ ਨੂੰ ਧੁੱਪ ਅਤੇ ਚਾਨਣ ਵੰਡਦਾ ਹੈ। ਕੁਝ ਲੋਕ ਤਾਂ ਇਹ ਵੀ ਸੋਚਦੇ ਸਨ ਕਿ ਛੱਪੜ ਦੇ ਡੱਡੂ ਸਾਡੇ ਸੂਰਜ ਨੂੰ ਰਾਤ ਸਮੇਂ ਸਾਡੇ ਲਈ ਸੰਭਾਲਦੇ ਹਨ। ਕੁਝ ਅਰਸੇ ਤੋਂ ਬਾਅਦ ਬੋਹੜ ਦੇ ਹੇਠਾਂ ਸੱਪ ਨੇ ਆਪਣਾ ਨਿਵਾਸ ਕਰ ਲਿਆ ਅਤੇ ਵੇਲੇ ਕੁਵੇਲੇ ਡੱਡੂਆਂ ਨੂੰ ਆਪਣੇ ਭੋਜਨ ਬਣਾਉਣ ਲਗ ਪਿਆ ਅਤੇ ਛੱਪੜ ਦੇ ਅੰਦਰ ਡੱਡੂਆਂ ਦੀ ਗਿਣਤੀ ਘਟਣ ਲਗੀ। ਕੁਝ ਡੱਡੂਆਂ ਨੇ ਇਸ ਦੀ ਚਿੰਤਾ ਆਪਣੇ ਸਾਥੀਆਂ ਨਾਲ ਜ਼ਾਹਰ ਕੀਤੀ ਅਤੇ ਇਸ ਦਾ ਢੁਕਵਾਂ ਹੱਲ ਲੱਭਣ ਦੇ ਯਤਨ ਕਰਨੇ ਸ਼ੁਰੂ ਕੀਤੇ। ਚਿੰਤਨਸ਼ੀਲ ਡੱਡੂਆਂ ਨੇ ਇਹ ਮਹਿਸੂਸ ਕੀਤਾ ਕਿ ਜਿਸ ਦੌਰ ਵਿਚੋਂ ਆਪਾਂ ਸਾਰੇ ਗੁਜ਼ਰ ਰਹੇ ਹਾਂ ਉਸ ਸਮੇਂ ਅਸਾਨੂੰ ਡੂੰਘੀ ਵਿਚਾਰ ਕਰ ਕੇ ਇਸ ਸਮਸਿਆ ਦਾ ਹਲ ਲੱਭਣਾ ਚਾਹੀਦਾ ਹੈ।

ਭਗਤ ਕਬੀਰ ਜੀ ਦੇ ਕਥਨ ਅਨੁਸਾਰ:

ਸੁਖੀਆ ਸਭ ਸੰਸਾਰ ਹੈ, ਖਾਏ ਔਰ ਸੋਇ।
ਦੁਖੀਆ ਦਾਸ ਕਬੀਰ ਹੈ ਜਾਗੇ ਔਰ ਰੋਏ।

ਇਹ ਫ਼ਿਕਰਮੰਦੀ ਹੈ ਜਦੋਂ ਚਿੰਤਾ ਦੀ ਗੱਲ ਹੋ ਰਹੀ ਹੈ ਤਾਂ ਸਾਨੂੰ ਸਾਡੇ ਦੁੱਖ ਦਾ ਹਲ ਗੰਭੀਰ ਹੋ ਲੱਭਣ ਦੀ ਲੋੜ ਹੈ। ਇਹ ਵਿਚਾਰ ਚਰਚਾ ਚਲ ਹੀ ਰਹੀ ਸੀ ਕਿ ਇਕ ਬਜ਼ੁਰਗ ਡੱਡੂ ਜੋ ਨਾਲ ਦੇ ਪਿੰਡ ਦੇ ਛੱਪੜ ਤੋਂ ਉਥੇ ਆਪਣੇ ਰਿਸ਼ਤੇਦਾਰਾਂ ਕੋਲ ਮਿਲਣ ਆਇਆ ਸੀ ਉਸ ਨੇ ਪੁੱਛਿਆ ਕਿ ਕੀ ਗੱਲ ਹੈ ਤੁਸੀਂ ਸਾਰੇ ਇਤਨੇ

ਡਰੇ ਹੋਏ ਕਿਓਂ ਹੋ ਤਾਂ ਉਸਨੂੰ ਦੱਸਿਆ ਗਿਆ ਕਿ ਛੱਪੜ ਦੇ ਨੇੜੇ ਬੋਹੜ ਅੰਦਰ ਇਕ ਸੱਪ ਰਹਿੰਦਾ ਹੈ ਜੋ ਰੋਜ਼ਾਨਾ ਹੀ ਡੱਡੂਆਂ ਨੂੰ ਆਪਣੀ ਖੁਰਾਕ ਬਣਾ ਰਿਹਾ ਹੈ ਅਤੇ ਸਾਡੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਉਸ ਨੇ ਸਾਰੀ ਵਿਥਿਆ ਸੁਣ ਲੈਣ ਤੋਂ ਬਾਅਦ ਆਖਿਆ ਕਿ ਮੇਰੇ ਕੋਲ ਇਸ ਸਮਸਿਆ ਦਾ ਹੱਲ ਹੈ। ਇਹ ਸੁਣਦਿਆਂ ਹੀ ਸਾਰੇ ਹੀ ਹੈਰਾਨ ਹੋਏ ਅਤੇ ਜਲਦੀ ਨਾਲ ਹੱਲ ਦੱਸਣ ਲਈ ਆਖਣ ਲਗੇ।

ਉਸ ਨੇ ਦੱਸਿਆ ਕਿ ਜਿਸ ਛੱਪੜ ਵਿਚ ਮੈਂ ਰਹਿੰਦਾ ਹਾਂ ਉਸ ਦੇ ਨੇੜੇ ਇਕ ਨਿਉਲਾ ਰਹਿੰਦਾ ਹੈ ਅਤੇ ਤੁਸੀਂ ਜਾਣਦੇ ਹੀ ਹੋ ਸੱਪ ਨਿਉਲੇ ਤੋਂ ਡਰਦਾ ਹੈ। ਉਹ ਨਿਉਲਾ ਮੇਰਾ ਦੋਸਤ ਹੈ, ਮੈਂ ਉਸ ਨੂੰ ਇਥੇ ਲਿਆ ਕੇ ਸੱਪ ਨੂੰ ਸਬਕ ਸਿਖਾ ਸਕਦਾ ਹਾਂ। ਸਾਰੇ ਡੱਡੂ ਕਹਿਣ ਲੱਗੇ ਤੁਸੀਂ ਜਲਦੀ ਜਾਓ ਤੇ ਉਸ ਨੂੰ ਲੈ ਕੇ ਆਓ ਅਤੇ ਸਾਡੀ ਸਮੱਸਿਆ ਦਾ ਹੱਲ ਕਰੋ। ਭਾਵੇਂ ਬਜ਼ੁਰਗ ਨੇ ਹਾਲੇ ਹੋਰ ਸਮਾਂ ਰਹਿਣਾ ਸੀ ਪਰੰਤੂ ਸਮੱਸਿਆ ਦੀ ਗੰਭੀਰਤਾ ਨੂੰ ਦੇਖਦੇ ਹੋਏ ਉਹ ਵਾਪਸੀ ਲਈ ਚਲ ਪਿਆ।

ਉਸ ਨੇ ਨਿਉਲੇ ਨਾਲ ਸਾਰੀ ਗੱਲ ਕੀਤੀ। ਉਸ ਨੇ ਆਪਣੇ ਦੋਸਤ ਦੀ ਮਦਦ ਕਰਨੀ ਸੀ ਅਤੇ ਗੰਭੀਰਤਾ ਨੂੰ ਵਿਚਰਦੇ ਹੋਏ ਉਸ ਸਮੇਂ ਹੀ ਬਜ਼ੁਰਗ ਦੇ ਨਾਲ ਚਲਣ ਲਈ ਤਿਆਰ ਹੋ ਗਿਆ। ਅਗਲੇਰੇ ਦਿਨ ਸਾਝਰੇ ਹੀ ਉਹ ਉਸ ਛੱਪੜ ਕੋਲ ਪੁੱਜ ਗਏ ਜਿਥੇ ਸੱਪ ਡੱਡੂਆਂ ਨੂੰ ਤੰਗ ਕਰ ਰਿਹਾ ਸੀ। ਨਿਉਲੇ ਨੇ ਬੋਹੜ ਦੇ ਥੱਲੇ ਜਾ ਕੇ ਸੱਪ ਨੂੰ ਬਾਹਰ ਆਉਣ ਲਈ ਆਵਾਜ਼ ਲਗਾਈ। ਆਵਾਜ਼ ਸੁਣ ਸੱਪ ਘਬਰਾ ਗਿਆ ਅਤੇ ਇਕਦਮ ਹੀ ਆਪਣੇ ਰਹਿਣ ਬਸੇਰੇ ਵਿਚੋਂ ਬਾਹਰ ਆਇਆ ਅਤੇ ਨਿਉਲੇ ਅੱਗੇ ਹੱਥ ਬੰਨ ਖੜੋ ਗਿਆ ਅਤੇ ਬੋਲਿਆ ਕਿ ਦਸੋ ਮੈਥੋਂ ਤੁਹਾਡੀ ਸ਼ਾਨ ਵਿਚ ਕਿ ਕੁਤਾਹੀ ਹੋ ਗਈ ਹੈ।

ਨਿਉਲੇ ਨੇ ਕਿਹਾ ਕਿ ਦੇਖ ਜਿਥੇ ਤੂੰ ਰਹਿੰਦਾ ਹੈਂ ਇਥੇ ਮੇਰੇ ਦੋਸਤ ਦੇ ਯਾਰ ਮਿੱਤਰ ਅਤੇ ਰਿਸ਼ਤੇਦਾਰ ਰਹਿੰਦੇ ਹਨ ਜੇ ਕਰ ਇਨ੍ਹਾਂ ਦੇ ਵਲ ਤੇਰੀ ਮਾੜੀ ਨਜ਼ਰ ਵੀ ਪੈ ਗਈ ਤਾਂ ਫਿਰ ਤੂੰ ਮੈਨੂੰ ਜਾਣਦਾ ਹੀ ਹੈਂ ਕਿ ਮੈਂ ਤੇਰੀ ਕੀ ਹਾਲਤ ਕਰ ਦੇਵਾਂਗਾ ਇਸ ਲਈ ਹੁਣ ਤੋਂ ਬਾਅਦ ਕੋਈ ਅਜੇਹੀ ਹਰਕਤ ਨਹੀਂ ਕਰਨੀ ਜਿਸ ਕਾਰਨ ਮੈਨੂੰ ਇਥੇ ਤੈਨੂੰ ਸੋਧਣਾ ਪਵੇ। ਇਹ ਸੁਣ ਸੱਪ ਦੇ ਸਾਹ ਵਿਚ ਸਾਹ ਆਇਆ ਅਤੇ ਉਸ ਨੇ ਕਿਹਾ ਜੀ ਜਨਾਬ ਹੁਣ ਤੁਹਾਨੂੰ ਕੋਈ ਸ਼ਿਕਾਇਤ ਨਹੀਂ ਮਿਲੇਗੀ। ਇਹ ਆਖ ਸੱਪ ਨੇ ਆਪਣੀ ਖੁੱਡ ਵਲ ਜਾਣ ਲਈ ਮੂੰਹ ਕੀਤਾ ਹੀ ਸੀ ਬਜ਼ੁਰਗ ਡੱਡੂ ਨੇ ਨਿਉਲੇ ਦੇ ਕੰਨ ਵਿਚ ਕੁਝ ਆਖਿਆ। ਬਜ਼ੁਰਗ ਦੀ ਗੱਲ ਸੁਣ ਨਿਉਲੇ ਨੇ ਦੁਬਾਰਾ ਸੱਪ ਨੂੰ ਆਖਿਆ ਹੁਣ ਤੂੰ ਇੰਜ ਕਰ ਇਸ ਬਜ਼ੁਰਗ ਨੂੰ ਆਪਣੀ ਪਿੱਠ ਤੇ ਬਿਠਾ ਕੇ ਇਸ ਛੱਪੜ ਦੇ ਸੌ ਗੇੜੇ ਕੱਢ ਤਾਂ ਜੋ ਤੈਨੂੰ ਮੇਰਾ ਹੁਕਮ ਯਾਦ ਰਹੇ। ਸੱਪ ਬੋਲਿਆ ਨਹੀਂ ਜੀ ਇਸ ਤੋਂ ਬਿਨਾ ਹੀ ਮੈਂ ਯਾਦ ਰਖਾਂਗਾ। ਪਰ ਨਿਉਲਾ ਕਹਿਣ ਲੱਗਾ ਇਹ ਤਾਂ ਜ਼ਰੂਰੀ ਹੈ। ਸੱਪ ਬੋਲਿਆ ਕਿ ਗੇੜੇ ਮੈਂ ਰਾਤ ਨੂੰ ਕੱਢ ਦੇਵਾਂਗਾ ਹੁਣ ਤਾਂ ਹਾਲੇ ਚਿੱਟਾ ਦਿਨ ਹੈ। ਨਿਉਲੇ ਨੇ ਆਖਿਆ ਕਿ ਤੂੰ ਇਸ ਸਮੇਂ ਨੂੰ ਰਾਤ

ਸਮਝ ਤੇ ਹੁਣੇ ਮੇਰੇ ਸਾਹਮਣੇ ਗੇੜੇ ਕੱਢ। ਮਰਦਾ ਕੀ ਨਾ ਕਰਦਾ। ਸੱਪ ਨੇ ਬਜ਼ੁਰਗ ਨੂੰ ਪਿੱਠ ਤੇ ਬਿਠਾ ਲਿਆ ਤੇ ਗੇੜੇ ਕੱਢਣ ਲੱਗਾ। ਛੱਪੜ ਦੇ ਸਾਰੇ ਡੱਡੂ ਆਪਣੇ ਸਿਰ ਨੂੰ ਪਾਣੀ ਵਿਚੋਂ ਕੱਢ ਕੇ ਇਸ ਅਜੀਬ ਵਰਤਾਰੇ ਨੂੰ ਦੇਖਣ ਲੱਗੇ। ਨਿਉਲਾ ਵੀ ਉਸ ਸਮੇਂ ਉਥੇ ਹੀ ਸੀ ਤੇ ਉਸ ਨੇ ਇਕ ਡੱਡੂ ਨੂੰ ਗੇੜਿਆਂ ਦੀ ਗਿਣਤੀ ਕਰਨ ਦਾ ਹੁਕਮ ਦੇ ਦਿੱਤਾ। ਉਹ ਉਸੇ ਸਮੇਂ ਹਾਜ਼ਰ ਹੋ ਗਿਣਤੀ ਕਰਨ ਲੱਗਾ। ਗੇੜੇ ਚਲ ਰਹੇ ਸੀ ਗਿਣਤੀ ਵੀ ਹੋ ਰਹੀ ਸੀ ਸੱਪ ਵਿਚਾਰਾ ਅੰਦਰੇ ਅੰਦਰ ਔਖਾ ਮਹਿਸੂਸ ਕਰ ਰਿਹਾ ਸੀ ਪਰੰਤੂ ਡਰ ਅੱਗੇ ਤਾਂ ਭੂਤਨੇ ਵੀ ਨੱਚਦੇ ਹਨ ਉਹ ਤਾਂ ਕਿਸ ਬਾਗ ਦੀ ਮੂਲੀ ਸੀ। ਉਸ ਸਮੇਂ ਗਿਣਤੀ ਵੀਹਾਂ ਵਿਚ ਕੀਤੀ ਜਾਇਆ ਕਰਦੀ ਸੀ ਅਤੇ ਗਿਣਤੀ ਕਰਨ ਵਾਲੇ ਨੇ ਵੀਹ ਗੇੜੇ ਪੂਰੇ ਹੋਣ ਤੇ ਉਚੇਰੀ ਆਵਾਜ਼ ਵਿਚ ਦੱਸਿਆ ਕਿ ਇਕ ਵੀਹ ਹੋ ਚੁਕੇ ਹਨ। ਬਾਕੀ ਸਾਰੇ ਡੱਡੂ ਦੇਖ ਰਹੇ ਸਨ ਅਤੇ ਮਨੋ ਮਨੀ ਖੁਸ਼ ਹੋ ਰਹੇ ਸਨ ਕਿ ਹੁਣ ਤਾਂ ਅਸੀਂ ਇਸ ਛੱਪੜ ਵਿਚ ਬਿਨਾ ਕਿਸੇ ਡਰ ਦੇ ਰਿਹਾ ਕਰਾਂਗੇ।

ਚੱਕਰ ਲਾਉਂਦੇ ਹੋਏ ਜਦੋਂ ਪੰਜ ਵੀਹਾਂ ਹੋ ਗਏ ਤਾਂ ਸੱਪ ਰੁਕਣ ਲੱਗਾ ਅਤੇ ਨਿਉਲੇ ਨੂੰ ਬੇਨਤੀ ਕਰਨ ਲੱਗਾ ਕਿ ਹੁਣ ਤਾਂ ਮੈਨੂੰ ਛੁੱਟੀ ਦਿੱਤੀ ਜਾਵੇ ਮੈਂ ਤੁਹਾਡਾ ਹੁਕਮ ਵਜਾ ਦਿੱਤਾ ਹੈ। ਇਸ ਤੋਂ ਪਹਿਲਾ ਕਿ ਨਿਉਲਾ ਕੁਝ ਬੋਲਦਾ ਬਜ਼ੁਰਗ ਜੋ ਉਪਰ ਅਸਵਾਰ ਸੀ ਬੋਲਿਆ ਹਾਲੇ ਪੰਜ ਵੀਹਾਂ ਹੀ ਹੋਏ ਹਨ, ਸਤਾਂ ਵੀਹਾਂ ਦਾ ਸੌ ਬਣਦਾ ਹੈ। ਇਸ ਲਈ ਦੋ ਵੀਹਾਂ ਹੋਰ ਗੇੜੇ ਹੋਰ ਬਾਕੀ ਹਨ। ਸੱਪ ਵਿਚਾਰਾ ਫਸਿਆ ਹੋਇਆ ਸੀ ਉਸ ਨੇ ਸੋਚਿਆ ਕਿ ਫਾਥੀ ਨੂੰ ਫਟਕਣ ਕੀ। ਨਿਉਲੇ ਨੇ ਵੀ ਬਜ਼ੁਰਗ ਦੀ ਹਾਂ ਵਿਚ ਹਾਂ ਮਿਲਾਈ। ਕਿ ਇਥੇ ਤਾਂ ਡੱਡੂਆਂ ਦਾ ਨਿਯਮ ਹੀ ਚਲੇਗਾ। ਇਸ ਲਈ ਗੇੜੇ ਤਾਂ ਪੂਰੇ ਕਰਨੇ ਹੀ ਹਨ। ਸੱਪ ਫਿਰ ਗੇੜੇ ਕੱਢਣ ਲੱਗਾ। ਮਿਥੀ ਹੋਈ ਗਿਣਤੀ ਤਾਂ ਪੂਰੀ ਹੋਣੀ ਹੀ ਸੀ ਅਤੇ ਇਸ ਤਰ੍ਹਾਂ ਚਲਦੇ ਹੋਏ ਸੱਪ ਨੇ ਸੱਤ ਵੀਹਾਂ ਗੇੜੇ ਪੂਰੇ ਕੀਤੇ ਗਿਣਤੀ ਵਾਲੇ ਨੇ ਆਪਣੀ ਪੂਰੇ ਜ਼ੋਰ ਨਾਲ ਐਲਾਨ ਕੀਤਾ ਕਿ ਸੱਤ ਵੀਹਾਂ ਹੋ ਗਈਆਂ ਹਨ। ਸਾਰੇ ਡੱਡੂ ਖੁਸ਼ ਹੋ ਗਏ। ਉਨ੍ਹਾਂ ਨੇ ਸਭ ਨੇ ਨਿਉਲੇ ਦਾ ਧੰਨਵਾਦ ਕੀਤਾ ਅਤੇ ਬਜ਼ੁਰਗ ਦੇ ਪੈਰੀਂ ਹੱਥ ਲੈ ਕੇ ਉਸ ਨੂੰ ਵਿਦਾ ਕੀਤਾ ਅਤੇ ਨਿਉਲੇ ਨੂੰ ਪੂਰੇ ਮਾਣ-ਤਾਣ ਨਾਲ ਉਸ ਦੇ ਘਰ ਛੱਡ ਕੇ ਆਏ।

ਹਿੰਦੀ ਫ਼ਿਲਮ ਦਾ ਇੱਕ ਗੀਤ ਹੈ:

ਜੋ ਤੁਮਕੋ ਹੋ ਪਸੰਦ ਵਹੀ ਬਾਤ ਕਹੇਂਗੇ
ਤੁਮ ਦਿਨ ਕੋ ਅਗਰ ਰਾਤ ਕਹੋ ਰਾਤ ਕਹੇਂਗੇ।

ਫ਼ਿਲਮ ਵਿਚ ਤਾਂ ਪਿਆਰ ਵਿਚ ਆਖਿਆ ਹੈ ਪਰ ਇਸ ਕਹਾਣੀ ਵਿਚ ਸੱਪ ਨੂੰ ਡਰਦੇ ਹੋਏ ਦਿਨ ਨੂੰ ਰਾਤ ਮੰਨਣਾ ਪਿਆ। ਸ਼ਾਇਦ ਇਹ ਮੁਹਾਵਰਾ ਵੀ ਇਥੋਂ ਹੀ ਬਣਿਆ ਹੈ ਕਿ ਤਕੜੇ/ਡਾਢੇ ਦਾ ਸਤੀਂ ਵੀਹ ਸੌ।

ਖੋਜੀ ਬਿਰਤੀ ਰੱਖਣ ਵਾਲੇ ਇਸ ਨੂੰ ਹੋਰ ਖੋਜ ਕਰ ਸਕਦੇ ਹਨ ਅਤੇ ਮੇਰੇ ਵਿਚਾਰ ਅਨੁਸਾਰ ਇਹ ਕਹਾਣੀ ਉਨ੍ਹਾਂ ਦੀ ਖੋਜ ਦਾ ਮੁੱਢ ਬੰਨ ਸਕਦੀ ਹੈ।

# ਸਬਰ ਦਾ ਘੁੱਟ

ਭਜਨੋ ਤੇ ਮੇਲਾ ਇਕੋ ਪਿੰਡ ਦੇ ਵਾਸੀ ਹੀ ਨਹੀਂ ਸਨ ਸਗੋਂ ਬਚਪਨ ਤੋਂ ਲੈ ਕੇ ਭਰ ਜਵਾਨੀ ਤਕ ਇਕੱਠੇ ਹੀ ਪੜ੍ਹਦੇ ਰਹੇ ਸਨ। ਕਦੋਂ ਉਨ੍ਹਾਂ ਨੂੰ ਆਪਸ ਵਿਚ ਪਿਆਰ ਹੋ ਗਿਆ ਉਨ੍ਹਾਂ ਨੂੰ ਪਤਾ ਹੀ ਨਾ ਲਗਾ। ਪਰੰਤੂ ਉਹ ਇਸ ਪਿਆਰ ਬਾਰੇ ਆਪਣਿਆਂ ਘਰ ਦਿਆਂ ਨੂੰ ਨਾ ਦੱਸ ਸਕੇ ਅਤੇ ਉਨ੍ਹਾਂ ਦੇ ਵਿਆਹ ਘਰ ਦਿਆਂ ਨੇ ਆਪਣੀ ਮਰਜ਼ੀ ਨਾਲ ਕਰ ਦਿਤੇ ਸਨ। ਭਜਨੋ ਦਾ ਵਿਆਹ ਇਕ ਫੌਜੀ ਨਾਲ ਕੀਤਾ ਗਿਆ ਜੋ ਕੇ ਨੇੜਲੇ ਪਿੰਡ ਦਾ ਹੀ ਵਾਸੀ ਸੀ। ਭਜਨੋ ਸਧਾਰਨ ਪਰਿਵਾਰ ਦੀ ਲੜਕੀ ਸੀ ਅਤੇ ਫੌਜੀ ਦੇ ਪਰਿਵਾਰ ਦੀ ਕੇਵਲ ਪੰਜ ਕੁ ਕਿਲੇ ਪੈਲੀ ਸੀ। ਜਿਸ ਦੀ ਉਪਜ ਗੁਜ਼ਾਰੇ ਜੋਗੀ ਹੀ ਸੀ ਅਤੇ ਉਸ ਦਾ ਘਰ ਵਾਲਾ ਫੌਜ ਵਿਚ ਭਰਤੀ ਹੋਇਆ ਹੀ ਸੀ ਕਿ ਉਸ ਨਾਲ ਭਜਨੋ ਦੀ ਮੰਗਣੀ ਤਹਿ ਕਰ ਦਿਤੀ ਗਈ ਅਤੇ ਜਦੋਂ ਉਹ ਛੁਟੀ ਆਇਆ ਤਾਂ ਉਸ ਦਾ ਵਿਆਹ ਭਜਨੋ ਨਾਲ ਹੋ ਗਿਆ ਸੀ। ਮੇਲਾ ਵੀ ਉਸ ਵਿਆਹ ਵਿਚ ਸ਼ਾਮਿਲ ਸੀ ਪ੍ਰੰਤੂ ਉਦਾਸ ਮਨ ਨਾਲ ਵਿਆਹ ਦੀਆਂ ਰਸਮਾਂ ਵਿਚ ਵਿਚਰ ਰਿਹਾ ਸੀ। ਦੋਵਾਂ ਨੇ ਸਬਰ ਦਾ ਘੁੱਟ ਤਾਂ ਭਰ ਲਿਆ ਸੀ। ਪਰ ਇੱਕ ਦੂਜੇ ਨੂੰ ਦਿਲੋਂ ਭੁਲਾ ਨਹੀਂ ਸਕੇ ਸੀ।

ਜਦੋਂ ਫੌਜੀ ਆਪਣੀ ਛੁਟੀ ਕਟ ਕੇ ਵਾਪਿਸ ਚਲਾ ਗਿਆ ਤਾਂ ਕੁਝ ਦਿਨ ਪਾ ਕੇ ਭਜਨੋ ਪੇਕੇ ਘਰ ਆਈ ਸੀ। ਉਸ ਨੂੰ ਖਬਰ ਸੀ ਕਿ ਮੇਲਾ ਅੱਜ ਘਰੇ ਹੀ ਹੋਵੇਗਾ। ਉਸ ਦੇ ਪਰਿਵਾਰ ਵਾਲੇ ਆਪਣੀ ਰਿਸ਼ਤੇਦਾਰੀ ਵਿਚ ਗਏ ਹੋਏ ਸਨ ਅਤੇ ਮੇਲਾ ਡੰਗਰ ਵੱਛਾ ਸਾਂਭਣ ਲਈ ਘਰੇ ਹੀ ਰਹਿ ਪਿਆ ਸੀ। ਉਸ ਦੇ ਮਨ ਅੰਦਰ ਵੀ ਭਜਨੋ ਨੂੰ ਮਿਲਣ ਦੀ ਤਾਂਘ ਸੀ ਇਸ ਲਈ ਉਸ ਨੇ ਇਹ ਯੋਜਨਾ ਉਲੀਕੀ ਹੋਈ ਸੀ। ਮੇਲੇ ਦੇ ਘਰੇ ਵੜਦੀ ਭਜਨੋ ਨੇ ਜਦੋਂ ਆਸੇ ਪਾਸੇ ਡਿਠਾ ਤਾਂ ਉਸ ਨੂੰ ਘਰ ਵਿਚ ਸਾਹਮਣੇ ਮੰਜੀ ਤੇ ਬਰੋਟੇ ਹੇਠਾਂ ਬੈਠਾ ਮੇਲਾ ਨਜ਼ਰੀਂ ਪਿਆ। ਉਹ ਭੱਜ ਕੇ ਮੇਲੇ ਦੇ ਗਲ ਲਗ ਗਈ ਅਤੇ ਡੁਸਕਣ ਲਗ ਪਈ। ਡੁਸਕਦੀ ਹੋਈ ਬੋਲੀ, "ਵੇ ਮੇਲਿਆ! ਤੂੰ ਤਾਂ ਮਰਦ ਸੈਂ ਮੈਂ ਤਾਂ ਹੋਈ ਭਲਾ ਤੀਵੀਂ ਮਾਨੀ, ਮੈਂ ਤਾਂ ਚੁੱਪ ਹੀ ਵਟਣੀ ਸੀ ਤੂੰ ਤਾਂ ਆਪਣੇ ਘਰ ਦਿਆਂ ਨਾਲ ਆਪਣੇ ਵਿਆਹ ਸਬੰਧੀ ਗੱਲ ਕਰ ਸਕਦਾ ਸੀ। ਤੈਨੂੰ ਤਾਂ ਪਤਾ ਸੀ ਮੈਂ ਤੈਨੂੰ ਕਿਨ੍ਹਾਂ ਪਿਆਰ ਕਰਦੀ ਹਾਂ। ਹੁਣ ਆਪਾਂ ਦੋਵੇਂ ਜਣੇ ਹੀ ਡੁਸਕਦੇ ਮਰ ਜਾਵਾਂਗੇ ਅਡੋ ਅਡ।"

ਮੇਲਾ ਕੁਝ ਨਾ ਬੋਲਿਆ। ਉਹ ਤਾਂ ਸ਼ੁਰੂ ਤੋਂ ਹੀ ਚੁੱਪ ਰਹਿਣ ਵਾਲਾ ਸੀ। ਉਹ ਭਜਨੋ ਨੂੰ ਪਿਆਰ ਤਾਂ ਕਰਦਾ ਸੀ ਪ੍ਰੰਤੂ ਕਦੇ ਵੀ ਆਪਣੇ ਮਨ ਦੇ ਵਲਵਲਿਆਂ ਦਾ ਇਜ਼ਹਾਰ ਨਹੀਂ ਕਰਦਾ ਸੀ। ਇਹ ਤਾਂ ਭਜਨੋ ਹੀ ਸੀ ਜਿਹੜੀ ਆਨੇ ਬਹਾਨੇ

ਉਸ ਨੂੰ ਮਿਲਦੀ ਰਹਿੰਦੀ ਸੀ ਅਤੇ ਮਿੱਠੀਆਂ-ਮਿੱਠੀਆਂ ਗੱਲਾਂ ਕਰਦੀ ਰਹਿੰਦੀ ਸੀ ਅਤੇ ਉਸ ਦੇ ਮਨ ਵਿਚ ਮੇਲੇ ਲਈ ਡਾਹਡਾ ਪਿਆਰ ਸੀ। ਉਸ ਨੂੰ ਫੌਜੀ ਤਾਂ ਉਕਾ ਹੀ ਪਸੰਦ ਨਹੀਂ ਸੀ ਅਤੇ ਮਾਪਿਆਂ ਦੀ ਮਰਜ਼ੀ ਖਿਲਾਫ ਜਾਣ ਦੀ ਉਸ ਦੀ ਹਿੰਮਤ ਨਾ ਪਈ।

ਫੌਜੀ ਭਜਨੋ ਨੂੰ ਪਿਆਰ ਕਰਨ ਲਗ ਗਿਆ ਸੀ। ਉਸ ਨੂੰ ਵੱਖ-ਵੱਖ ਥਾਵਾਂ ਤੇ ਲੈ ਕੇ ਜਾਂਦਾ ਸੀ ਮਸਤੀ ਕਰਵਾਉਂਦਾ ਅਤੇ ਉਸ ਦੀ ਹਰ ਮੰਗ ਪੂਰੀ ਕਰਨ ਦਾ ਯਤਨ ਕਰਦਾ। ਪਰ ਭਜਨੋ ਦਿਲੋਂ ਉਸ ਨੂੰ ਕਬੂਲ ਨਾ ਕਰ ਸਕੀ। ਭਜਨੋ ਦੀ ਹਾਲਤ ਫੌਜੀ ਕੀ ਜਾਣੇ। ਉਹ ਆਪਣੀ ਛੁੱਟੀ ਪੂਰੀ ਕਰ ਵਾਪਿਸ ਚਲਾ ਗਿਆ। ਭਜਨੋ ਉਸ ਨੂੰ ਸ਼ਰਾਬ ਪੀਂਦੇ ਦੇਖਦੀ ਸੀ ਅਤੇ ਸ਼ਰਾਬ ਵਿਚ ਮਸਤ ਭਜਨੋ ਨਾਲ ਵੱਖਰੀ ਕਿਸਮ ਦਾ ਵਿਵਹਾਰ ਕਰਦਾ ਸੀ। ਭਜਨੋ ਸੋਚਣ ਲੱਗੀ ਕਿ ਉਹ ਵੀ ਸ਼ਰਾਬ ਦਾ ਘੁੱਟ ਲੈ ਕੇ ਵੇਖੇ। ਅਫ਼ੀਮ ਤਾਂ ਉਹ ਕਾਫੀ ਦੇਰ ਪਹਿਲਾਂ ਤੋਂ ਹੀ ਖਾਣ ਲਗ ਪਈ ਸੀ। ਉਸ ਨੇ ਬਾਕੀ ਬਚੀ ਸ਼ਰਾਬ ਵਿਚੋਂ ਇਕ ਪੈਗ ਬਣਾ ਕੇ ਪੀਤਾ। ਉਸ ਨੂੰ ਪਹਿਲਾਂ ਤਾਂ ਥੋੜ੍ਹੀ ਕੜਵੀ ਲੱਗੀ। ਫਿਰ ਉਸ ਨੂੰ ਮਜ਼ਾ ਆਉਣ ਲੱਗਾ ਅਤੇ ਉਸ ਨੇ ਇਕ ਹੋਰ ਪੈਗ ਚੜਾ ਲਿਆ ਅਤੇ ਨਸ਼ੇ ਦੀ ਲੋਰ ਵਿਚ ਉਸ ਨੂੰ ਪਤਾ ਹੀ ਨਾ ਲਗਾ ਕਦੋਂ ਉਹ ਸੌਂ ਗਈ। ਸਵੇਰੇ ਉੱਠ ਉਸ ਨੂੰ ਮੇਲੇ ਦੀ ਯਾਦ ਆਈ ਤਾਂ ਉਹ ਮੇਲੇ ਦਾ ਪਿੰਡ ਪਰਤਣ ਦਾ ਇੰਤਜ਼ਾਰ ਕਰਨ ਲਗੀ। ਜਦੋਂ ਮੇਲਾ ਛੁੱਟੀ ਵਾਲੇ ਦਿਨ ਆਪਣੇ ਘਰ ਆਇਆ ਤਾਂ ਉਹ ਵੀ ਪੇਕੇ ਪੁੱਜ ਮੇਲੇ ਦੇ ਘਰ ਚਲੀ ਗਈ। ਉਸ ਨੇ ਮੌਕਾ ਪਾ ਮੇਲੇ ਨੂੰ ਆਪਣੇ ਸ਼ਰਾਬ ਪੀਣ ਵਾਲੀ ਗੱਲ ਦਸੀ ਅਤੇ ਕਿਹਾ ਮੈਨੂੰ ਤਾਂ ਘੁੱਟ ਲੈ ਕੇ ਦੁਨੀਆ ਵੱਖਰੀ ਹੀ ਲਗਦੀ ਪਈ ਸੀ ਵੇ ਭੈੜਿਆ ਕਦੇ ਘੁੱਟ ਤਾਂ ਲੈ ਕੇ ਵੇਖ। ਕਿਵੇਂ ਦੁਨੀਆ ਹੁਸੀਨ ਲਗਦੀ ਹੈ ਅਤੇ ਗਮ ਕੋਹਾਂ ਦੂਰ ਭੱਜ ਜਾਂਦੇ ਹਨ। ਭਾਵੇ ਭਜਨੋ ਨੂੰ ਪਤਾ ਸੀ ਕਿ ਮੇਲਾ ਦਾਰੂ ਨਹੀਂ ਪੀਂਦਾ ਅਤੇ ਨਾ ਹੀ ਹੱਥ ਲਾਉਂਦਾ ਹੈ। ਮੇਲੇ ਨੂੰ ਭਜਨੋ ਦੀ ਸ਼ਰਾਬ ਪੀਣ ਵਾਲੀ ਬਿਲਕੁਲ ਵੀ ਚੰਗੀ ਲਗੀ ਅਤੇ ਉਸ ਨੇ ਭਜਨੋ ਨੂੰ ਵੀ ਅਜਿਹਾ ਕਰਨੋਂ ਵਰਜਿਆ ਪਰ ਭਜਨੋ ਨਾ ਮੰਨੀ ਅਤੇ ਹੋਰ ਵੀ ਨਸ਼ਿਆਂ ਵਲ ਉਲਾਰ ਹੁੰਦੀ ਚਲੀ ਗਈ।

ਭਾਵੇਂ ਭਜਨੋ ਦਾ ਨਾ ਗੁਰਭਜਨ ਕੌਰ ਸੀ ਪਰ ਉਸ ਨੂੰ ਸਾਰੇ ਭਜਨੋ ਕਰ ਕੇ ਹੀ ਜਾਣਦੇ ਸਨ। ਗਲੀ ਦੇ ਇਕ ਸਿਰੇ ਤੇ ਭਜਨੋ ਦਾ ਘਰ ਸੀ ਅਤੇ ਦੂਸਰੇ ਸਿਰੇ ਤੇ ਮੇਲੇ ਦਾ ਘਰ ਸੀ। ਮੇਲੇ ਦਾ ਨਾ ਗੁਰਮੇਲ ਸਿੰਘ ਸੀ ਉਸ ਨੂੰ ਸਾਰੀ ਜਮਾਤ ਵਾਲੇ ਮੇਲਾ ਆਖ ਕੇ ਬੁਲਾਇਆ ਕਰਦੇ ਸੀ। ਦੋਵੇਂ ਦੇ ਪਰਿਵਾਰ ਸਧਾਰਨ ਹੀ ਸਨ। ਦੋਵੇਂ ਹਮ ਉਮਰ ਸਨ ਅਤੇ ਇਕੋ ਹੀ ਜਮਾਤ ਵਿਚ ਪੜ੍ਹਦੇ ਸਨ। ਜਦੋਂ ਭਜਨੋ ਸਕੂਲ ਜਾਂਦੀ ਰਾਹ ਵਿਚ ਪੈਂਦੇ ਮੇਲੇ ਦੇ ਘਰੋਂ ਉਸ ਨੂੰ ਆਵਾਜ਼ ਮਾਰ ਕੇ ਆਪਣੇ ਨਾਲ ਹੀ ਸਕੂਲ ਲੈ ਜਾਂਦੀ ਸੀ। ਦੋਵੇਂ ਜਮਾਤ ਵਿਚ ਇਕੱਠੇ ਹੀ ਬੈਠਦੇ ਸਨ। ਪੜ੍ਹਾਈ ਵਿਚ ਵੀ ਪੂਰਾ ਧਿਆਨ ਦਿੰਦੇ ਸਨ ਇਸ ਤਰ੍ਹਾਂ ਉਹ ਜਮਾਤ ਪਾਸ ਕਰਦੇ ਗਏ ਕਦੇ ਜਮਾਤ ਵਿਚ ਭਜਨੋ ਪਹਿਲੇ ਨੰਬਰ ਤੇ ਆਉਂਦੀ ਅਤੇ ਕਦੇ ਮੇਲਾ। ਇਸ ਤਰ੍ਹਾਂ

ਉਹ ਹੋਲੀ ਹੋਲੀ ਅਗਲੇਰੀਆਂ ਜਮਾਤਾਂ ਵਿਚ ਹੋ ਗਏ। ਵਡੀਆਂ ਜਮਾਤ ਵਿਚ ਓਹਨਾ ਨੂੰ ਵੱਖ ਵੱਖ ਬਿਠਾਇਆ ਜਾਣ ਲਗਾ ਜੋ ਓਹਨਾ ਨੂੰ ਬਿਲਕੁਲ ਹੀ ਚੰਗਾ ਨਾ ਲਗਾ। ਪਰ ਉਹ ਦੋਵੇਂ ਅਗੜ ਪਿੱਛੜ ਹੀ ਸਕੂਲ ਆਇਆ ਕਰਦੇ ਸਨ। ਕਦੇ ਸਕੂਲ ਦੇ ਕੰਮ ਲਈ ਅਤੇ ਕਦੇ ਕੋਈ ਸਵਾਲ ਪੁੱਛਣ ਦੇ ਬਹਾਨੇ ਉਹ ਆਪਿਸ ਵਿਚ ਗੱਲ ਕਰ ਲਿਆ ਕਰਦੇ ਸੀ ਅਤੇ ਕੋਈ ਨਾ ਕੋਈ ਬਹਾਨਾ ਬਣਾ ਇਕ ਦੂਜੇ ਦੇ ਘਰੇ ਵੀ ਚਲੇ ਜਾਂਦੇ ਸੀ। ਉਨ੍ਹਾਂ ਦੇ ਘਰਦਿਆਂ ਨੂੰ ਇਸ ਦਾ ਕੋਈ ਇਤਰਾਜ਼ ਨਹੀਂ ਸੀ। ਪ੍ਰੰਤੂ ਜਮਾਤ ਦੇ ਮੁੰਡੇ ਕੁੜੀਆਂ ਉਨ੍ਹਾਂ ਨੂੰ ਇਕੱਠਾ ਦੇਖ ਮੁਸਕਣੀਆਂ ਹਸਦੇ ਰਹਿੰਦੇ ਸੀ ਅਤੇ ਉਨ੍ਹਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਸੀ।

ਭਜਨੋ ਅਤੇ ਮੇਲੇ ਨੂੰ ਇਕੋ ਕਾਲਜ ਵਿਚ ਹੀ ਦਾਖਲਾ ਮਿਲ ਗਿਆ ਸੀ। ਭਾਵੇਂ ਉਹ ਕਾਲਜ ਜਾਣ ਲਈ ਇਕੋ ਹੀ ਬਸ ਤੇ ਜਾਇਆ ਕਰਦੇ ਸੀ ਪ੍ਰੰਤੂ ਉਹ ਲੋਕਾਂ ਦੇ ਡਰੋਂ ਅਗਲੀ ਪਿਛਲੀ ਬਾਰੀ ਰਾਹੀਂ ਹੀ ਬਸ ਤੇ ਚੜ੍ਹਿਆ ਕਰਦੇ ਸੀ। ਜੇ ਕਰ ਭਜਨੋ ਅਗਲੀ ਬਾਰੀ ਵਿਚੋਂ ਚੜ੍ਹਦੀ ਸੀ ਤਾਂ ਮੇਲਾ ਪਿਛਲੀ ਬਾਰੀ ਥਾਣੀਂ ਬਸ ਤੇ ਸਵਾਰ ਹੋਇਆ ਕਰਦਾ ਸੀ। ਉਹ ਕਦੇ ਵੀ ਬਸ ਦੇ ਅੰਦਰ ਇਕ ਸੀਟ ਤੇ ਨਹੀਂ ਬੈਠਦੇ ਸੀ ਅਤੇ ਨਾ ਹੀ ਬਸ ਵਿਚ ਕੋਈ ਗੱਲ ਬਾਤ ਹੀ ਕਰਦੇ ਸੀ ਉਹ ਇਸ ਤਰ੍ਹਾਂ ਵਿਚਰਦੇ ਸੀ ਜਿਵੇਂ ਇੱਕ ਦੂਜੇ ਤੋਂ ਅਣਜਾਣ ਹੋਣ। ਰਸਤਾ ਵੀ ਇਕੱਲਿਆਂ ਇਕੱਲਿਆਂ ਹੀ ਤਹਿ ਕਰਦੇ ਸੀ ਪ੍ਰੰਤੂ ਕਾਲਿਜ ਪੁੱਜ ਗੱਲਾਂ ਕਰ ਲਿਆ ਕਰਦੇ ਸੀ ਅਤੇ ਕਾਲਜ ਦੀ ਕੰਟੀਨ ਵਿਚ ਵੀ ਕਾਫੀ ਸਮਾਂ ਇਕੱਠਿਆਂ ਹੀ ਬਤੀਤ ਕਰਦੇ ਸੀ। ਇਸ ਤਰ੍ਹਾਂ ਸਮਾਂ ਆਪਣੀ ਚਾਲ ਚਲਦਾ ਰਿਹਾ ਅਤੇ ਕਲੋਲਾਂ ਕਰਦਿਆਂ ਨੂੰ ਪਤਾ ਹੀ ਨਾ ਲਗਾ ਕਦੋਂ ਕਾਲਿਜ ਦੀ ਪੜ੍ਹਾਈ ਮੁਕ ਗਈ।

ਭਜਨੋ ਦਾ ਦਾਦਾ ਅਫ਼ੀਮ ਖਾਣ ਦਾ ਆਦੀ ਸੀ। ਸਰਕਾਰ ਵਲੋਂ ਉਸ ਨੂੰ ਅਫ਼ੀਮ ਦਾ ਕੋਟਾ ਮਿਲ ਜਾਇਆ ਕਰਦਾ ਸੀ। ਭਜਨੋ ਵੀ ਬਚਪਨ ਵਿਚ ਆਪਣੇ ਦਾਦੇ ਤੋਂ ਜ਼ਿਦ ਕਰ ਕੇ ਅਫ਼ੀਮ ਲੈ ਕੇ ਉਸ ਦਾ ਸਵਾਦ ਵੇਖ ਲੈਂਦੀ ਸੀ। ਹੌਲੀ ਹੌਲੀ ਜਦੋਂ ਉਸ ਨੂੰ ਨਸ਼ਾ ਹੋਣ ਲਗਾ ਤਾਂ ਉਹ ਦਾਦੇ ਤੋਂ ਚੋਰੀ ਚੋਰੀ ਅਫ਼ੀਮ ਖਾਣ ਲਗ ਪਈ ਸੀ। ਇਹ ਗੱਲ ਉਸ ਨੇ ਮੇਲੇ ਨਾਲ ਵੀ ਸਾਂਝੀ ਕੀਤੀ ਸੀ ਅਤੇ ਮੇਲੇ ਨੇ ਉਸ ਨੂੰ ਅਜਿਹਾ ਨਾ ਕਰਨ ਲਈ ਵੀ ਸਮਝਾਇਆ ਸੀ। ਪਰ ਉਹ ਨਹੀਂ ਮੰਨੀ ਸੀ। ਸਗੋਂ ਉਹ ਤਾਂ ਮੇਲੇ ਨੂੰ ਆਖਦੀ ਸੀ ਕਿ ਤੂੰ ਵੀ ਖਾ ਵੇਖ ਬਹੁਤ ਹੀ ਨਜ਼ਾਰਾ ਆਉਂਦਾ ਹੈ ਦੁਨੀਆ ਰੰਗ ਬਰੰਗੀ ਜਾਪਦੀ ਹੈ। ਵੇ ਚੰਦਰਿਆ ਤੂੰ ਇਕ ਵਾਰ ਤਾਂ ਸਵਾਦ ਵੇਖ! ਪਰੰਤੂ ਉਸ ਨੇ ਭਜਨੋ ਨੂੰ ਕੋਰਾ ਜਵਾਬ ਦੇ ਦਿੱਤਾ ਸੀ। ਭਜਨੋ ਅਫ਼ੀਮ ਨਾ ਛੱਡ ਸਕੀ ਸਗੋਂ ਚੋਰੀ ਛਿਪੇ ਹੋਰ ਨਸ਼ੇ ਵੀ ਕਰਨ ਲਗ ਪਈ ਸੀ।

ਮੇਲਾ ਕਾਲਿਜ ਦੀ ਪੜ੍ਹਾਈ ਖਤਮ ਕਰ ਨੇੜਲੇ ਸ਼ਹਿਰ ਵਿਚ ਨੌਕਰੀ ਕਰਨ ਲੱਗ ਪਿਆ ਸੀ। ਕਦੇ ਕਦੇ ਪਿੰਡ ਆ ਜਾਇਆ ਕਰਦਾ ਸੀ। ਭਜਨੋ ਉਸ ਦੇ ਆਉਣ ਅਤੇ ਜਾਣ ਦਾ ਪ੍ਰੋਗਰਾਮ ਪਤਾ ਹੁੰਦਾ ਸੀ। ਉਹ ਆਪਿਸ ਵਿਚ ਅਕਸਰ ਹੀ ਮਿਲਿਆ ਕਰਦੇ ਸਨ। ਫੌਜੀ ਨੌਕਰੀ ਤੇ ਹੁੰਦਾ ਸੀ ਅਤੇ ਉਹ ਅਕਸਰ ਪੇਕੇ ਹੀ

ਰਹਿ ਪਿਆ ਕਰਦੀ ਸੀ। ਮੇਲੇ ਨੂੰ ਵੀ ਮਿਲਦੀ ਹੀ ਰਹਿੰਦੀ ਸੀ। ਇਸ ਤਰ੍ਹਾਂ ਸਮਾਂ ਆਪਣੀ ਚਾਲੇ ਚਲਦਾ ਜਾ ਰਿਹਾ ਸੀ।

ਇਕ ਵਾਰ ਜਦੋਂ ਮੇਲਾ ਘਰੇ ਆਇਆ ਹੋਇਆ ਸੀ ਤਾਂ ਭਜਨੋ ਉਸ ਨੂੰ ਮਿਲਣ ਲਈ ਆਈ ਤਾਂ ਵੇਹੜੇ ਵਿਚ ਹੀ ਡਿਗ ਪਈ। ਜਦੋਂ ਮੇਲੇ ਨੇ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਭਜਨੋ ਦੇ ਮੂੰਹ ਵਿਚੋਂ ਝੱਗ ਨਿਕਲ ਰਹੀ ਸੀ। ਮੇਲੇ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਉਸ ਨੇ ਕੋਈ ਨਸ਼ਾ ਕੀਤਾ ਹੋਇਆ ਹੈ ਅਤੇ ਭਜਨੋ ਨਸ਼ੇ ਵਿਚ ਬੁੜਬੁੜਾਈ ਕਿ ਮੇਰਾ ਘਰ ਤਾਂ ਨਸ਼ੇ ਨੇ ਹੀ ਪਟ ਦਿਤਾ। ਚੰਗਾ ਹੋਇਆ ਤੂੰ ਮੇਰੇ ਆਖੇ ਲਗ ਅਫੀਮ ਨਹੀਂ ਖਾਧੀ ਅਤੇ ਨਾ ਹੀ ਸ਼ਰਾਬ ਨੂੰ ਛੂਹਿਆ। ਮੈਂ ਤਾਂ ਅਫੀਮ, ਸ਼ਰਾਬ ਤੋਂ ਅੱਗੇ ਹੋਰ ਵੀ ਨਸ਼ੇ ਕਰਨ ਲੱਗ ਪਈ ਸੀ। ਇਹ ਆਖ ਉਹ ਮੇਲੇ ਦੇ ਹੱਥਾਂ ਵਿਚ ਹੀ ਮਿਟੀ ਹੋ ਗਈ ਸੀ। ਇਸ ਤੋਂ ਪਹਿਲਾਂ ਕਿ ਮੇਲਾ ਸੰਭਲ ਪਾਉਂਦਾ ਭਜਨੋ ਵਾਲਾ ਭੌਰ ਤਾਂ ਉਡਾਰੀ ਮਾਰ ਚੁਕਾ ਸੀ। ਮੇਲਾ ਹੱਕਾ ਬੱਕਾ ਹੋਇਆ ਉਸ ਵੇਲੇ ਨੂੰ ਯਾਦ ਕਰ ਰਿਹਾ ਸੀ ਕਿ ਮੈਂ ਭਜਨੋ ਨੂੰ ਨਸ਼ਾ ਕਰਨ ਤੋਂ ਕਿਓਂ ਨਾ ਵਰਜ ਸਕਿਆ। ਮੈਂ ਇਸ ਸਾਰੇ ਦਾ ਕਸੂਰਵਾਰ ਹਾਂ ਅਤੇ ਉਹ ਉਦਾਸ ਹੋ ਗਿਆ ਸੀ।

# ਸਮੇਂ ਦੀ ਮਲ੍ਹਮ

ਮਹਿੰਦਰ ਦੇ ਖੇਤ ਵਿਚ ਬਹੁਤ ਪੁਰਾਣੀ ਟਾਹਲੀ ਸੀ। ਸ਼ਾਇਦ ਇਹ ਟਾਹਲੀ ਉਸ ਦੇ ਬਾਬੇ ਅਮਰ ਸਿੰਘ ਨੇ ਆਪਣੇ ਪੁੱਤ ਸੋਹਣ ਦੇ ਜਨਮ ਸਮੇਂ ਲਾਈ ਸੀ ਅਤੇ ਹੁਣ ਉਸ ਦਾ ਪੁੱਤ ਵਿਆਹਿਆ ਹੋਇਆ ਸੀ ਅਤੇ ਬਾਲ ਬੱਚੇਦਾਰ ਸੀ। ਟਾਹਲੀ ਨੇ ਵੀ ਸੋਹਣਾ ਕੱਦ ਕੱਢ ਲਿਆ ਸੀ ਅਤੇ ਮੋਟੇ ਮੋਟੇ ਟਾਹਣ ਸਨ। ਹਵਾ ਸਮੇਂ ਪੱਤੇ ਇਸ ਤਰ੍ਹਾਂ ਹਿਲਦੇ ਮਹਿਸੂਸ ਹੁੰਦੇ ਸਨ ਜਿਵੇਂ ਇੱਕ ਸੱਜ ਵਿਆਹੀ ਦੇ ਕੰਨਾਂ ਵਿਚ ਕਾਂਟੇ ਪਾਏ ਹਿਲੋਰੇ ਖਾ ਰਹੇ ਹੋਣ। ਭਾਵੇਂ ਅਮਰ ਸਿੰਘ ਹੁਣ ਕਾਫੀ ਬੁੱਢਾ ਹੋ ਚੁਕਾ ਸੀ ਪਰੰਤੂ ਹਾਲੇ ਵੀ ਉਹ ਖੇਤ ਵਿਚ ਗੇੜਾ ਮਾਰਦਾ ਹੀ ਰਹਿੰਦਾ ਸੀ ਅਤੇ ਆਪਣੇ ਪੁੱਤ ਸੋਹਣ ਸਿੰਘ ਨੂੰ ਦੁਨੀਆਦਾਰੀ ਬਾਰੇ ਸਮਝਾਉਂਦਾ ਰਹਿੰਦਾ ਸੀ। ਉਹ ਦਸਦਾ ਸੀ ਕਿ ਕੋਸ਼ਿਸ਼ ਕਰੋ ਕਿ ਰਿਸ਼ਤੇ ਬਣਾਏ ਜਾਣ। ਰਿਸ਼ਤੇ ਤੋੜਨ ਵਿਚ ਕੋਈ ਸਮਾਂ ਨਹੀਂ ਲਗਦਾ ਪਰੰਤੂ ਰਿਸ਼ਤੇ ਨੂੰ ਬਣਾ ਕੇ ਰੱਖਣਾ ਜ਼ਰੂਰੀ ਹੈ ਜੇ ਕਰ ਇੱਕ ਅੱਧੀ ਵਾਰ ਕੋਈ ਰਿਸ਼ਤੇਦਾਰ ਜ਼ਿਆਦਤੀ ਵੀ ਕਰ ਜਾਵੇ ਉਸ ਨੂੰ ਜਰ ਲਵੋ ਅਤੇ ਸਮਾਂ ਆਉਣ ਉਪਰ ਵਿਸ਼ਵਾਸ ਕਰਵਾ ਦੇਵੋ ਕਿ ਉਸ ਨੇ ਤੁਹਾਡੇ ਨਾਲ ਜ਼ਿਆਦਤੀ ਕੀਤੀ ਸੀ ਅਤੇ ਜੇ ਕਰ ਜ਼ਿਆਦਤੀ ਦਾ ਇਹਸਾਸ ਨਾ ਵੀ ਕਰਵਾਇਆ ਜਾਵੇ ਤਾਂ ਜ਼ਿਆਦਤੀ ਕਰਨ ਵਾਲੇ ਨੂੰ ਆਪਣੀ ਗਲਤੀ ਦਾ ਤਾਂ ਪਤਾ ਹੀ ਹੁੰਦਾ ਹੈ ਸਮੇਂ ਦੇ ਨਾਲ ਉਹ ਆਪ ਹੀ ਆਪਣੀ ਗਲਤੀ ਮਹਿਸੂਸ ਕਰਦਾ ਹੈ ਅਤੇ ਅੱਗੇ ਤੋਂ ਆਪਣਾ ਵਿਹਾਰ ਠੀਕ ਕਰ ਲੈਂਦਾ ਹੈ। ਪਰੰਤੂ ਇਹ ਹਮੇਸ਼ਾ ਯਾਦ ਰੱਖੋ ਕਿ ਇੱਕੋ ਪੱਥਰ ਨਾਲ ਵਾਰ ਵਾਰ ਠੋਕਰ ਖਾਣਾ ਮੂਰਖਤਾ ਹੁੰਦੀ ਹੈ। ਜਦੋਂ ਅਮਰ ਸਿੰਘ ਆਪਣੇ ਪੁੱਤਰ ਨੂੰ ਸਮਝਾਉਂਦਾ ਸੀ ਤਾਂ ਉਸ ਦਾ ਪੋਤਰਾ ਮਹਿੰਦਰ ਸਿੰਘ ਸਾਰੀ ਗਲਬਾਤ ਨੂੰ ਧਿਆਨ ਨਾਲ ਸੁਣਦਾ ਰਹਿੰਦਾ ਸੀ ਭਾਵੇਂ ਕੁਝ ਗੱਲਾਂ ਉਸ ਦੇ ਸਿਰ ਦੇ ਉਪਰ ਦੀ ਲੰਘ ਜਾਂਦੀਆਂ ਸਨ ਪਰੰਤੂ ਉਹ ਵੀ ਗੱਲਾਂ ਨੂੰ ਪੱਲੇ ਬੰਨ੍ਹਣ ਦਾ ਯਤਨ ਕਰਦਾ ਰਹਿੰਦਾ ਸੀ।

ਸਮੇਂ ਦੀ ਚਾਲ ਨਾਲ ਅਮਰ ਸਿੰਘ ਘਰ ਹੀ ਰਹਿਣ ਲੱਗ ਪਿਆ ਸੀ ਉਹ ਹੁਣ ਖੇਤ ਵਿਚ ਨਹੀਂ ਜਾ ਸਕਦਾ ਸੀ ਉਸ ਤੋਂ ਹੁਣ ਜ਼ਿਆਦਾ ਤੁਰਿਆ ਫਿਰਿਆ ਨਹੀਂ ਜਾਂਦਾ ਸੀ। ਘਰ ਵਿਚ ਹੀ ਉਸ ਦੀ ਦੇਖ ਭਾਲ ਕੀਤੀ ਜਾ ਰਹੀ ਸੀ। ਘਰ ਵਿਚ ਹੀ ਵਾਹਿਗੁਰੂ ਦਾ ਨਾਮ ਜਪਦਾ ਰਹਿੰਦਾ ਸੀ ਕੁੱਝ ਪਾਠ ਉਸ ਦੇ ਮੂੰਹ ਜ਼ਬਾਨੀ ਯਾਦ ਸੀ ਉਹ ਨਿਤਨੇਮ ਨਾਲ ਕਰ ਲਿਆ ਕਰਦਾ ਸੀ। ਗੁਰਦਵਾਰਾ ਘਰ ਤੋਂ ਥੋੜੀ ਦੂਰ ਹੋਣ ਕਾਰਨ ਬੁਢਾਪੇ ਕਾਰਨ ਉਹ ਗੁਰਦਵਾਰੇ ਵੀ ਆਪ ਨਹੀਂ ਜਾ ਸਕਦਾ ਸੀ। ਸੰਗਰਾਂਦ ਵਾਲੇ ਦਿਨ ਉਸ ਦਾ ਪੋਤਰਾ ਮਹਿੰਦਰ ਨਾਲ ਲੈ ਜਾਂਦਾ ਸੀ। ਡੰਗੋਰੀ

ਉਸ ਦੀ ਫੜ ਕੇ ਅੱਗੇ ਟੁਰ ਪੈਂਦਾ ਸੀ ਅਤੇ ਬਾਬਾ ਉਸ ਨੂੰ ਸੌ-ਸੌ ਅਸੀਸਾਂ ਦਿੰਦਾ ਸੀ। ਉਸ ਦੀ ਉਚੇਰੀ ਪੜਾਈ ਦੀ ਕਾਮਨਾ ਕਰਦਾ ਰਹਿੰਦਾ ਸੀ ਅਤੇ ਉਸ ਨੂੰ ਪੜ੍ਹਾਈ ਦੇ ਫਾਇਦੇ ਸਮਝਾਉਂਦਾ ਰਹਿੰਦਾ ਸੀ। ਉਸ ਦੀ ਤਮੰਨਾ ਸੀ ਉਸ ਦਾ ਪੋਤਰਾ ਪੜ੍ਹ ਲਿਖ ਕੇ ਵੱਡਾ ਅਫਸਰ ਬਣੇ ਤੇ ਉਸ ਨੂੰ ਖੇਤਾਂ ਵਿਚ ਮਿਟੀ ਨਾਲ ਮਿਟੀ ਨਾਲ ਨਾ ਹੋਣਾ ਪਵੇ। ਇੱਕ ਰਾਤ ਰੋਟੀ ਪਾਣੀ ਖਾ ਕੇ ਪਰਿਵਾਰ ਸੌਣ ਦੀਆਂ ਤਿਆਰੀਆਂ ਵਿਚ ਸੀ ਅਚਾਨਕ ਮਹਿੰਦਰ ਦੇ ਬਾਬੇ ਅਮਰ ਸਿੰਘ ਦੇ ਮੂੰਹ ਵਿਚੋਂ ਚੀਕ ਨਿਕਲੀ ਅਤੇ ਚੀਕ ਦੇ ਸੁਣਦਿਆਂ ਹੀ ਸਾਰਾ ਪਰਿਵਾਰ ਉਸ ਕੋਲ ਪੁੱਜ ਗਿਆ। ਉਸ ਨੂੰ ਜਿਆਦਾ ਦਰਦ ਮਹਿਸੂਸ ਹੋ ਰਿਹਾ ਸੀ ਜਿਹੜਾ ਉਸ ਤੋਂ ਸਹਾਰਿਆ ਨਹੀਂ ਜਾ ਰਿਹਾ ਸੀ। ਘਰ ਦੇ ਨਾਲ ਹੀ ਡਾਕਟਰ ਰਹਿੰਦਾ ਸੀ ਉਸ ਨੂੰ ਬੁਲਾਇਆ ਗਿਆ ਉਸ ਨੇ ਦਰਦ ਨਿਵਾਰਕ ਟੀਕਾ ਲੈ ਦਿੱਤਾ ਅਤੇ ਸਲਾਹ ਦਿੱਤੀ ਕਿ ਜਲਦੀ ਤੋਂ ਜਲਦੀ ਇਸ ਨੂੰ ਕਿਸੇ ਵਡੇ ਹਸਪਤਾਲ ਲੈ ਕੇ ਜਾਓ। ਘਰੇ ਹੀ ਕਾਰ ਸੀ ਲੋੜੀਂਦੀਆਂ ਵਸਤਾਂ ਵਿਚ ਰੱਖ ਕੇ ਸੋਹਣ ਨੇ ਗੱਡੀ ਤੋਰ ਲਈ ਉਸ ਨੇ ਮਹਿੰਦਰ ਨੂੰ ਅਤੇ ਉਸ ਦੀ ਮਾਂ ਨੂੰ ਨਾਲ ਹੀ ਲੈ ਲਿਆ ਸੀ। ਘਰ ਨੂੰ ਗੁਆਂਢੀਆਂ ਦੇ ਹਵਾਲੇ ਕਰ ਦਿਤਾ। ਹਾਲੇ ਉਹ ਥੋੜ੍ਹੀ ਹੀ ਦੂਰ ਗਏ ਸਨ ਕਿ ਮਹਿੰਦਰ ਨੇ ਆਪਣੇ ਬਾਪ ਨੂੰ ਕਿਹਾ ਕਿ ਬਾਬਾ ਜੀ ਤਾਂ ਸਾਹ ਹੀ ਨਹੀਂ ਲੈ ਰਹੇ ਹਨ। ਗੱਡੀ ਰੋਕ ਕੇ ਸੋਹਣ ਨੇ ਤਸੱਲੀ ਕੀਤੀ ਅਤੇ ਗੱਡੀ ਵਾਪਿਸ ਘਰ ਨੂੰ ਹੀ ਮੋੜ ਲਈ। ਘਰ ਪੁੱਜ ਕੇ ਬਾਬਾ ਜੀ ਨੂੰ ਉਤਾਰ ਕੇ ਹਟੇ ਹੀ ਸਨ ਕਿ ਮਹਿੰਦਰ ਭੱਜ ਕੇ ਗੁਆਂਢੀ ਡਾਕਟਰ ਨੂੰ ਬੁਲਾ ਲਿਆਇਆ। ਡਾਕਟਰ ਨੇ ਵੇਖਦਿਆਂ ਹੀ ਆਪਣਾ ਸਿਰ ਨਾਂਹ ਵਿਚ ਫੇਰ ਦਿੱਤਾ ਅਤੇ ਆਖਿਆ ਕਿ ਬਾਪੂ ਜੀ ਤਾਂ ਸਵਾਸ ਤਿਆਗ ਗਏ ਹਨ। ਰੋਣਾ ਧੋਣਾ ਸ਼ੁਰੂ ਹੋ ਗਿਆ ਅਤੇ ਆਂਢ-ਗੁਆਂਢ ਵੀ ਇਕੱਠਾ ਹੋਣਾ ਸ਼ੁਰੂ ਹੋ ਗਿਆ ਅਤੇ ਅੰਤਿਮ ਰਸਮਾ ਬਾਰੇ ਤਿਆਰੀਆਂ ਹੋਣ ਲੱਗੀਆਂ। ਸ਼ਾਮ ਦੇ ਰਾਤ ਵਿੱਚ ਸਮਾ ਜਾਣ ਵਿੱਚ ਹਾਲੇ ਸਮਾਂ ਪਿਆ ਸੀ ਇਸ ਲਈ ਬਾਬੇ ਦਾ ਸਸਕਾਰ ਕਰ ਦਿੱਤਾ ਗਿਆ। ਮਹਿੰਦਰ ਸਾਰਾ ਸਮਾਂ ਰੋਂਦਾ ਹੀ ਰਿਹਾ ਉਸ ਦਾ ਆਪਣੇ ਬਾਬੇ ਨਾਲ ਬਹੁਤ ਹੀ ਲਗਾਅ ਸੀ। ਪਰੰਤੂ ਰੋਣ ਧੋਣ ਨਾਲ ਬਾਬੇ ਨੇ ਮੁੜਨਾ ਥੋੜ੍ਹੀ ਸੀ ਉਹ ਤਾਂ ਉੱਥੇ ਪਹੁੰਚ ਚੁੱਕਾ ਸੀ ਜਿੱਥੋਂ ਕਦੇ ਕੋਈ ਵਾਪਸ ਨਹੀਂ ਮੁੜਿਆ।

ਸਮੇਂ ਦੇ ਦਿਤੇ ਜ਼ਖਮ ਸਮੇਂ ਦੀ ਮੱਲ੍ਹਮ ਨਾਲ ਹੀ ਭਰਿਆ ਕਰਦੇ ਹਨ। ਹੁਣ ਤਾਂ ਟਾਹਲੀ ਵਾਲੇ ਖੇਤ ਵਿੱਚ ਹੀ ਸੋਹਣ ਸਿੰਘ ਆਪਣੇ ਖੇਤਾਂ ਦੇ ਕੰਮਾਂ ਵਿਚ ਰੁਝ ਗਿਆ ਮਹਿੰਦਰ ਸਕੂਲੋਂ ਆ ਕੇ ਖੇਤ ਚਲਾ ਜਾਂਦਾ ਟਾਹਲੀ ਦੇ ਰੁੱਖ ਥਲੇ ਬੈਠ ਸਕੂਲ ਦਾ ਕੰਮ ਕਰਦਾ ਸੀ ਅਤੇ ਵੇਹਲਾ ਹੋ ਕੇ ਆਪਣੇ ਬਾਪ ਦੀ ਮੱਦਦ ਕਰਦਾ ਸੀ। ਘਰ ਵਿਚ ਦੋ ਲਵੇਰੀਆਂ ਸਨ ਉਨ੍ਹਾਂ ਲਈ ਪੱਠੇ ਵੱਢ ਦੋਵੇਂ ਪਿਓ ਪੁੱਤ ਘਰ ਆ ਜਾਂਦੇ ਸਨ। ਛੁੱਟੀ ਵਾਲੇ ਦਿਨ ਮਹਿੰਦਰ ਸਾਝਰੇ ਹੀ ਆਪਣਾ ਬਸਤਾ ਨਾਲ ਲੈ ਕੇ ਆਪਣੇ ਬਾਪ ਨਾਲ ਖੇਤ ਚਲਾ ਜਾਂਦਾ ਸੀ ਅਤੇ ਆਪਣੇ ਬਾਪ ਦੇ ਕੰਮ ਵਿਚ ਹੱਥ ਵਟਾਉਂਦਾ ਸੀ ਅਤੇ ਜਦੋਂ ਵੀ ਵੇਹਲ ਮਿਲਦੀ ਕਿਤਾਬਾਂ ਨਾਲ ਯਾਰੀ ਪਾ ਪੜ੍ਹਾਈ

ਵਿਚ ਮਗਨ ਹੋ ਜਾਂਦਾ ਸੀ। ਉਸ ਦੀ ਮਾਂ ਦੁਪਹਿਰ ਦਾ ਭੱਤਾ ਲੈ ਉਥੇ ਹੀ ਆ ਜਾਇਆ ਕਰਦੀ ਸੀ। ਸਾਰੇ ਮਿਲ ਕੇ ਉਥੇ ਹੀ ਗੱਲਾਂ ਬਾਤਾਂ ਕਰਦੇ ਅਤੇ ਰਲ ਮਿਲ ਕੇ ਰੋਟੀ ਖਾ ਲਿਆ ਕਰਦੇ ਸੀ। ਟਾਹਲੀ ਦੇ ਰੁੱਖ ਥੱਲੇ ਇਟਾਂ ਰੱਖ ਕੇ ਚੁੱਲ੍ਹਾ ਬਣਾਇਆ ਹੋਇਆ ਸੀ ਜਿਸ ਉਪਰ ਚਾਹ ਬਣਦੀ ਸੀ। ਦੋਨਾਂ ਪਿਓ ਪੁੱਤਾਂ ਨੂੰ ਚਾਹ ਦੇ ਕੇ ਉਹ ਆਪ ਵੀ ਚਾਹ ਪੀ ਲਿਆ ਕਰਦੀ ਸੀ ਅਤੇ ਭਾਂਡੇ ਆਦਿ ਸਾਫ ਘਰ ਉਹ ਘਰ ਵਲ ਆ ਜਾਂਦੀ ਸੀ ਅਤੇ ਸੋਹਣ ਅਤੇ ਉਸ ਦਾ ਪੁੱਤ ਬਾਅਦ ਵਿਚ ਕੰਮ ਨਬੇੜ ਸ਼ਾਮ ਵੇਲੇ ਪੱਠੇ ਆਦਿ ਲੈ ਕੇ ਘਰ ਵਲ ਚਲ ਪੈਂਦੇ ਸਨ। ਇਸ ਤਰ੍ਹਾਂ ਦੇ ਅਹੁਰ ਪਹੁਰ ਨਾਲ ਜ਼ਿੰਦਗੀ ਅਗੇ ਵਲ ਵਧਦੀ ਜਾ ਰਹੀ ਸੀ। ਮਹਿੰਦਰ ਦਾ ਦਿਲ ਵੀ ਟਾਹਲੀ ਵਾਲੇ ਖੇਤ ਵਿੱਚ ਹੀ ਲਗਦਾ ਸੀ।ਮਹਿੰਦਰ ਪਸ਼ੂਆਂ ਦੀ ਸੇਵਾ ਕਰਦਾ ਸੀ ਉਸ ਦੀ ਮਾਂ ਪਸ਼ੂਆਂ ਦੀ ਧਾਰ ਕੱਢ ਕੁਝ ਦੁੱਧ ਘਰ ਲਈ ਰੱਖ ਬਾਕੀ ਦਾ ਦੁੱਧ ਮਹਿੰਦਰ ਡੇਅਰੀ ਤੇ ਪਾ ਆਓਂਦਾ ਸੀ ਜਿਸ ਨਾਲ ਕੁਝ ਨਕਦੀ ਘਰ ਵਿਚ ਆ ਜਾਂਦੀ ਸੀ ਅਤੇ ਘਰ ਦਾ ਗੁਜ਼ਾਰਾ ਚੰਗਾ ਚਲ ਰਿਹਾ ਸੀ। ਸਾਰਾ ਪਰਿਵਾਰ ਖੁਸ਼ ਸ਼ੀ ਅਤੇ ਜਦੋਂ ਹੱਸਦੇ ਸਨ ਤਾਂ ਇੰਜ ਜਾਪਦਾ ਸੀ ਕਿ ਮੱਕੀ ਦੇ ਦਾਣੇ ਖਿੜ ਰਹੇ ਹੋਣ। ਫਸਲ ਦੀ ਕਮਾਈ ਤਾਂ ਫਸਲ ਪੱਕਣ ਤੇ ਹੀ ਘਰ ਵਿਚ ਆਉਣ ਦੀ ਸੰਭਾਵਨਾ ਬਣਦੀ ਸੀ। ਫਸਲ ਨੂੰ ਮੰਡੀ ਵਿਚ ਲੈ ਜਾਣ ਵਿਚ ਵੀ ਮਹਿੰਦਰ ਆਪਣੇ ਬਾਪ ਦੀ ਸਹਾਇਤਾ ਕਰਦਾ ਸੀ ਬਾਕੀ ਦੀ ਫਸਲ ਜੋ ਘਰ ਲਈ ਅਤੇ ਬੀਜ ਆਦਿ ਲਈ ਰੱਖੀ ਜਾਂਦੀ ਸੀ ਉਸ ਦੀ ਸਾਂਭ ਸੰਭਾਲ ਦੋਵੇਂ ਪਿਓ ਪੁੱਤ ਕਰਦੇ ਸਨ ਲੋੜ ਸਮੇਂ ਮਜ਼ਦੂਰ ਵੀ ਬੁਲਾ ਲਏ ਜਾਂਦੇ ਸਨ। ਤੂੜੀ ਆਦਿ ਵੀ ਪਸ਼ੂਆਂ ਲਈ ਸਾਂਭ ਲਈ ਜਾਂਦੀ ਸੀ। ਮਹਿੰਦਰ ਆਪਣੀ ਪੜ੍ਹਾਈ ਵਿਚ ਕਾਫੀ ਚੰਗਾ ਸੀ ਹਰ ਸਾਲ ਅਗਲੀ ਜਮਾਤ ਵਿਚ ਹੋ ਹੀ ਰਿਹਾ ਸੀ। ਦਸਵੀ ਜਮਾਤ ਤਕ ਉਸ ਨੇ ਪਿੰਡ ਦੇ ਸਕੂਲ ਵਿਚ ਹੀ ਪੜ੍ਹਾਈ ਕੀਤੀ। ਕਾਲਿਜ ਦੀ ਪੜ੍ਹਾਈ ਉਹ ਕਰਨਾ ਚਾਹੁੰਦਾ ਸੀ। ਪਰ ਘਰੋਂ ਦੂਰ ਜਾ ਕੇ ਪੜ੍ਹਾਈ ਦਾ ਖਰਚ ਕਰਨ ਵਿਚ ਉਸ ਦੇ ਬਾਪ ਦੀ ਪਰੋਖੋਂ ਨਹੀਂ ਸੀ। ਇਸ ਲਈ ਉਸ ਦੇ ਮਾਂ ਬਾਪ ਨੇ ਉਸ ਨਾਲ ਸਲਾਹ ਕਰ ਉਸ ਨੂੰ ਖੇਤੀ ਦੇ ਕੰਮ ਵਿਚ ਹੀ ਪਾ ਲਿਆ ਅਤੇ ਮਸ਼ਵਰਾ ਕੀਤਾ ਕਿ ਉਹ ਨੌਂਕਰੀ ਦੀ ਤਲਾਸ਼ ਕਰੇ ਜੇ ਮਿਲ ਜਾਵੇ ਤਾਂ ਘਰ ਦੇ ਨੇੜੇ ਹੀ ਨੌਂਕਰੀ ਕਰ ਲਵੇ।

ਬਾਬੇ ਦੇ ਭੋਗ ਸਮੇਂ ਇਸ ਸਾਲ ਕਾਫੀ ਖਰਚ ਹੋ ਗਿਆ ਸੀ ਅਤੇ ਆੜ੍ਹਤੀ ਤੋਂ ਕਾਫੀ ਰਕਮ ਲੈ ਕੇ ਵਰਤੀ ਜਾ ਚੁਕੀ ਸੀ। ਹੁਣ ਅਗਲੀ ਫਸਲ ਤਿਆਰ ਸੀ ਅਤੇ ਉਮੀਦ ਸੀ ਕਿ ਇਸ ਵਾਰ ਆੜ੍ਹਤੀ ਦੇ ਸਾਰੀ ਰਕਮ ਚੁਕਾਈ ਜਾ ਸਕੇਗੀ। ਹਰ ਰੋਜ਼ ਉਹ ਸੋਚਦੇ ਸਨ ਕਿ ਇਸ ਵਾਰ ਫਸਲ ਕੰਬਾਈਨ ਤੋਂ ਵੱਢਵਾ ਛੇਤੀ ਵਿਹਲੇ ਹੋ ਜਾਵਾਂਗੇ ਅਤੇ ਇਸ ਤਰ੍ਹਾਂ ਅਚਾਨਕ ਮੀਂਹ ਪੈ ਜਾਣ ਦੀ ਹਾਲਤ ਤੋਂ ਵੀ ਬਚਾ ਹੋ ਸਕੇਗਾ। ਉਨ੍ਹਾਂ ਨੇ ਆਪਣੀ ਵਾਰੀ ਵੀ ਬੰਨ੍ਹਵਾ ਲਈ। ਕੰਬਾਈਨ ਮਿਲਣ ਵਿਚ ਹਾਲੇ ਦਸ ਦਿਨ ਬਾਕੀ ਸਨ। ਫਸਲ ਪੂਰੀ ਤਰ੍ਹਾਂ ਤਿਆਰ ਹੋ ਚੁਕੀ ਸੀ। ਹਰ ਦਿਨ ਉਹ ਸ਼ੁਕਰ ਸ਼ੁਕਰ ਕਰਕੇ ਕੱਢ ਰਹੇ ਸਨ। ਜਦੋਂ ਵੀ ਅਕਾਸ਼ ਵਿਚ ਬੱਦਲ ਦੇਖਦੇ

ਉਨ੍ਹਾਂ ਦੇ ਭਾਅ ਦੀ ਬਣ ਜਾਂਦੀ। ਇੱਕ ਦਿਨ ਉਹ ਸੌਂ ਰਹੇ ਸਨ ਕਿ ਅਕਾਸ਼ ਵਿਚ ਬੱਦਲਾਂ ਨੇ ਲਿਸ਼ਕਾਰ ਮਾਰੀ। ਸੋਹਣ ਸਿੰਘ ਦੇ ਕਾਲਜੇ ਨੂੰ ਧੂਅ ਪਈ ਤਾਂ ਉਸ ਨੇ ਮਹਿੰਦਰ ਨੂੰ ਆਵਾਜ਼ ਦਿਤੀ ਕਿ ਪੁੱਤ ਰੱਬ ਤਾਂ ਮੀਂਹ ਪਾਉਣ ਨੂੰ ਤਿਆਰ ਹੈ ਹਾਲੇ ਉਹ ਗੱਲਾਂ ਕਰ ਹੀ ਰਹੇ ਸਨ ਕਿ ਜ਼ੋਰੋ ਜ਼ੋਰ ਮੀਂਹ ਵਰਸਣ ਲੱਗ ਪਿਆ। ਮੀਂਹ ਸਾਰੀ ਰਾਤ ਅਤੇ ਸਾਰਾ ਦਿਨ ਪੈਂਦਾ ਰਿਹਾ। ਗਲੀਆਂ ਨਾਲੀਆਂ ਅੰਦਰ ਪਾਣੀ ਖੜ੍ਹੋ ਗਿਆ। ਅਗਲੇਰੇ ਦਿਨ ਜਦੋਂ ਮੀਂਹ ਥੋੜ੍ਹੇ ਸਮੇਂ ਲਈ ਹਟਿਆ ਤਾਂ ਦੋਵੇਂ ਪਿਓ ਪੁੱਤ ਖੇਤ ਵਲ ਭਜੇ। ਉਨ੍ਹਾਂ ਨੇ ਡਿੱਠਾ ਕਿ ਕਣਕਾਂ ਤਾਂ ਵਿਛੀਆਂ ਪਈਆਂ ਸਨ ਅਤੇ ਕਣਕ ਦੀਆਂ ਬਲੀਆਂ ਧਰਤੀ ਤੇ ਲੇਟਣੀਆਂ ਮਾਰ ਰਹੀਆਂ ਸਨ। ਦੋਵਾਂ ਦਾ ਮਨ ਉਦਾਸ ਹੋ ਗਿਆ। ਆੜ੍ਹਤੀ ਦਾ ਭਾਰ ਉਤਰਦਾ ਨਜ਼ਰ ਨਹੀਂ ਆ ਰਿਹਾ ਸੀ। ਮਹਿੰਦਰ ਨੇ ਬਾਪ ਨੂੰ ਹੌਸਲਾ ਦਿੱਤਾ ਕਿ ਬਾਪੂ ਚਿੰਤਾ ਨਾ ਕਰ ਇਸ ਵਾਰ ਨਹੀਂ ਤਾਂ ਅਗਲੀ ਵਾਰ ਕਰਜ਼ੇ ਤੋਂ ਸੁਰਖਰੂ ਹੋ ਜਾਵਾਂਗੇ। ਮੈਂ ਇਸ ਵਾਰ ਯਤਨ ਕਰਾਂਗਾ ਅਤੇ ਕਿਸੇ ਨੇਤਾ ਨਾਲ ਗੱਲ ਕਰ ਰਿਸ਼ਵਤ ਆਦਿ ਦੇ ਕੋਈ ਨਾ ਕੋਈ ਨੌਕਰੀ ਦਾ ਬੰਨ ਸੁਪ ਕਰਾਂਗਾ। ਭਾਵੇਂ ਉਹ ਜਾਣਦਾ ਸੀ ਇਹ ਲਾਰਾ ਇੱਕ ਤਿਫ਼ਲ ਤਸੱਲੀ ਤੋਂ ਬਿਨਾ ਕੁਝ ਨਹੀਂ ਸੀ। ਉਸ ਨੂੰ ਪਤਾ ਸੀ ਕਿ ਪਿੰਡ ਦੇ ਕਿੰਨੇ ਉਸ ਦੇ ਹਾਣੀ ਪੜ੍ਹ ਲਿਖ ਕੇ ਵੇਹਲੇ ਫਿਰ ਰਹੇ ਹਨ ਅਤੇ ਨਸ਼ਿਆਂ ਦੀ ਭੱਠੀ ਦਾ ਬਾਲਣ ਹੀ ਬਣੇ ਹੋਏ ਹਨ।

ਉਮੀਦ ਦੇ ਆਸਰੇ ਫਿਰ ਮੇਹਨਤ ਕਰਨ ਲੱਗੇ। ਜਿਹੋ ਜਿਹੀ ਫਸਲ ਹੋ ਗਈ ਉਸ ਨੂੰ ਮੰਡੀ ਲਿਜਾਇਆ ਗਿਆ ਅਤੇ ਉਦਾਸ ਮਨ ਨਾਲ ਜੋ ਰਕਮ ਬਣੀ ਉਸ ਨਾਲ ਆੜ੍ਹਤੀ ਦੇ ਹਿਸਾਬ ਕਰਨ ਤੋਂ ਬਾਅਦ ਬਾਕੀ ਕਰਜ਼ਾ ਨਿਕਲਿਆ ਉਹ ਲਿਖਤ ਕਰ ਲਿਆ ਅਤੇ ਹੋਰ ਕਰਜ਼ਾ ਲੈ ਲਿਆ ਤਾਂ ਜੋ ਜ਼ਰੂਰੀ ਲੋੜਾਂ ਨੂੰ ਪੂਰਿਆ ਜਾ ਸਕੇ।

ਘਰ ਪੁਜਣ ਤੋਂ ਪਹਿਲਾਂ ਰਾਹ ਵਿਚੋਂ ਹੀ ਸ਼ਰਾਬ ਖਰੀਦ ਲਈ ਅਤੇ ਪੀਣੀ ਸ਼ੁਰੂ ਕਰ ਦਿਤੀ ਘਰ ਪੁਜਣ ਤਕ ਇੱਕ ਬੋਤਲ ਦੋਵੇਂ ਜਣੇ ਡਕਾਰ ਗਏ। ਸੋਹਣ ਸਿੰਘ ਤਾਂ ਪਹਿਲਾਂ ਕਦੇ ਕਦੇ ਵਿਆਹ ਸ਼ਾਦੀ ਦੇ ਮੌਕੇ ਪੀ ਲਿਆ ਕਰਦਾ ਸੀ ਪਰ ਉਹ ਥੋੜ੍ਹੀ ਹੀ ਪੀਂਦਾ ਸੀ ਅਤੇ ਹੋਸ਼ ਵਿਚ ਹੀ ਰਹਿੰਦਾ ਸੀ ਅੱਜ ਤਾਂ ਉਹ ਹੋਸ਼ ਗੁਆ ਚੁਕਾ ਸੀ। ਮਹਿੰਦਰ ਨੇ ਬਹੁਤ ਥੋੜ੍ਹੀ ਪੀਤੀ ਸੀ ਕਿਓਂ ਜੋ ਉਸ ਨੂੰ ਪੀਣੀ ਬਿਲਕੁਲ ਹੀ ਪਸੰਦ ਨਹੀਂ ਸੀ ਉਹ ਤਾਂ ਕੇਵਲ ਆਪਣੇ ਬਾਪੂ ਦਾ ਸਾਥ ਦੇ ਰਿਹਾ ਸੀ ਤਾਂ ਜੋ ਬਾਪੂ ਇੱਕਲਾ ਮਹਿਸੂਸ ਨਾ ਕਰੇ। ਉਹ ਸਮਝ ਚੁਕਾ ਸੀ ਕਿ ਬਾਪੂ ਅੱਜ ਬਹੁਤ ਹੀ ਉਦਾਸ ਹੈ। ਘਰ ਪੁੱਜ ਕੇ ਓਹਨਾ ਨੇ ਰੋਟੀ ਖਾਧੀ ਅਤੇ ਸੌਂ ਗਏ। ਸਵੇਰ ਹੋਈ ਚਾਹ ਆਦਿ ਪੀ ਕੇ ਦੋਵੇਂ ਸੋਚਾਂ ਵਿਚ ਪੈ ਗਏ ਉਨ੍ਹਾਂ ਨੇ ਸੋਚਿਆਂ ਕਿ ਟਾਹਲੀ ਦੇ ਮੋਟੇ ਟਾਹਣ ਵੱਢ ਕੇ ਤੂੜੀ ਵਾਲੇ ਕੋਠੇ ਨੂੰ ਜੋੜੀ ਲਵਾ ਲਈ ਜਾਵੇ। ਉਨ੍ਹਾਂ ਨੇ ਸਲਾਹ ਕਰ ਕੇ ਤਰਖਾਣ ਨਾਲ ਗੱਲ ਕਰ ਦੋ ਵਡ੍ਹੇ ਟਾਹਣ ਕਟਵਾ ਦਿਤੇ ਅਤੇ ਚਿਰਾ ਕੇ ਫੱਟ ਬਣਵਾ ਲਏ। ਟਾਹਲੀ ਨੂੰ ਭਾਵੇਂ ਦਰਦ ਤਾਂ ਹੋਇਆ ਸੀ ਪਰ ਉਹ

ਖੁਸ਼ ਸੀ ਮੇਰੇ ਅੰਗ ਇਨ੍ਹਾਂ ਦੀ ਪਤਲੀ ਹੋਈ ਹਾਲਤ ਵਿਚ ਸਹਾਰਾ ਬਣ ਰਹੇ ਹਨ। ਤਰਖਾਣ ਨੇ ਚਾਰ ਦਿਹਾੜੀਆਂ ਲਾ ਕੇ ਤੂੜੀ ਵਾਲੇ ਕੋਠੇ ਨੂੰ ਕੁੰਡਾ ਲਗਦਾ ਕਰ ਦਿਤਾ ਸੀ। ਮਜ਼ਦੂਰੀ ਉਸ ਨੂੰ ਆੜ੍ਹਤੀ ਤੋਂ ਲਿਆਂਦੇ ਪੈਸਿਆਂ ਵਿਚੋਂ ਦੇ ਦਿੱਤੀ ਗਈ ਸੀ। ਕੁਝ ਰਕਮ ਕਾਰ ਦੀ ਕਿਸ਼ਤ ਲਈ ਰੱਖੀ ਸੀ ਜੋ ਹੋਲੀ ਹੋਲੀ ਖੁਰ ਗਈ ਅਤੇ ਕਾਰ ਦੀ ਕਿਸ਼ਤ ਨਾ ਭਰੀ ਜਾ ਸਕੀ। ਮਜਬੂਰੀ ਵਿਚ ਕਾਰ ਵੀ ਵੇਚ ਦਿਤੀ ਅਤੇ ਬੈਂਕ ਨਾਲ ਹਿਸਾਬ ਚੁਕਤਾ ਕਰ ਦਿਤਾ ਗਿਆ। ਉਮੀਦ ਸੀ ਕੁਝ ਰਕਮ ਖਰਚ ਲਈ ਬਚੇਗੀ ਪਰ ਕਾਰ ਵੇਚਣ ਤੇ ਪ੍ਰਾਪਤ ਹੋਈ ਰਕਮ ਨੇ ਤਾਂ ਬੈਂਕ ਦਾ ਘਰ ਮਸਾਂ ਹੀ ਪੂਰਾ ਕੀਤਾ। ਘਰ ਵਿਚ ਮੰਦੀ ਦੀ ਹਾਲਤ ਜਾਣ ਸੋਹਣ ਸਿੰਘ ਉਦਾਸ ਰਹਿਣ ਲੱਗਾ। ਉਦਾਸੀ ਨੂੰ ਰਫੂ ਚੱਕਰ ਕਰਨ ਖਾਤਿਰ ਸ਼ਰਾਬ ਦਾ ਸਹਾਰਾ ਲਿਆ ਜਾਣ ਲੱਗਾ। ਮਹਿੰਦਰ ਆਪਣੇ ਬਾਪ ਦਾ ਸਾਥ ਸ਼ਰਾਬ ਪੀਣ ਵਿਚ ਨਹੀਂ ਦੇ ਰਿਹਾ ਸੀ ਪਰੰਤੂ ਉਹ ਉਸ ਨੂੰ ਰੋਕ ਵੀ ਨਹੀਂ ਪਾ ਰਿਹਾ ਸੀ। ਘਰ ਦੀ ਨਿੱਘਰਦੀ ਹਾਲਤ ਕਿਸੇ ਤੋਂ ਵੀ ਲੁਕੀ ਛਿਪੀ ਨਹੀਂ ਸੀ। ਮਹਿੰਦਰ ਦੀ ਮਾਂ ਆਪਣੇ ਵਲੋਂ ਯਤਨ ਕਰ ਰਹੀ ਸੀ ਕਿ ਕਿਵੇਂ ਨਾ ਕਿਵੇਂ ਸੋਹਣ ਸਿੰਘ ਨੂੰ ਸ਼ਰਾਬ ਤੋਂ ਖਹਿੜਾ ਛੁਡਵਾਇਆ ਜਾਵੇ ਪਰ ਸੋਹਣ ਸਿੰਘ ਤਾਂ ਬਹੁਤ ਜ਼ਿਆਦਾ ਪੀਣ ਲੱਗ ਪਿਆ ਸੀ। ਉਸ ਨੂੰ ਖੇਤ ਦੇ ਕੰਮਾਂ ਵਿੱਚੋਂ ਘਾਟਾ ਹੀ ਘਾਟਾ ਨਜ਼ਰ ਆ ਰਿਹਾ ਸੀ। ਉਹ ਮਹਿਸੂਸ ਕਰ ਰਿਹਾ ਸੀ ਖੇਤੀ ਵਿਚ ਲਾਗਤਾਂ ਲਗਾਤਾਰ ਵੱਧ ਰਹੀਆਂ ਹਨ ਅਤੇ ਵਿਕਰੀ ਭਾਅ ਉਸ ਦੇ ਅਨੁਸਾਰ ਨਹੀਂ ਵੱਧ ਰਹੇ ਹਨ। ਉਹ ਆਪ ਜ਼ਿਆਦਾ ਨਹੀਂ ਪੜ੍ਹਿਆ ਸੀ ਪਰ ਉਸ ਨੂੰ ਅਫਸੋਸ ਸੀ ਕਿ ਉਹ ਆਪਣੇ ਪੁੱਤ ਨੂੰ ਵੀ ਉਚੇਰੀ ਵਿਦਿਆ ਨਹੀਂ ਦਿਵਾ ਸਕਿਆ ਸੀ। ਜੇ ਉਹ ਪੜ੍ਹ ਜਾਂਦਾ ਤਾਂ ਉਸ ਨੇ ਵੱਡਾ ਅਫਸਰ ਬਣ ਜਾਣਾ ਸੀ ਅਤੇ ਸਾਡੀ ਆਰਥਿਕ ਹਾਲਤ ਸੁਧਰ ਜਾਣੀ ਸੀ। ਪਰ ਹੁਣ ਤਾਂ ਚਿੜੀਆਂ ਖੇਤ ਨੂੰ ਚੁਗ ਚੁਕੀਆਂ ਸੀ। ਪਛਤਾਵੇ ਤੋਂ ਬਿਨਾ ਕੁਝ ਵੀ ਪਲੇ ਨਹੀਂ ਸੀ। ਇਹ ਸੋਚ ਉਹ ਹੋਰ ਸ਼ਰਾਬ ਪੀਣ ਲੱਗ ਜਾਂਦਾ ਸੀ। ਉਸ ਨੇ ਦਿਨ ਵੇਲੇ ਵੀ ਪੀਣੀ ਸ਼ੁਰੂ ਕਰ ਦਿਤੀ ਸੀ। ਮਹਿੰਦਰ ਜਵਾਨ ਹੋ ਚੁਕਾ ਸੀ ਉਸ ਦੇ ਵਿਆਹ ਦਾ ਸਮਾਂ ਵੀ ਆਇਆ ਹੋਇਆ ਸੀ। ਪਰੰਤੂ ਉਸ ਨੂੰ ਤਾਂ ਆਪਣੀ ਸ਼ਰਾਬ ਦੀਆਂ ਸੋਚਾਂ ਤੋਂ ਕੋਈ ਵੀ ਵੇਹਲ ਨਹੀਂ ਸੀ। ਮਹਿੰਦਰ ਦੀ ਮਾਂ ਵਾਰ ਵਾਰ ਉਸ ਨੂੰ ਆਪਣੇ ਪੁੱਤ ਦੇ ਵਿਆਹ ਦਾ ਹੀਲਾ ਵਸੀਲਾ ਕਰਨ ਲਈ ਆਖਦੀ ਰਹਿੰਦੀ ਸੀ।

ਜਦੋਂ ਸੋਹਣ ਸਿੰਘ ਨੇ ਕੋਈ ਧਿਆਨ ਨਾ ਦਿੱਤਾ ਤਾਂ ਉਸ ਨੇ ਆਪਣੇ ਪੇਕਿਆਂ ਨਾਲ ਗੱਲ ਕਰ ਮਹਿੰਦਰ ਪੇਕਿਆਂ ਦੀ ਸਕੀਰੀ ਵਿਚੋਂ ਰਿਸ਼ਤਾ ਲੈ ਲਿਆ ਅਤੇ ਮੁੰਡੇ ਦਾ ਵਿਆਹ ਧਰ ਲਿਆ। ਘਰ ਵਿਚ ਖੁਸ਼ੀਆਂ ਦੀ ਉਡੀਕ ਹੋਣ ਲੱਗੀ। ਪਰ ਸੋਹਣ ਸਿੰਘ ਨੇ ਆਪਣੇ ਚਾਲੇ ਨਾ ਬਦਲੇ ਉਹ ਤਾਂ ਸ਼ਰਾਬ ਵਿਚ ਹਰ ਵੇਲੇ ਧੁਤ ਰਹਿੰਦਾ। ਖੈਰ ਮਹਿੰਦਰ ਵਿਆਹਿਆ ਗਿਆ ਘਰ ਵਿਚ ਚਾਰ ਦਿਨ ਰੌਣਕ ਰਹੀ। ਕਰਜ਼ਾ ਹੋਰ ਚੜ ਗਿਆ। ਆਉਂਦੀ ਫਸਲ ਤੇ ਆਸ ਰੱਖੀ ਗਈ। ਮਹਿੰਦਰ ਨੇ ਫਸਲ ਵਲ ਧਿਆਨ ਦੇਣਾ ਸ਼ੁਰੂ ਕੀਤਾ ਉਹ ਆਪਣੇ ਬਾਪ ਨੂੰ ਖੇਤ ਨਾਲ ਲੈ ਜਾਂਦਾ ਕੁਝ ਸਮਾਂ

ਸ਼ਰਾਬ ਤੋਂ ਬਿਨਾ ਕਢਵਾ ਦਿੰਦਾ। ਇਕ ਦਿਨ ਸੋਹਣ ਸਿੰਘ ਇਕੱਲਾ ਹੀ ਖੇਤ ਚਲਾ ਗਿਆ ਜਦੋਂ ਕਿ ਬਾਕੀ ਟੱਬਰ ਹਾਲੇ ਸੁਤਾ ਪਿਆ ਸੀ। ਜਦੋਂ ਮੋਹਿੰਦਰ ਉਠਿਆ ਤਾਂ ਬਾਪੂ ਨੂੰ ਆਪਣੇ ਮੰਜੇ ਤੇ ਨਾ ਦੇਖ ਉਹ ਘਬਰਾ ਗਿਆ। ਉਸ ਨੇ ਆਸੇ ਪਾਸੇ ਨਿਗਾਹ ਦੌੜਾਈ ਤਾਂ ਉਸ ਨੇ ਸੋਚ ਕੇ ਖੇਤ ਵਲ ਜਾ ਕੇ ਪਤਾ ਕਰਨ ਦੀ ਸੋਚੀ। ਖੇਤ ਪੁੱਜ ਉਸ ਨੇ ਡਿਠਾ ਕੇ ਟਾਹਲੀ ਦੇ ਟਾਹਣ ਨਾਲ ਕੁਝ ਲਮਕ ਰਿਹਾ ਹੈ। ਨੇੜੇ ਹੋ ਜਦੋਂ ਦੇਖਿਆ ਤਾਂ ਉਸ ਦੀ ਖਾਨਿਉਂ ਗਈ ਇਹ ਤਾਂ ਉਸ ਦਾ ਬਾਪ ਸੀ ਜਿਸ ਨੇ ਟਾਹਲੀ ਦੇ ਟਾਹਣ ਨਾਲ ਆਪਣੀ ਹੀ ਪੱਗ ਨਾਲ ਫਾਹਾ ਲੈ ਲਿਆ ਸੀ। ਟਾਹਲੀ ਵੀ ਉਦਾਸੀ ਮਹਿਸੂਸ ਕਰ ਰਹੀ ਸੀ ਭਾਵੇਂ ਰੁੱਖਾਂ ਦੀ ਉਦਾਸੀ ਨਜ਼ਰ ਨਹੀਂ ਪੈਂਦੀ ਕਿਓਂਕਿ ਰੁੱਖ ਬੋਲ ਕੇ ਕੁਝ ਨਹੀਂ ਦੱਸ ਸਕਦੇ ਪਰ ਪੱਤੇ ਬਿਨਾ ਬੋਲੇ ਸਭ ਕੁਝ ਕਹਿ ਜਾਂਦੇ ਹਨ। ਪਿੰਡ ਵਾਸੀਆਂ ਦੀ ਮਦਦ ਨਾਲ ਉਸ ਨੂੰ ਉਤਾਰਿਆ ਗਿਆ। ਘਰ ਲਿਆਂਦਾ ਗਿਆ। ਰੋਣ ਕੁਰਲਾਣ ਝੱਲਿਆ ਨਹੀਂ ਜਾ ਰਿਹਾ ਸੀ। ਨਵੀਂ ਵਿਆਹੀ ਕੁੜੀ ਉਮੀਦਵਾਰੀ ਵਿਚ ਸੀ। ਉਸ ਦਾ ਸਮਾਂ ਪੂਰਾ ਹੋਣ ਵਾਲਾ ਸੀ ਉਸ ਦੀ ਵਿਸ਼ੇਸ਼ ਦੇਖ ਭਾਲ ਦੀ ਲੋੜ ਸੀ। ਸਸਕਾਰ ਤੇ ਆਖਰੀ ਰਸਮਾਂ ਤੋਂ ਬਾਅਦ ਉਸ ਨੂੰ ਪੇਕੇ ਭੇਜ ਦਿੱਤਾ ਗਿਆ।

ਮਹਿੰਦਰ ਅਤੇ ਉਸ ਦੀ ਮਾਂ ਹੀ ਘਰ ਵਿਚ ਰਹਿ ਗਏ ਸਨ। ਮਹਿੰਦਰ ਨੂੰ ਇੱਕਲ ਮਹਿਸੂਸ ਹੋਣ ਲੱਗੀ ਉਸ ਨੇ ਸ਼ਰਾਬ ਦਾ ਸਹਾਰਾ ਲੈਣਾ ਚਾਹਿਆ ਪਰ ਉਸ ਦੀ ਸਿਆਣੀ ਮਾਂ ਨੇ ਭਾਫ ਲਿਆ ਤੇ ਉਸ ਨੂੰ ਸਮਝ ਬੁਝਾ ਲਿਆ ਉਸ ਨੂੰ ਕਿਹਾ ਕਿ ਪੁੱਤ ਸ਼ਰਾਬ ਦਾ ਅਸਰ ਤੂੰ ਵੇਖ ਹੀ ਚੁਕਾ ਹੈਂ। ਆਪਣੇ ਘਰ ਵਿਚ ਖੁਸ਼ੀਆਂ ਆਉਣ ਵਾਲੀਆਂ ਹਨ ਰੱਬ ਸਾਡੇ ਉਤੇ ਮੇਹਰ ਕਰੂਗਾ। ਤੂੰ ਸ਼ਰਾਬ ਨੂੰ ਛੱਡ ਦੇ ਨਹੀਂ ਤਾਂ ਇਹ ਸਾਡੀਆਂ ਖੁਸ਼ੀਆਂ ਨੂੰ ਲਾਂਬੂ ਲਾ ਕੇ ਰਹੇਗੀ। ਵਾਹਿਗੁਰੂ ਦੇ ਮੇਹਰ ਨਾਲ ਮਹਿੰਦਰ ਦੇ ਘਰ ਲੜਕੇ ਨੇ ਜਨਮ ਲਿਆ ਉਸ ਦੇ ਸਹੁਰਿਆਂ ਤੋਂ ਖੁਸ਼ੀ ਦੀ ਖਬਰ ਪੁੱਜੀ ਤਾਂ ਮਾਂ ਨੇ ਉਸ ਨੂੰ ਗੁਰਦਵਾਰੇ ਲਿਜਾ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਹਮੇਸ਼ਾ ਲਈ ਸ਼ਰਾਬ ਛਡਾਉਣ ਦਾ ਪ੍ਰਣ ਲੈ ਲਿਆ। ਇਸ ਨਸ਼ੇ ਨੂੰ ਘਰੋਂ ਤਿਆਗ ਪਰਿਵਾਰ ਅੰਦਰ ਖੁਸ਼ੀਆਂ ਨੇ ਵਾਸਾ ਕਰ ਲਿਆ ਸੀ। ਹੁਣ ਮਹਿੰਦਰ ਖੇਤ ਜਾਂਦਾ ਸੀ ਉਸ ਦੀ ਵਹੁਟੀ ਅਤੇ ਛੋਟਾ ਬੱਚਾ ਦਾਦੀ ਨਾਲ ਭੱਤਾ ਲੈ ਕੇ ਜਾਂਦੇ ਸਨ ਸਾਰਾ ਦਿਨ ਉਥੇ ਬਿਤਾਉਂਦੇ ਸਨ। ਟਾਹਲੀ ਦੇ ਇੱਕ ਟਾਹਣ ਉਪਰ ਇੱਕ ਛੋਟੀ ਜਿਹੀ ਪੀਂਘ ਪਾ ਦਿੱਤੀ ਜਿਸ ਵਿਚ ਬੱਚਾ ਮਜ਼ੇ ਲੈਂਦਾ ਸੀ। ਟਾਹਲੀ ਵੀ ਖੁਸ਼ ਸੀ ਕਿ ਉਸ ਦੀਆਂ ਟਹਿਣੀਆਂ ਨਾਲ ਜ਼ਿੰਦਗੀ ਮੁੜ ਤੋਂ ਰੁਮਕਣ ਲੱਗ ਪਈ ਸੀ। ਮੁੰਡੇ ਨੂੰ ਪੀਂਘ ਵਿਚ ਵੇਖ ਸਾਰਾ ਪਰਿਵਾਰ ਖੁਸ਼ੀ ਨਾਲ ਝੂਮਦਾ ਰਹਿੰਦਾ ਸੀ।

# ਤੀਸਰਾ ਵਿਆਹ

ਪਾਲੇ ਨੂੰ ਮਹਿਸੂਸ ਹੁੰਦਾ ਸੀ ਹੁਣ ਉਸ ਦੀ ਸੇਵਾ ਨਹੀਂ ਹੁੰਦੀ। ਨੂੰਹਾਂ ਉਸ ਦਾ ਆਦਰ ਘੱਟ ਕਰਦੀਆਂ ਹਨ। ਵੱਡੇ ਮੁੰਡੇ ਤਾਂ ਉਸ ਨਾਲ ਗੱਲ ਕਰਕੇ ਰਾਜ਼ੀ ਨਹੀਂ ਹਨ। ਫਿਰ ਕੀ ਸੀ ਉਹ ਇਸ ਵਾਰ ਆਪਣੇ ਇਕ ਟਰੱਕ ਨੂੰ ਲੈ ਕੇ ਗੇੜੇ ਤੇ ਚਲਾ ਗਿਆ ਤੇ ਮੁੜਦੇ ਹੋਏ ਇਕ ਪਰਦੇਸਣ ਨੂੰ ਨਾਲ ਲੈ ਆਇਆ ਅਤੇ ਲਿਆ ਕੇ ਘਰ ਵਸਦਾ ਕਰ ਲਿਆ। ਭਾਵੇਂ ਉਹ 50 ਨੂੰ ਢੁਕ ਚੁੱਕਾ ਸੀ ਅਤੇ ਸਵੀ ਨਾਮ ਦੀ ਪਰਦੇਸਣ ਨੂੰ ਪਤਨੀ ਮੰਨ ਲਿਆ ਸੀ ਅਤੇ ਉਸ ਨੂੰ ਮੀਤੋ ਆਖਣਾ ਸ਼ੁਰੂ ਕਰ ਦਿਤਾ। ਮੀਤੋ ਤੋਂ ਉਹ ਸਰਦਾਰਨੀ ਮਨਮੀਤ ਕੌਰ ਬਣ ਗਈ ਸੀ। ਉਸ ਨੇ ਮੀਤੋ ਲਈ ਤਹਿ ਕੀਤੀ ਸਾਰੀ ਰਕਮ ਉਸ ਦੇ ਬਾਪ ਨੂੰ ਨਕਦ ਹੀ ਦੇ ਦਿਤੀ ਸੀ ਇਸ ਲਈ ਉਸ ਦੇ ਪੇਕੇ ਘਰ ਵਾਲੇ ਆਪਣੇ ਘਰ ਰੋਟੀ ਪੱਕਦੀ ਹੋ ਜਾਣ ਕੇ ਚੁੱਪ ਵੱਟ ਗਏ ਸਨ। ਮੀਤੋ ਵੀ ਉਸ ਸਮੇਂ 25 ਸਾਲ ਦੀ ਹੋ ਚੁੱਕੀ ਸੀ ਅਤੇ ਉਸ ਨੂੰ ਵੀ ਮਾਨਸਿਕ ਤਸੱਲੀ ਸੀ ਕਿ ਉਹ ਘਰ ਦਿਆਂ ਮੈਂਬਰਾਂ ਨੂੰ ਖੁਸ਼ ਕਰ ਕੇ ਪਰਦੇਸ ਜਾ ਰਹੀ ਸੀ ਜਿਥੇ ਉਸ ਨੂੰ ਆਪਣਾ ਭਵਿੱਖ ਸੁਰੱਖਿਅਤ ਨਜ਼ਰ ਆ ਰਿਹਾ ਸੀ। ਪਾਲੇ ਦੇ 20 ਟਰੱਕ ਚਲਦੇ ਹੋਣ ਕਾਰਨ ਉਸ ਦੇ ਆਪਣੇ ਪਿੰਡ ਦੇ ਲੋਕ ਉਸ ਦੀ ਇੱਜ਼ਤ ਕਰਦੇ ਸਨ ਅਤੇ ਪਿੰਡ ਵਿਚ ਉਸ ਨੂੰ ਸਾਰੇ ਸਰਦਾਰ ਕਿਰਪਾਲ ਸਿੰਘ ਟਰੱਕਾਂ ਵਾਲਾ ਕਰਕੇ ਜਾਣਦੇ ਸਨ।

ਪਾਲਾ ਮੀਤੋ ਨੂੰ ਖੰਡ ਦੇ ਖਿਡੌਣੇ ਦੀ ਤਰ੍ਹਾਂ ਰੱਖਦਾ ਸੀ। ਉਹ ਖੁਸ਼ ਸੀ ਅਤੇ ਮੀਤੋ ਵੀ ਰੋਜ਼ ਰੋਜ਼ ਸੱਜ ਸੰਵਰ ਕੇ ਰਹਿੰਦੀ ਸੀ ਅਤੇ ਖੁਸ਼ੀ ਉਸ ਦੇ ਚੇਹਰੇ ਤੇ ਸਾਫ ਝਲਕਦੀ ਸੀ। ਇਹ ਸਭ ਦੇਖ ਪਾਲੇ ਦੀਆਂ ਨੂੰਹਾਂ ਹੱਸ ਹੱਸ ਕੇ ਗੱਲਾਂ ਕਰਦੀਆਂ ਸਨ। ਮੀਤੋ ਉਮਰ ਵਿਚ ਆਪਣੀ ਵੱਡੀ ਨੂੰਹ ਤੋਂ ਛੋਟੀ ਸੀ। ਨੂੰਹਾਂ ਅਕਸਰ ਝੁਰਦੀਆਂ ਸਨ ਕਿ ਬੁੜੇ ਦੀ ਅਕਲ ਤੇ ਪਰਦਾ ਪੈ ਗਿਆ ਹੈ। ਇਸ ਉਮਰੇ ਕੀ ਲੋੜ ਸੀ ਆਪਣੀ ਉਮਰ ਤੋਂ ਅੱਧੀ ਉਮਰ ਦੀ ਤੀਵੀਂ ਘਰ ਲਿਆ ਕੇ ਬਿਠਾਉਣ ਦੀ। ਧੌਲੀ ਦਾੜੀ ਦਾ ਭੋਰਾ ਜਿਨ੍ਹਾਂ ਵੀ ਲਿਹਾਜ਼ ਨਹੀਂ ਕੀਤਾ ਇਸ ਬੁੱਢੜੇ ਨੇ। ਵੱਡੇ ਮੁੰਡੇ ਵੀ ਖਿਝੇ ਹੀ ਰਹਿੰਦੇ। ਅਸਲ ਵਿਚ ਉਹ ਚਾਰੇ ਭਰਾ ਮਹਿਸੂਸ ਕਰਦੇ ਸੀ ਕਿ ਬਾਪੂ ਦੇ ਪਿੱਛੋਂ ਸਾਡੇ ਹਿਸੇ 5-5 ਟਰੱਕ ਆ ਜਾਣਗੇ ਅਤੇ ਅਸੀਂ ਵੱਖਰੇ ਵੱਖਰੇ ਮੌਜਾਂ ਕਰਾਂਗੇ। ਪਰੰਤੂ ਹੁਣ ਉਨ੍ਹਾਂ ਨੂੰ ਹੋਰ ਸ਼ਰੀਕਾਂ ਦੇ ਪੈਦਾ ਹੋ ਜਾਣ ਦਾ ਖਦਸ਼ਾ ਵੀ ਸੀ। ਜਿਸ ਕਾਰਨ ਉਹ ਆਪਣੇ ਬਾਪੂ ਦੇ ਇਸ ਸਹੇੜ ਮੀਤੋ ਦੇ ਕਾਰਨ ਦੁਖੀ ਵੀ ਸਨ। ਇਕ ਦਿਨ ਉਨ੍ਹਾਂ ਨੇ ਸਲਾਹ ਕਰ ਕੇ ਬਾਪੂ ਨੂੰ ਕਿਹਾ ਕਿ ਸਾਨੂੰ ਸਾਡੀ ਵੰਡ ਕਰ ਅਡ ਕਰ ਦਿੱਤਾ ਜਾਵੇ ਅਸੀਂ ਲੋਕਾਂ ਦੇ ਬੋਲ ਕਬੋਲ ਨਹੀਂ ਸੁਣ

ਸਕਦੇ। ਪਹਿਲਾਂ ਤਾਂ ਪਾਲੇ ਨੇ ਉਨ੍ਹਾਂ ਦੀ ਗੱਲ ਨੂੰ ਨਾ ਗੋਲਿਆਂ ਪਰ ਜਦੋਂ ਨੂੰਹਾਂ ਵੀ ਉਚਾ ਨੀਵਾਂ ਮੂੰਹ ਉਪਰ ਹੀ ਬੋਲਣ ਲਗੀਆਂ ਤਾਂ ਪਾਲੇ ਨੇ ਦੋਵਾਂ ਵਿਆਹੇ ਮੁੰਡਿਆਂ ਨੂੰ 3-3 ਟਰੱਕ ਦੇ ਕੇ ਕਿਹਾ ਕਿ ਤੁਸੀਂ ਇਸ ਘਰ ਵਿਚ ਨਹੀਂ ਰਹਿ ਸਕਦੇ ਜਿਥੇ ਮਰਜ਼ੀ ਜਾਓ ਅਤੇ ਮੌਜਾਂ ਕਰੋ। ਉਸ ਨੂੰ ਦੋਵੇਂ ਨੂੰਹਾਂ ਦਾ ਭੋਰਾ ਭਰ ਵੀ ਹੇਜ ਨਹੀਂ ਸੀ ਅਤੇ ਨਾ ਹੀ ਉਸ ਨੂੰ ਕੋਈ ਮੁੰਡਿਆਂ ਦਾ ਕੋਈ ਸਹਾਰਾ ਸੀ ਉਸ ਕੋਲ ਕੰਮ ਕਰਨ ਲਈ ਦੋ ਛੋਟੇ ਮੁੰਡੇ ਸਨ ਜੋ ਹਾਲੇ ਕੁੰਵਾਰੇ ਹੀ ਸਨ।

ਇਕ ਦੋ ਦਿਨ ਵਿਚ ਦੋਵੇਂ ਵੱਡੇ ਮੁੰਡੇ ਪਿੰਡ ਛੱਡ ਗਏ ਅਤੇ ਆਪਣਾ ਸਮਾਨ ਟਰੱਕਾਂ ਦੇ ਉਪਰ ਲੱਦ ਕੇ ਲੈ ਗਏ ਅਤੇ ਜਾਂਦੀਆਂ ਹੋਈਆਂ ਨੂੰਹਾਂ ਮੀਤੋ ਨੂੰ ਆਖ ਗਈਆਂ ਕੇ ਲੈ ਅੰਬੋਂ ਤੂੰ ਹੁਣ ਚੌੜੀ ਹੋ ਕੇ ਬੈਠ ਅਤੇ ਬੁੱਢੜਾ ਵੀ ਆਪਦਾ ਚਿੱਤ ਰਾਜ਼ੀ ਕਰ ਲਵੇ। ਅੱਗੋਂ ਮੀਤੋ ਨੇ ਹਲੀਮੀ ਨਾਲ ਕਿਹਾ ਕਿ ਮੈਂ ਤਾਂ ਕਦੇ ਤੁਹਾਨੂੰ ਕੋਈ ਉੱਚੀ ਨੀਵੀਂ ਗੱਲ ਵੀ ਨਹੀਂ ਕਹੀ ਤੁਸੀਂ ਜਾਣੋ ਅਤੇ ਤੁਹਾਡਾ ਸਹੁਰਾ ਜਾਣੇ। ਇਹ ਬੋਲ ਆਖਦੇ ਹੋਏ ਉਸ ਦੀਆਂ ਅੱਖਾਂ ਭਰ ਆਈਆਂ ਸਨ।

ਮੀਤੋ ਪਾਲੇ ਦੀ ਤੀਸਰੀ ਔਰਤ ਸੀ। ਪਹਿਲਾ ਵਿਆਹ ਜਦੋਂ ਹੋਇਆ ਸੀ ਤਾਂ ਪਾਲੇ ਦੇ ਪਿਓ ਗੁਰਜੰਟ ਸਿੰਘ ਅਤੇ ਮਾਂ ਜਰਨੈਲੋਂ ਨੇ ਪੂਰੀ ਖੁਸ਼ੀ ਮਨਾਈ ਸੀ। ਜਰਨੈਲੋਂ ਨੇ ਆਪਣੀ ਨੂੰਹ ਗੁਰਦੇਵ ਕੌਰ ਅਤੇ ਪੁੱਤ ਕਿਰਪਾਲ ਸਿੰਘ ਤੋਂ ਪਾਣੀ ਵਾਰ ਕੇ ਪਿਤਾ ਸੀ। ਸਾਰੇ ਪਿੰਡ ਵਿਚ ਲੱਡੂ ਵੰਡੇ ਗਏ ਸੀ। ਦੋ ਦਿਨ ਦਾਰੂ ਮੀਟ ਚਲਦਾ ਰਿਹਾ ਸੀ। ਪਿੱਛੋਂ ਵੀ ਸ਼ਰਾਬ ਦੀ ਵਰਤੋਂ ਅਕਸਰ ਹੀ ਹੁੰਦੀ ਰਹਿੰਦੀ ਸੀ। ਸਮਾਂ ਆਪਦੀ ਚਲੇ ਚਲਦਾ ਰਿਹਾ। ਇਕ ਦਿਨ ਗੁਰਜੰਟ ਸਿੰਘ ਅਤੇ ਜਰਨੈਲ ਕੌਰ ਨਾਢਾ ਸਾਹਿਬ ਆਪਣੇ ਮੁੰਡੇ ਦੇ ਵਿਆਹ ਦੀ ਸੁਖ ਲਾਹ ਕੇ ਵਾਪਿਸ ਆ ਰਹੇ ਸਨ ਕਿ ਰਾਹ ਵਿਚ ਉਨ੍ਹਾਂ ਦੀ ਕਾਰ ਇਕ ਟਰੱਕ ਨਾਲ ਟਕਰਾ ਗਈ। ਦੋਵਾਂ ਦੇ ਗੰਭੀਰ ਸੱਟਾਂ ਲਗਿਆਂ ਅਤੇ ਹਸਪਤਾਲ ਵਿਚ ਪੁੱਜਣ ਤੋਂ ਪਹਿਲਾਂ ਹੀ ਦੋਵੇਂ ਸਦਾ ਲਈ ਚੁੱਪ ਹੋ ਗਏ। ਘਰ ਵਿਚ ਸੋਗ ਵਰਤ ਗਿਆ। ਸਾਰਾ ਕੰਮ ਦਾ ਬੋਝ ਇਕਲੌਤੇ ਪੁੱਤਰ ਕਿਰਪਾਲ ਦੇ ਮੋਢਿਆਂ ਤੇ ਆ ਪਿਆ। ਪਾਲੇ ਤੇ ਗੁਰਦੇਵ ਦੇ ਵਿਆਹ ਨੂੰ ਪੰਜ ਬਸੰਤ ਰੁੱਤਾਂ ਲੰਘ ਗਈਆਂ ਪਰ ਕਿਸੇ ਬਸੰਤ ਰੁੱਤ ਨੂੰ ਗੁਰਦੇਵ ਕੌਰ ਨਾ ਫੁੱਟੀ। ਦੋਵੇਂ ਉਦਾਸ ਰਹਿਣ ਲਗੇ ਲੋਕ ਵੀ ਅਜੀਬ ਅਜੀਬ ਸਲਾਹਾਂ ਦੇਣ ਲਗੇ ਕੋਈ ਧਾਗੇ ਤਵੀਤ ਕਰਵਾਉਣ ਦੀ ਸਲਾਹ ਦਿੰਦਾ ਅਤੇ ਕੋਈ ਹੋਰ ਵਿਆਹ ਕਰਵਾ ਲੈਣ ਦਾ ਮਸ਼ਵਰਾ ਦਿੰਦਾ ਸੀ। ਅਖੀਰ ਡਾਕਟਰੀ ਇਲਾਜ ਤੋਂ ਬਾਅਦ ਉਮੀਦ ਦੀ ਕਿਰਨ ਜਾਗੀ। ਸਮਾਂ ਫੇਰ ਚੰਗਾ ਲੰਘਣ ਲਗਾ ਪਾਲਾ ਗੁਰਦੇਵ ਕੌਰ ਦਾ ਪੂਰਾ ਧਿਆਨ ਰੱਖਦਾ ਸੀ ਕੰਮ ਲਈ ਉਸ ਨੇ ਘਰ ਵਿਚ ਕੰਮ ਵਾਲੀ ਦਾ ਪ੍ਰਬੰਧ ਕਰ ਲਿਆ ਸੀ। ਅਖੀਰ ਖੁਸ਼ੀ ਦਾ ਸਮਾਂ ਆਇਆ ਤਾਂ ਦਾਈ ਨੇ ਖੁਸ਼ ਖ਼ਬਰੀ ਦਿਤੀ ਕਿ ਤੁਹਾਡੀ ਜਾਇਦਾਦ ਦਾ ਵਾਰਿਸ ਆ ਗਿਆ ਹੈ। ਖੁਸ਼ੀ ਮਨਾਈ ਗਈ। ਲੋਕਾਂ ਨੂੰ ਲੱਡੂ ਵੰਡੇ ਗਏ। ਪਰੰਤੂ ਇਹ ਖੁਸ਼ੀ ਲੰਮਾਂ ਸਮਾਂ ਨਾ ਰਹਿ ਸਕੀ ਜਦੋ ਅਚਾਨਕ ਬੱਚੇ ਨੂੰ ਬੁਖਾਰ ਹੋਇਆ ਅਤੇ ਡਾਕਟਰ ਕੋਲ ਪੁੱਜਣ ਤੋਂ ਪਹਿਲਾਂ ਹੀ ਬੱਚਾ ਦੁਨੀਆਂ ਤੋਂ ਦੂਰ ਜਾ

ਬੈਠਾ। ਗ਼ਮਾਂ ਨੇ ਘਰ ਵਿਚ ਫਿਰ ਡੇਰਾ ਡਾਹ ਲਿਆ। ਇਥੇ ਹੀ ਬਸ ਨਹੀਂ ਹੋਈ ਇਕ ਦਿਨ ਗੁਰਦੇਵ ਦੇ ਸੀਨੇ ਵਿਚ ਦਰਦ ਉਠਿਆ ਡਾਕਟਰ ਕੋਲ ਗਏ ਤਾਂ ਉਸ ਨੇ ਦੱਸਿਆ ਕੇ ਗੁਰਦੇਵ ਦੇ ਦਿਲ ਵਿਚ ਛੇਕ ਹੈ ਅਤੇ ਤੁਰੰਤ ਇਲਾਜ ਕਰਵਾਇਆ ਜਾਵੇ ਨਹੀਂ ਤਾਂ ਜਾਨ ਨੂੰ ਖਤਰਾ ਹੈ। ਪਾਲੇ ਨੇ ਕੋਈ ਢਿਲ ਨਾ ਕੀਤੀ ਅਤੇ ਵੱਡੇ ਹਸਪਤਾਲ ਲੈ ਗਿਆ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਇਲਾਜ ਦੇ ਦੌਰਾਨ ਹੀ ਗੁਰਦੇਵ ਉਥੇ ਜਾ ਪੁਜੀ ਜਿਥੋਂ ਕਦੇ ਕੋਈ ਵਾਪਸ ਨਹੀਂ ਆਇਆ।

ਸਮਾਂ ਬਹੁਤ ਹੀ ਮੁਸ਼ਕਿਲ ਨਾਲ ਬੀਤਣ ਲਗਾ ਪਾਲੇ ਨੂੰ ਦਿਨ ਰਾਤ ਚੈਨ ਨਹੀਂ ਸੀ। ਚੰਗੀ ਆਰਥਿਕ ਹਾਲਤ ਹੋਣ ਕਾਰਨ ਪਿੰਡ ਦੇ ਲੋਕਾਂ ਨੇ ਵਿਚ ਪੈ ਕੇ ਪਾਲੇ ਨੂੰ ਸਮਝਾ ਬੁਝਾ ਕੇ ਕਿ ਤੇਰੀ ਉਮਰ ਹਾਲੇ ਮਸਾਂ 28-30 ਸਾਲ ਦੀ ਹੈ ਉਸ ਨੂੰ ਹੋਰ ਵਿਆਹ ਲਈ ਰਾਜ਼ੀ ਕਰ ਲਿਆ। ਘਰਾਂ ਵਿਚੋਂ ਹੀ ਉਸ ਨੂੰ ਰਿਸ਼ਤਾ ਕਰਵਾ ਦਿਤਾ। ਵਿਆਹ ਉਪਰ ਜ਼ਿਆਦਾ ਸ਼ੋਰ-ਸ਼ਰਾਬਾ ਨਾ ਕੀਤਾ ਗਿਆ। ਵਿਆਹ ਹੋਣ ਉਪਰੰਤ ਜ਼ਿੰਦਗੀ ਆਪਦੀ ਰਫਤਾਰ ਫੜਨ ਲਗੀ। ਪਾਲੇ ਦੇ ਘਰ ਚਾਰ ਪੁੱਤਰ ਪੈਦਾ ਹੋਏ। ਘਰ ਵਿਚ ਖੁਸ਼ੀਆਂ ਫਿਰ ਗੇੜੇ ਦੇਣ ਲੱਗੀਆਂ। ਮੁੰਡੇ ਜਵਾਨ ਹੋਣ ਲੱਗੇ ਪਹਿਲਾਂ ਵੱਡੇ ਮੁੰਡੇ ਦਾ ਅਤੇ ਫਿਰ ਛੋਟੇ ਮੁੰਡੇ ਦਾ ਵਿਆਹ ਕਰ ਦਿੱਤਾ ਗਿਆ। ਦੋ ਛੋਟੇ ਮੁੰਡੇ ਕੁੰਵਾਰੇ ਸਨ ਕਿ ਉਨ੍ਹਾਂ ਦੀ ਮਾਂ ਇਸ ਵਸਦੇ ਰਸਦੇ ਘਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਈ। ਇਹ ਸਦਮਾ ਪਾਲੇ ਲਈ ਵੱਡਾ ਸੀ। ਉਸ ਨੂੰ ਆਪਣੇ ਛੋਟੇ ਮੁੰਡਿਆਂ ਦਾ ਅਤੇ ਆਪਣਾ ਫਿਕਰ ਸਤਾਉਣ ਲੱਗਾ। ਕੁਝ ਦੇਰ ਤਾਂ ਇਕੱਠ ਨਿਭਦਾ ਰਿਹਾ ਪਰ ਬਾਅਦ ਵਿਚ ਮੁੰਡਿਆਂ ਨੂੰ ਆਪੋ ਧਾਪੀ ਪੈ ਗਈ ਅਤੇ ਪਾਲੇ ਨੂੰ ਇਹ ਹੂਲਾ ਫਕਣਾ ਪਿਆ ਸੀ ਅਤੇ ਪਰਦੇਸਣ ਨੂੰ ਘਰ ਲੈ ਕੇ ਆਉਣਾ ਪਿਆ। ਪਾਲੇ ਨੇ ਟਰੱਕ ਲਈ ਡ੍ਰਾਈਵਰ ਰੱਖ ਲਿਆ ਅਤੇ ਆਪ ਸਾਰਾ ਦਿਨ ਘਰੇ ਹੀ ਮੀਤੋ ਕੋਲ ਬੈਠਾ ਰਹਿੰਦਾ। ਦੋਵਾਂ ਮੁੰਡਿਆਂ ਨੂੰ ਟਰੱਕਾਂ ਉਪਰ ਟੋਰੀ ਰੱਖਦਾ ਸੀ। ਉਹ ਹਫਤਾ ਹਫਤਾ ਬਾਹਰ ਲੈ ਆਉਂਦੇ ਸਨ। ਘਰ ਵਿਚ ਪਾਲਾ ਅਤੇ ਮੀਤੋ ਰੰਗ ਰਲੀਆਂ ਮਨਾਉਂਦੇ ਰਹਿੰਦੇ ਸਨ। ਦੋਵੇਂ ਛੋਟੇ ਵੀ ਵੱਡੇ ਵਿਆਹੁਣ ਯੋਗ ਹੋ ਚੁਕੇ ਸਨ ਪਰੰਤੂ ਪਾਲੇ ਨੂੰ ਇਸ ਦਾ ਕੋਈ ਫਿਕਰ ਨਹੀਂ ਸੀ ਉਸ ਨੂੰ ਹਮੇਸ਼ਾ ਮੀਤੋ ਦਾ ਹੀ ਧਿਆਨ ਰਹਿੰਦਾ ਸੀ। ਉਸ ਲਈ ਮੰਡੀ ਤੋਂ ਕੁਝ ਨਾ ਕੁਝ ਲਿਆਈ ਰੱਖਦਾ ਸੀ ਕਦੇ ਨਵੇਂ ਸੂਟ ਅਤੇ ਕਦੇ ਗਹਿਣੇ ਲੈ ਕੇ ਆ ਜਾਂਦਾ ਸੀ। ਉਹ ਮੀਤੋ ਨੂੰ ਖੁਸ਼ ਰੱਖਣ ਦਾ ਯਤਨ ਰੱਖਦਾ ਸੀ ਪਰੰਤੂ ਮੀਤੋ ਨੂੰ ਹਾਣ-ਪ੍ਰਵਾਨ ਦੀ ਤਾਂਘ ਸੀ ਉਹ ਮੁੰਡਿਆਂ ਤੇ ਨਿਗਾਹ ਰੱਖਣ ਲੱਗੀ ਅਤੇ ਅਖੀਰ ਸੀਤੇ ਨੂੰ ਜੋ ਕਿ ਇਸ ਸਮੇਂ ਘਰ ਵਿਚ ਵੱਡਾ ਮੁੰਡਾ ਸੀ ਨੂੰ ਆਪਣੀ ਚਾਟ ਤੇ ਲੈ ਲਿਆ ਸੀ ਉਹ ਉਹਦੇ ਵਲ ਵਿਸ਼ੇਸ਼ ਰੁਚੀ ਰੱਖਦੀ ਸੀ। ਪਹਿਲਾਂ ਪਹਿਲਾਂ ਤਾਂ ਸੀਤੇ ਨੇ ਕੋਈ ਪ੍ਰਵਾਹ ਨਾ ਕੀਤੀ ਪਰ ਉਹ ਵੀ ਮੀਤੋ ਵਲ ਖਿੱਚੀਦਾ ਗਿਆ ਅਤੇ ਵੇਲੇ ਕੁਵੇਲੇ ਪਾਲੇ ਤੋਂ ਚੋਰੀ ਇਕ ਦੂਸਰੇ ਨੂੰ ਮਿਲਣ ਲਗੇ। ਮੀਤੋ ਕਿਸੇ ਨਾ ਕਿਸੇ ਬਹਾਨੇ ਪਾਲੇ ਨੂੰ ਸ਼ਹਿਰ ਭੇਜ ਦਿੰਦੀ ਅਤੇ ਆਪ ਸੀਤੇ ਨਾਲ ਰੰਗ ਰਲੀਆਂ ਮਨਾਉਣ ਲਗ ਪਈ। ਹੁਣ ਉਹ ਪੂਰੀ ਤਰ੍ਹਾਂ ਨਾਲ ਖੁਸ਼ ਸੀ ਉਸ

ਨੂੰ ਉਸ ਦਾ ਹਾਣ ਜੋ ਮਿਲ ਗਿਆ ਸੀ। ਸੀਤਾ ਵੀ ਕੋਈ ਨਾ ਕੋਈ ਬਿਮਾਰੀ ਦਾ ਬਹਾਨਾ ਬਣਾ ਘਰ ਹੀ ਰਹਿਣਾ ਪਸੰਦ ਕਰਦਾ ਸੀ ਉਹ ਆਪਣੇ ਛੋਟੇ ਭਰਾ ਨੂੰ ਕੰਮ ਤੇ ਭੇਜ ਦਿੰਦਾ ਸੀ ਅਤੇ ਨਸ਼ਾ ਵੀ ਕਰਨ ਲੱਗ ਪਿਆ ਸੀ।

ਪਾਲੇ ਨੂੰ ਸ਼ਰਾਬ ਤਾਂ ਪਹਿਲਾਂ ਹੀ ਚੰਗੀ ਲਗਦੀ ਸੀ ਹੁਣ ਉਹ ਕੰਮਜ਼ੋਰੀ ਮਹਿਸੂਸ ਕਰਦਾ ਸੀ ਇਸ ਲਈ ਹੋਰ ਨਸ਼ੇ ਵੀ ਕਰਨ ਲੱਗ ਪਿਆ ਸੀ। ਪਿਓ ਪੁੱਤ ਇੱਕ ਦੂਜੇ ਤੋਂ ਚੋਰੀ ਨਸ਼ੇ ਕਰਦੇ ਸਨ। ਸੀਤੇ ਨੂੰ ਵੀ ਚੋਰੀ ਦਾ ਗੁੜ ਮਿੱਠਾ  ਲਗਨ ਲੱਗ ਗਿਆ ਸੀ। ਛੋਟਾ ਮੁੰਡਾ ਘਸੀਟਾ ਆਪਣੇ ਕੰਮ ਵਿਚ ਹੀ ਮਸਤ ਰਹਿੰਦਾ ਸੀ। ਇਕ ਦਿਨ ਪਾਲੇ ਨੇ ਮੀਤੋ ਅਤੇ ਸੀਤੇ ਨੂੰ ਇਤਰਾਜ਼ਯੋਗ ਹਾਲਤ ਵਿਚ ਦੇਖ ਲਿਆ। ਉਸ ਨੇ ਰੌਲਾ ਨਾ ਪਾਇਆ ਪਰੰਤੂ ਇਹ ਗੱਲ ਉਸ ਨੂੰ ਬਹੁਤ ਹੀ ਭੈੜੀ ਲੱਗੀ। ਉਸ ਨੇ ਦਿਨ ਵੇਲੇ ਹੀ ਸ਼ਰਾਬ ਪੀਣੀ ਸ਼ੁਰੂ ਕਰ ਲਈ। ਭਾਵੇਂ ਮੀਤੋ ਨੂੰ ਇਹ ਭਿਣਕ ਪੈ ਗਈ ਕਿ ਪਾਲੇ ਨੂੰ ਮੇਰੇ ਤੇ ਸੀਤੇ ਦੇ ਸਬੰਧਾਂ ਬਾਰੇ ਪਤਾ ਲੱਗ ਗਿਆ ਹੈ ਪਰ ਉਸ ਨੇ ਪ੍ਰਵਾਹ ਨਾ ਕੀਤੀ। ਮੀਤੋ ਨੇ ਜਾਣ ਬੁਝ ਕੇ ਪਾਲੇ ਦੀ ਪ੍ਰਵਾਹ ਕਰਨੀ ਛੱਡ ਦਿਤੀ। ਪਾਲਾ ਅੰਦਰੋਂ ਅੰਦਰ ਘੁੱਟ ਘੁੱਟ ਕੇ ਜਿਉ ਰਿਹਾ ਸੀ। ਨਸ਼ਾ ਵੀ ਪਹਿਲਾਂ ਨਾਲੋਂ ਵਧੇਰੇ ਕਰਨ ਲੱਗਾ। ਅਖੀਰ ਉਹ ਹੀ ਹੋਇਆ ਜਿਸ ਦਾ ਸ਼ੱਕ ਸੀ ਨਸ਼ੇ ਦੀ ਬਹੁਤਾਤ ਕਾਰਨ ਇਕ ਦਿਨ ਪਾਲਾ ਸਵੇਰ ਵੇਲੇ ਆਪਣੇ ਮੰਜੇ ਤੋਂ ਨਾ ਉਠਿਆ ਜਦੋਂ ਛੋਟੇ ਘਸੀਟੇ ਨੇ ਆਪਣੇ ਬਾਪ ਨੂੰ ਹਿਲਾਇਆ ਅਤੇ ਉਹ ਨਾ ਹਿਲਿਆ ਨਾ ਬੋਲਿਆ। ਉਸ ਨੇ ਰੌਲਾ ਪਾਇਆ ਸਾਰੇ ਲੋਕ ਇਕੱਠੇ ਹੋ ਗਏ। ਵੱਡੇ ਮੁੰਡੇ ਜਿਹੜੇ ਅੱਡ ਹੋ ਗਏ ਸਨ ਉਨ੍ਹਾਂ ਨੂੰ ਬੁਲਾਇਆ ਗਿਆ ਪਰੰਤੂ ਉਨ੍ਹਾਂ ਨੇ ਆਉਣ ਦੀ ਕੋਈ ਲੋੜ ਨਾ ਮਹਿਸੂਸ ਕੀਤੀ। ਸੀਤੇ ਅਤੇ ਘਸੀਟੇ ਨੇ ਰਲ ਕੇ ਆਪਣੇ ਪਿਤਾ ਦਾ ਸਸਕਾਰ ਕਰ ਦਿੱਤਾ। ਮੀਤੋ ਨੇ ਰੋ ਰੋ ਕਰ ਆਪਣਾ ਬੁਰਾ ਹਾਲ ਕਰ ਲਿਆ ਸੀ। ਭਾਵੇਂ ਉਹ ਦੁਨੀਆਂ ਦੀ ਨਜ਼ਰਾਂ ਵਿਚ ਰੰਡੀ ਹੋ ਗਈ ਸੀ ਪਰ ਸੀਤੇ ਦੀ ਹਾਜ਼ਰੀ ਵਿਚ ਉਹ ਖੁਸ਼ ਸੀ। ਸਮਾਂ ਪਾ ਕੇ ਘਸੀਟੇ ਦਾ ਵਿਆਹ ਕਰ ਦਿਤਾ ਗਿਆ।

# ਮੰਗਲ ਦਾ ਘਰ

ਮੰਗਲ ਅਤੇ ਮੋਹਨ ਨੂੰ ਅੱਜ ਕਲ ਛੁੱਟੀਆਂ ਹੋ ਗਈਆਂ ਸਨ ਕਿਉਂ ਕਿ ਕੋਵਿਡ ਬੜੀ ਘਾਤਕ ਮਾਰੋ ਮਾਰ ਕਰ ਰਿਹਾ ਸੀ। ਸਰਕਾਰ ਨੇ ਗਰਮੀਆਂ ਦੀਆ ਛੁੱਟੀਆਂ ਸਮੇਂ ਤੋਂ ਪਹਿਲਾਂ ਕਰ ਦਿਤੀਆਂ ਸਨ ਉਧਰ ਗਰਮੀ ਵੀ ਜ਼ੋਰ ਨਾਲ ਪੈਣੀ ਸ਼ੁਰੂ ਹੋ ਗਈ ਸੀ। ਬਿਜਲੀ ਦੇ ਕੱਟ ਲਗਨੇ ਸ਼ੁਰੂ ਹੋ ਚੁਕੇ ਸਨ। ਮੰਗਲ ਦਾ ਘਰ ਖੁਲਾ ਡੁਲਾ ਸੀ ਵੇਹੜੇ ਵਿਚ ਛਾਂ ਵਾਲੇ ਰੁੱਖ ਲੱਗੇ ਹੋਏ ਸਨ ਇਸ ਕਾਰਨ ਸਾਰਾ ਪਰਿਵਾਰ ਦਿਨ ਦਾ ਬਹੁਤਾ ਸਮਾਂ ਇਨ੍ਹਾਂ ਰੁੱਖਾਂ ਥਲੇ ਹੀ ਬਤੀਤ ਕਰਿਆ ਕਰਦਾ ਸੀ। ਜਦੋਂ ਹਵਾ ਨਾਲ ਪੱਤੇ ਹਿਲਦੇ ਹੁੰਦੇ ਤਾਂ ਇੰਜ ਲਗਦਾ ਹੈ ਪੱਤੇ ਖੁਸ਼ ਹੋ-ਹੋ ਤਾੜੀਆਂ ਮਾਰ ਰਹੇ ਹਨ ਕਿ ਅਸੀਂ ਹਵਾ ਦੇ ਕੇ ਮਨੁੱਖਤਾ ਦੀ ਸੇਵਾ ਕਰ ਰਹੇ ਹਾਂ। ਮੰਗਲ ਦੀ ਦਾਦੀ ਨੂੰ ਪੂਰੀ ਹੋਇਆ ਹਾਲੇ ਇਕ ਸਾਲ ਹੀ ਹੋਇਆ ਸੀ। ਉਹ ਕਾਫੀ ਸਮੇਂ ਤੋਂ ਬਿਮਾਰ ਰਹਿੰਦੀ ਸੀ। ਅਖੀਰ ਬਿਮਾਰੀ ਨੇ ਉਸ ਨੂੰ ਦੱਬ ਲਿਆ ਸੀ। ਭਾਵੇਂ ਬਿਮਾਰੀ ਦੀ ਪਛਾਣ ਤਾਂ ਨਹੀਂ ਹੋ ਸਕੀ ਸੀ ਪਰੰਤੂ ਜਾਪਦਾ ਸੀ ਉਸ ਨੂੰ ਲੰਮੇ ਸਮੇਂ ਤੋਂ ਲੱਗੀ ਖੰਘ ਹੀ ਉਸ ਦੀ ਮੌਤ ਦਾ ਕਾਰਨ ਬਣੀ ਸੀ।

ਦਰਖਤਾਂ ਦੀ ਛਾਵੇਂ ਖੇਡਣ ਲਈ ਅਕਸਰ ਮੰਗਲ ਦੇ ਆਂਢ ਗੁਆਂਢ ਦੇ ਮੁੰਡੇ ਅਤੇ ਕੁੜੀਆਂ ਉਨ੍ਹਾਂ ਦੇ ਘਰ ਆ ਜਾਂਦੇ ਸਨ। ਉਹ ਸਾਰੇ ਰਲ ਕੇ ਖੇਡਦੇ ਸਨ। ਇਕ ਦਿਨ ਜਦੋਂ ਉਹ ਖੇਡ ਰਹੇ ਸਨ ਤਾਂ ਮੰਗਲ ਦੇ ਦਾਦੇ ਨੇ ਉਨ੍ਹਾਂ ਨੂੰ ਆਪਣੇ ਕੋਲ ਬਿਠਾ ਲਿਆ ਅਤੇ ਉਨ੍ਹਾਂ ਨਾਲ ਗੱਲਾਂ ਕਰਨ ਲਗਾ। ਬੱਚੇ ਵੀ ਗੱਲਾਂ ਵਿਚ ਦਿਲਚਸਪੀ ਦਿਖਾ ਰਹੇ ਸਨ ਅਤੇ ਉਤਸੁਕਤਾ ਨਾਲ ਸਵਾਲ ਪੁੱਛ ਰਹੇ ਸਨ। ਮੰਗਲ ਦਾ ਦਾਦਾ ਪਿੰਡ ਦੇ ਸਕੂਲ ਵਿਚ ਮਾਸਟਰ ਲੱਗਾ ਰਿਹਾ ਸੀ ਜੋ ਹੁਣ ਸੇਵਾ ਮੁਕਤ ਹੋ ਚੁਕਾ ਸੀ ਉਸ ਨੂੰ ਵੀ ਬੱਚਿਆਂ ਨਾਲ ਗੱਲਾਂ ਕਰ ਕੇ ਆਨੰਦ ਆਉਂਦਾ ਸੀ। ਉਸ ਨੇ ਬੱਚਿਆਂ ਨੂੰ ਸਰੀਰ ਦੀ ਕਿਰਿਆ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਸਾਡੇ ਸਰੀਰ ਵਿਚ 206 ਹੱਡੀਆਂ ਹਨ। ਹਾਂ ਜੀ ਬਾਬਾ ਜੀ। ਜਦੋਂ ਅਸੀਂ ਮੁੰਨਾ ਭਾਈ ਵਾਲੀ ਫਿਲਮ ਦੇਖੀ ਸੀ ਉਸ ਵਿਚ ਮੁੰਨੇ ਨੇ ਕਿਹਾ ਸੀ ਕਿ ਸਾਡੇ ਸਰੀਰ ਵਿਚ 206 ਹੱਡੀਆਂ ਹਨ ਪਰ ਜਦੋਂ ਅਸੀਂ ਕਿਸੇ ਨਾਲ ਲੜ ਕੇ ਉਸ ਦੀਆਂ ਹੱਡੀਆਂ ਤੋੜਦੇ ਹਾਂ ਅਸੀਂ ਤਾਂ ਕਦੇ ਖਿਆਲ ਵੀ ਨਹੀਂ ਕੀਤਾ ਹੈ ਕਿ ਕਿੰਨੀਆਂ ਤੋੜੀਆਂ ਹਨ। ਇਹ ਸੁਣ ਬਾਬਾ ਜੀ ਹੱਸ ਪਏ ਕਿ ਬੱਚਿਆਂ ਦੇ ਮਨਾਂ ਤੇ ਫ਼ਿਲਮਾਂ ਦਾ ਅਸਰ ਕਿਤਨਾ ਹੁੰਦਾ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਇਨ੍ਹਾਂ ਹੱਡੀਆਂ ਨੂੰ ਚਮੜੀ ਨੇ ਢੱਕ ਕੇ ਰਖਿਆ ਹੋਇਆ ਹੈ। ਜਿਹੜਾ ਭੋਜਨ ਅਸੀਂ ਖਾਂਦੇ ਹਾਂ ਉਸ ਨਾਲ ਸਾਡੇ ਸਰੀਰ ਨੂੰ ਤਾਕਤ ਮਿਲਦੀ ਹੈ। ਸਾਨੂੰ ਭੋਜਨ ਖਾਣ ਸਮੇਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ ਕਰ ਲੈਣਾ

ਚਾਹੀਦਾ ਹੈ। ਬੱਚੇ ਫਿਰ ਇਕੱਠੇ ਬੋਲੇ ਕਿ ਸਾਡੇ ਅਧਿਆਪਕ ਨੇ ਸਾਨੂੰ ਦੱਸਿਆ ਸੀ ਕਿ ਕੋਵਿਡ ਤੋਂ ਬੱਚਣ ਲਈ ਸਾਨੂੰ ਵਾਰ ਵਾਰ ਹੱਥ ਸਾਫ ਕਰਨੇ ਚਾਹੀਦੇ ਅਤੇ ਆਪੋ ਵਿਚ ਵੀ 6 ਫੁੱਟ ਦੀ ਦੂਰੀ ਰੱਖਣੀ ਹੈ ਅਤੇ ਮੂੰਹ ਉਪਰ ਮਾਸਕ ਰੱਖਣਾ ਹੈ। ਇਸ ਲਈ ਅਸੀਂ ਆਪੋ ਵਿਚ ਦੂਰੀ ਬਣਾ ਕੇ ਬੈਠੇ ਹਾਂ ਅਤੇ ਮਾਸਕ ਵੀ ਪਾਏ ਹੋਏ ਹਨ। ਦਾਦਾ ਜੀ ਬੋਲੇ ਸ਼ਾਬਾਸ਼! ਤੁਸੀਂ ਹੁਣ ਸਿਆਣੇ ਹੋ ਗਏ ਹੋ। ਇਸ ਤਰ੍ਹਾਂ ਅਧਿਆਪਕਾਂ ਦੀਆ ਗੱਲਾਂ ਦਾ ਧਿਆਨ ਰੱਖੋਗੇ ਤਾਂ ਆਪਣੀ ਜ਼ਿੰਦਗੀ ਵਿਚ ਕੁਝ ਬਣ ਜਾਵੋਗੇ। ਮੈਂ ਤੁਹਾਨੂੰ ਦੱਸ ਰਿਹਾ ਸੀ ਕਿ ਭੋਜਨ ਸਾਨੂੰ ਤਾਕਤ ਦਿੰਦਾ ਹੈ ਅਤੇ ਸਾਡੇ ਅੰਦਰ ਬਿਮਾਰੀ ਦੇ ਕੀਟਾਣੂਆਂ ਨਾਲ ਲੜਨ ਦੀ ਤਾਕਤ ਵੀ ਭੋਜਨ ਤੋਂ ਹੀ ਪ੍ਰਾਪਤ ਹੁੰਦੀ ਹੈ। ਸਾਰੇ ਬਚੇ ਬੋਲੇ ਸਾਨੂੰ ਦਸੋ ਬਾਬਾ ਜੀ ਉਹ ਕਿਸ ਤਰ੍ਹਾਂ ?

ਕੁਦਰਤ ਵਲੋਂ ਸਾਨੂੰ ਕੁਦਰਤੀ ਰੋਗ ਰਹਿਤਤਾ ਬਖਸ਼ੀ ਹੋਈ ਹੈ।

ਬਾਬਾ ਜੀ ਉਹ ਕੀ ਹੁੰਦੀ ਹੈ ?

ਬਾਬਾ ਜੀ ਬੋਲੇ, ਕਾਹਲੇ ਨਾ ਪਓ ਮੈਂ ਦੱਸਦਾ ਹਾਂ।

ਮਨੁੱਖ ਦੇ ਸਰੀਰ ਦੀ ਬਣਤਰ ਅਜੇਹੀ ਬਣਾਈ ਗਈ ਹੈ ਕਿ ਅਸੀਂ ਵੱਖ-ਵੱਖ ਕੀਟਾਣੂਆਂ ਦਾ ਮੁਕਾਬਲਾ ਕਰ ਸਕੀਏ। ਇਹ ਸ਼ਕਤੀ ਮਨੁੱਖੀ ਖੂਨ ਦੇ ਅੰਦਰ ਹੀ ਮੌਜੂਦ ਹੁੰਦੀ ਹੈ। ਸਾਡੇ ਖੂਨ ਤਿੰਨ ਤਰ੍ਹਾਂ ਦੇ ਸੂਖ਼ਮ ਕਣਾਂ ਦਾ ਬਣਿਆ ਹੁੰਦਾ ਹੈ ਉਹ ਹਨ :

1 ਲਾਲ ਕਣ ਜਾਂ ਲਾਲ ਰਕਤਾਣੂ

2 ਚਿੱਟੇ ਕਣ ਜਾਂ ਚਿੱਟੇ ਰਕਤਾਣੂ

3 ਪਲੇਟਲੈਟਸ

ਇਨ੍ਹਾਂ ਤਿੰਨਾਂ ਦੇ ਵੱਖਰੇ ਵੱਖਰੇ ਕੰਮ ਹਨ ਅਤੇ ਇਹ ਤਿੰਨੇ ਹੀ ਸਰੀਰ ਦੇ ਅੰਦਰ ਪਲਾਜ਼ਮਾ ਨਾਮ ਦੇ ਤਰਲ ਵਿਚ ਵਿਚ ਤੈਰਦੇ ਰਹਿੰਦੇ ਹਨ। ਖੂਨ ਬਿਨਾ ਛੁੱਟੀ ਲਏ ਸਾਡੀ ਭੋਜਨ ਪ੍ਰਣਾਲੀ ਵਿਚੋਂ ਪਚਿਆ ਭੋਜਨ ਅਤੇ ਫੇਫੜਿਆਂ ਵਿਚੋਂ ਆਕਸੀਜਨ ਲੈ ਕੇ ਸਰੀਰ ਦੇ ਅੰਦਰ ਹਰੇਕ ਸੈੱਲ ਤਕ ਪੁੱਜਦੇ ਕਰਨ ਵਿਚ ਰੁਝਿਆ ਰਹਿੰਦਾ ਹੈ। ਖੂਨ ਦਾ ਇਹ ਕੰਮ ਸਾਡੇ ਸੁਤਿਆਂ ਵੀ ਚਲਦਾ ਰਹਿੰਦਾ ਹੈ। ਖੂਨ ਵਿਚ ਮਜੂਦ ਚਿੱਟੇ ਰਕਤਾਣੂ ਤਾਂ ਫੌਜੀਆਂ ਦੀ ਤਰ੍ਹਾਂ ਤਿਆਰ ਬਰ ਤਿਆਰ ਰਹਿੰਦੇ ਹਨ ਅਤੇ ਇਹ ਸਾਡੇ ਸਰੀਰ ਦੇ ਅੰਦਰ ਦਾਖਲ ਹੋਣ ਵਾਲੇ ਦੁਸ਼ਮਣਾਂ ਦੀ ਪਛਾਣ ਕਰ ਉਨ੍ਹਾਂ ਨੂੰ ਖਤਮ ਕਰ ਦੇਣ ਦਾ ਕੰਮ ਕਰ ਸਾਨੂੰ ਰਿਸ਼ਟ ਪੁਸ਼ਟ ਰੱਖਣ ਵਿਚ ਸਹਾਈ ਹੁੰਦੇ ਹਨ। ਇਸ ਕੰਮ ਨੂੰ ਅਸੀਂ ਰੋਗ ਰਹਿਤਤਾ ਆਖਦੇ ਹਾਂ। ਇਹ ਹਰ ਆਦਮੀ ਦੇ ਅੰਦਰ ਵੱਖਰੀ ਵੱਖਰੀ ਹੋਇਆ ਕਰਦੀ ਹੈ। ਕਿਸੇ ਆਦਮੀ ਦੇ ਅੰਦਰ ਘਟ ਅਤੇ ਕਿਸੇ ਦੇ ਅੰਦਰ ਵਧੇਰੇ ਹੁੰਦੀ ਹੈ। ਜਿਨ੍ਹਾਂ ਆਦਮੀਆਂ ਦੇ ਅੰਦਰ ਘਟ ਰੋਗ ਰਹਿਤਤਾ ਹੁੰਦੀ ਹੈ ਉਹ ਤਾਂ ਰੋਗੀ ਵੀ ਛੇਤੀ ਹੋ ਜਾਂਦੇ ਹਨ। ਸਾਫ ਸੁਥਰਾ ਅਤੇ ਊਰਜਾ ਭਰਪੂਰ ਭੋਜਨ ਖਾ ਕੇ ਅਸੀਂ ਰੋਗ ਰਹਿਤਤਾ ਨੂੰ ਵਧਾ ਸਕਦੇ ਹਾਂ। ਬਜ਼ਾਰੀ ਭੋਜਨ ਜਿਸ ਉਪਰ ਮੱਖੀਆਂ ਆਪਣਾ ਰਾਗ ਅਲਾਪ ਰਹੀਆਂ ਹੋਣ ਬਿਲਕੁਲ ਵੀ ਨਹੀਂ ਖਾਣਾ

ਚਾਹੀਦਾ ਹੈ।

ਵਿਗਿਆਨ ਨੇ ਵੱਖਰੀਆਂ ਵੱਖਰੀਆਂ ਖੋਜਾਂ ਕਰ ਸਾਡੇ ਅੰਦਰਲੇ ਫੌਜੀਆਂ ਨੂੰ ਤਾਕਤਵਰ ਕਰ ਕੇ ਦੁਸ਼ਮਣ ਕੀਟਾਣੂਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾ ਲਿਆ ਹੈ। ਤੁਹਾਨੂੰ ਯਾਦ ਹੋਵੇਗਾ ਕਿ ਤੁਹਾਨੂੰ ਤੁਹਾਡੇ ਮਾਪਿਆਂ ਨੇ ਬਚਪਨ ਵਿਚ ਹੀ ਕੁਝ ਟੀਕੇ ਲਵਾਏ ਹੋਣਗੇ ਜਿਨ੍ਹਾਂ ਨਾਲ ਤੁਹਾਡੇ ਅੰਦਰ ਕਾਲੀ ਖੰਘ, ਚੇਚਕ, ਖਸਰਾ ਅਤੇ ਪੋਲੀਓ ਆਦਿ ਜਿਹੀਆਂ ਖ਼ਤਰਨਾਕ ਬਿਮਾਰੀਆਂ ਨਾਲ ਲੜਨ ਦੀ ਤਾਕਤ ਬਣ ਗਈ ਹੈ। ਇਹ ਪ੍ਰਕਿਰਿਆ ਟੀਕਾਕਰਣ ਅਖਵਾਂਦੀ ਹੈ, ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦੇ ਅੰਦਰ ਅਗਾਉਂ ਹੀ ਇਨ੍ਹਾਂ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਪ੍ਰਦਾਨ ਕਰ ਦਿਤੀ ਜਾਂਦੀ ਹੈ। ਜਦੋਂ ਵੀ ਇਨ੍ਹਾਂ ਵਿਚੋਂ ਕੋਈ ਬਿਮਾਰੀ ਹਮਲਾ ਕਰਨ ਦਾ ਯਤਨ ਕਰਦੀ ਸਾਡੇ ਸਰੀਰ ਦੇ ਅੰਦਰਲੇ ਫੌਜੀ ਝੱਟ ਹੀ ਦੁਸ਼ਮਣਾਂ ਦਾ ਮੁਕਬਲਾ ਕਰ ਉਨ੍ਹਾਂ ਕੀਟਾਣੂਆਂ ਨੂੰ ਖਤਮ ਕਰ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਸਹਾਇਤਾ ਕਰਦੇ ਹਨ।

ਬੱਚਿਆਂ ਨੇ ਪੁੱਛਿਆ ਕਿ ਜਿਹੜੀ ਨਵੀਂ ਬਿਮਾਰੀ ਕੋਵਿਡ ਹੈ ਇਸ ਦੇ ਵਿਰੁੱਧ ਟੀਕਾ ਕਰਨ ਹੋ ਸਕਦਾ ਹੈ।

ਬਾਬਾ ਜੀ ਨੇ ਆਖਿਆ ਕਿ ਹਾਂ।

ਵਿਗਿਆਨੀਆਂ ਨੇ ਪੂਰੀ ਮਿਹਨਤ ਕਰ ਕੇ ਇਕ ਸਾਲ ਦੇ ਅੰਦਰ ਹੀ ਇਸ ਦਾ ਟੀਕਾ ਲੱਭ ਲਿਆ ਹੈ ਅਤੇ ਟੀਕਾ ਕਰਣ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ ਜਦੋਂ ਸਾਰਿਆਂ ਨੂੰ ਟੀਕਾ ਲੱਗ ਜਾਵੇਗਾ ਤਾਂ ਅਸੀਂ ਸੁਰੱਖਿਅਤ ਹੋ ਜਾਵਾਂਗੇ ਅਤੇ ਫਿਰ ਜ਼ਿੰਦਗੀ ਆਮ ਵਾਂਗ ਹੋ ਜਾਵੇਗੀ। ਪਰੰਤੂ ਯਾਦ ਰੱਖੋ ਜਦੋਂ ਤਕ ਸਾਰਿਆਂ ਦੇ ਅੰਦਰ ਰੋਗ ਰਹਿਤਤਾ ਨਹੀਂ ਹੋ ਜਾਂਦੀ ਕੋਵਿਡ ਤੋਂ ਬਚਾ ਲਈ ਵਾਰ ਵਾਰ ਹੱਥ ਧੋਣੇ,ਮਾਸਕ ਪਹਿਨਣਾ ਅਤੇ ਆਪਸੀ ਦੂਰੀ ਬਣਾਈ ਰੱਖਣ ਦੀ ਲੋੜ ਹੈ। ਆਪਣੇ ਆਪਣੇ ਘਰ ਜਾ ਕੇ ਇਸ ਬਿਮਾਰੀ ਬਾਰੇ ਜਰੂਰ ਦਸੋ ਅਤੇ ਕਹੋ ਕਿ ਜਿੰਨੀ ਛੇਤੀ ਹੋ ਸਕੇ ਕੋਵਿਡ ਤੋਂ ਬੱਚਣ ਲਈ ਟੀਕੇ ਲਵਾ ਲੈ ਜਾਣ।

ਸਾਰੇ ਬੱਚੇ ਇਕੱਠੇ ਬੋਲੇ ਅਸੀਂ ਘਰ ਜਾ ਕੇ ਜਰੂਰ ਦਸਾਂਗੇ ਬਾਬਾ ਜੀ।

ਸ਼ਾਬਾਸ਼ ਬੱਚਿਓ ! ਹੁਣ ਘਰਾਂ ਨੂੰ ਜਾਓ ਸਮਾਂ ਬਹੁਤ ਹੋ ਚੁਕਾ ਹੈ ਤੁਹਾਡੇ ਘਰ ਦੇ ਲੱਭਦੇ ਫਿਰਦੇ ਹੋਣਗੇ।

ਬੱਚੇ ਬੋਲੇ ਬਾਬਾ ਜੀ ਅਸੀਂ ਤਾਂ ਦੱਸ ਕੇ ਆਏ ਸੀ ਕਿ ਅਸੀਂ ਮੰਗਲ ਘਰ ਖੇਡਣ ਚਲੇ ਹਾਂ ਅਤੇ ਨਾਲੇ ਬਾਬਾ ਜੀ ਤੋਂ ਚੰਗੀਆਂ ਗੱਲਾਂ ਸਿੱਖ ਕੇ ਆਵਾਂਗੇ।

ਸਾਰੇ ਬੱਚੇ ਆਪਣੇ ਆਪਣੇ ਘਰਾਂ ਨੂੰ ਜਾਣ ਲੱਗੇ।

# ਨਿਯੁਕਤੀ ਪੱਤਰ

ਸ਼ਹਿਰ ਦੀ ਮਸ਼ਹੂਰ ਕੰਪਨੀ ਵਿਚ ਇਕ ਡਿਪਟੀ ਮੈਨੇਜਰ ਦੀ ਪੋਸਟ ਖਾਲੀ ਸੀ, ਉਸ ਲਈ ਇੰਟਰਵਿਊ ਕੀਤੀ ਜਾਣੀ ਸੀ। ਕੇਵਲ ਤਿੰਨ ਹੀ ਉਮੀਦਵਾਰ ਸਮੇਂ ਤੇ ਪੁਜੇ ਸਨ। ਕੰਪਨੀ ਦੇ ਮਾਲਕ ਵਲੋਂ ਪਹਿਲੇ ਉਮੀਦਵਾਰ ਨੂੰ ਬੁਲਾਇਆ ਤੇ ਸਵਾਲ ਪੁੱਛਿਆ ਕਿ ਦੋ ਅਤੇ ਦੋ ਕਿਤਨੇ ਹੁੰਦੇ ਹਨ।

ਉਮੀਦਵਾਰ ਜਿਹੜਾ ਵਿਗਿਆਨ ਦੀ ਉਚੇਰੀ ਡਿਗਰੀ ਰੱਖਦਾ ਸੀ ਨੇ ਸੋਚਿਆ ਅਤੇ ਪੂਰਾ ਵਿਗਿਆਨ ਦਾ ਢੰਗ ਸਮਝਾਇਆ ਅਤੇ ਦੱਸਿਆ ਕਿ ਸ਼੍ਰੀਮਾਨ ਜੀ ਦੋ ਅਤੇ ਦੋ ਚਾਰ ਹੁੰਦੇ ਹਨ।

ਮਾਲਕ ਨੇ ਦੂਜੇ ਉਮੀਦਵਾਰ ਨੂੰ ਬੁਲਾਇਆ ਅਤੇ ਪੁੱਛਿਆ ਕਿ ਦੋ ਅਤੇ ਦੋ ਕਿਤਨੇ ਹੁੰਦੇ ਹਨ।

ਦੂਸਰਾ ਉਮੀਦਵਾਰ ਜਿਹੜਾ ਐਮ.ਬੀ.ਏ. ਸੀ ਨੇ ਸਮਝਾਇਆ ਕਿ ਪ੍ਰਬੰਧਨ ਵਿਚ ਦੋ ਅਤੇ ਦੋ ਚਾਰ ਬਣਦੇ ਹਨ।

ਮਾਲਕ ਨੇ ਤੀਸਰੇ ਉਮੀਦਵਾਰ ਨੂੰ ਬੁਲਾਇਆ ਅਤੇ ਉਸ ਨੂੰ ਵੀ ਪੁੱਛਿਆ ਕਿ ਦੋ ਅਤੇ ਦੋ ਕਿਤਨੇ ਹੁੰਦੇ ਹਨ।

ਤੀਸਰਾ ਉਮੀਦਵਾਰ ਜੋ ਇਕ ਲੇਖਾਕਾਰ (ਅਕਾਊਂਟੈਂਟ) ਸੀ ਆਪਣੀ ਕੁਰਸੀ ਤੋਂ ਉਠਿਆ ਅਤੇ ਦਰਵਾਜ਼ੇ ਨੂੰ ਅੰਦਰੋਂ ਚਿਟਕਣੀ ਲਾ ਕੇ ਬੰਦ ਕੀਤਾ ਅਤੇ ਵਾਪਿਸ ਕੁਰਸੀ ਤੇ ਬੈਠ ਮਾਲਕ ਨੂੰ ਆਖਿਆ ਕਿ ਸ੍ਰੀਮਾਨ ਜੀ ਦੋ ਅਤੇ ਦੋ ਉਤਨੇ ਹੁੰਦੇ ਹਨ ਜਿਤਨੇ ਤੁਸੀਂ ਚਾਹੋਗੇ। ਹੁਣ ਤੁਸੀਂ ਦਸੋ ਕਿ ਦੋ ਅਤੇ ਦੋ ਕਿਤਨੇ ਬਣਾਉਣੇ ਹਨ।

ਮਾਲਿਕ ਖੁਸ਼ ਹੋਇਆ ਅਤੇ ਉਸ ਨੂੰ ਨਿਯੁਕਤੀ ਪੱਤਰ ਦੇ ਦਿੱਤਾ ਗਿਆ।

# ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ

ਹੀਰ ਰਾਂਝੇ ਦੇ ਕਿਸੇ ਨੂੰ ਬੈਂਤਾਂ ਵਿਚ ਲਿਖਣ ਤੋਂ ਪਹਿਲਾਂ ਇਹਨਾਂ ਦੀ ਪ੍ਰੀਤ ਕਹਾਣੀ ਨੂੰ ਕਵਿਤਾ ਦੀ ਮਾਲਾ ਵਿਚ ਪਰੋਇਆ ਜਾ ਚੁਕਾ ਸੀ। ਇਹ ਕੰਮ ਕਰਨ ਵਾਲਿਆਂ ਵਿਚ ਦਮੋਦਰ (ਸਮਾਂ 1486 ਈ. ਤੋਂ 1568 ਈ.) ਦਾ ਨਾਮ ਸਾਰਿਆਂ ਤੋਂ ਉਪਰ ਆਓਂਦਾ ਹੈ। ਫਿਰ ਇਸੇ ਲੜੀ ਵਿਚ ਅਹਿਮਦ ਗੁਜਰ (ਸਮਾਂ 1692 ਈ), ਗੁਰਦਾਸ ਗੁਣੀ (ਸਮਾਂ 1706 ਈ.), ਮੀਆਂ ਅਵਾਨ (ਸਮਾਂ 1710 ਈ.) ਨਾਬੀਨਾ ਕਵੀ ਮੁਕਬਿਲ (ਸਮਾਂ 1746 ਤੋਂ 47 ਈ.) ਆਉਂਦੇ ਹਨ। ਸ਼ਾਇਦ ਅਹਮਦ ਗੁੱਜਰ ਪਹਿਲਾ ਕਵੀ ਸੀ ਜਿਸ ਨੇ ਇਸ ਕਹਾਣੀ ਨੂੰ ਬੈਂਤਾਂ ਵਿਚ ਲਿਖਿਆ ਸੀ ਅਤੇ ਇਸੇ ਧਰਤਪੁਰ ਪਿੱਛੋਂ ਮੁਕਬਿਲ ਨੇ ਵੀ ਆਪਣਾ ਹੱਥ ਇਸ ਕਿੱਸੇ ਉਪਰ ਅਜਮਾਇਆ ਜਿਸ ਨੂੰ ਵਾਰਿਸ ਸ਼ਾਹ ਨੇ ਆਪਣੇ ਲਈ ਨਮੂਨਾ ਬਣਾਇਆ।

(1. ਹਵਾਲਾ ਪੰਨਾ 31, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ)

ਅੱਜ ਹੀਰ ਪੰਜਾਬੀ ਲੋਕ ਅਵਚੇਤਨ ਦਾ ਕੇਂਦਰੀ ਹਿੱਸਾ ਹੈ। ਇਸੇ ਲਈ ਅੱਜ ਤਕ ਸੌ ਤੋਂ ਵੱਧ ਵਾਰ ਹੀਰ ਦਾ ਕਿੱਸਾ ਲਿਖਿਆ ਗਿਆ ਅਤੇ ਬਹੁਤ ਸਾਰੇ ਗੀਤਾਂ ਵਿਚ ਅਤੇ ਲੋਕ ਗੀਤਾਂ ਵਿਚ ਵੀ ਹੀਰ ਦਾ ਬਿੰਬ ਵਰਤਿਆ ਗਿਆ ਹੈ। ਹੀਰ ਪੰਜਾਬੀ ਸਭਿਆਚਾਰ ਦੀ ਰੀੜ੍ਹ ਬਣ ਚੁਕੀ ਹੈ। ਹੀਰ ਦੀ ਕਹਾਣੀ ਪੱਕੀ ਪ੍ਰੀਤ ਤੇ ਪੁਰਾਣੇ ਗੁੜ ਵਾਂਗ ਹੀ ਪੁਰਾਣੀ ਤੇ ਮਿੱਠੀ ਹੈ ਅਤੇ ਪੰਜਾਬ ਦੇ ਦਰਿਆਵਾਂ ਵਾਂਗ ਇਸ ਦੇ ਸੋਮੇ ਵੀ ਉਤਨੇ ਹੀ ਡੂੰਘੇ ਅਤੇ ਵਿਸਤ੍ਰਿਤ ਹਨ।

ਅਨੇਕਾਂ ਕਿੱਸੇ ਹੋਣ ਦੇ ਬਾਵਜੂਦ ਵਾਰਿਸ ਸ਼ਾਹ ਦੀ ਹੀਰ ਦਾ ਕੇਂਦਰੀ ਸਥਾਨ ਹੈ ਅਤੇ ਉਸ ਨੇ ਇਕ ਕਿਸਮ ਨਾਲ ਹੀਰ ਨੂੰ ਰਾਂਝੇ ਕੋਲੋਂ ਖੋਹ ਹੀ ਲਈ ਹੈ ਕਿਓਂਕਿ ਅੱਜ ਹੀਰ ਨੂੰ ਵਾਰਿਸ ਸ਼ਾਹ ਨਾਲ ਯਾਦ ਕੀਤਾ ਜਾਂਦਾ ਹੈ ਵਾਰਿਸ ਤਕ ਹੀਰ ਨੂੰ ਪੁਜਦਿਆਂ ਉਸ ਹੀਰ ਨੂੰ ਅਮਰ ਕਥਾ ਮੰਨਿਆ ਜਾਣ ਲੱਗ ਪਿਆ ਸੀ। ਕਿਉਂ ਜੋ ਵਾਰਿਸ ਦੀ ਹੀਰ ਅੰਦਰਲਾ ਰਸ ਨਿਵੇਕਲਾ ਹੈ ਇਸ ਦਾ ਕਾਰਨ ਇਹ ਹੈ ਕਿ ਵਾਰਿਸ ਕੇਵਲ ਇੱਕ ਕਿੱਸਾਕਾਰ ਹੀ ਨਹੀਂ ਹੈ ਉਹ ਇੱਕ ਦਾਨਿਸ਼ਵਰ ਵੀ ਹੈ। ਹੀਰ ਵਾਰਿਸ ਸ਼ਾਹ ਅਠਾਰਵੀਂ ਸਦੀ ਦੇ ਸਭਿਆਚਾਰ, ਆਰਥਿਕਤਾ ਅਤੇ ਰਾਜਨੀਤਕ ਦ੍ਰਿਸ਼ ਦਾ ਪ੍ਰਮਾਣਿਕ ਦਸਤਾਵੇਜ਼ ਹੈ।

ਸਭ ਤੋਂ ਪੁਰਾਣੀ ਰਵਾਇਤ ਜਿਹੜੀ ਬਲੋਚਿਸਤਾਨ ਤੇ ਅਫਗਾਨਿਸਤਾਨ ਵਿਚ ਵੀ ਆਮ ਪ੍ਰਚਲਿਤ ਹੈ ਤੇ ਜਿਸ ਦੀ ਪੁਸ਼ਟੀ ਡੀ. ਮੈਲੋ ਨੇ ਅਸਲ ਅਰਬੀ ਵਿਚੋਂ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਕੀਤੀ ਹੈ ਅਤੇ ਜਿਸ ਦਾ ਹਵਾਲਾ ਡਾਕਟਰ ਮੋਹਨ ਸਿੰਘ ਨੇ ਵੀ ਦਿੱਤਾ ਹੈ, ਉਹ ਹੀਰ ਬਾਰੇ ਇਸ ਤਰਾਂ ਸੰਕੇਤ ਦਿੰਦਾ ਹੈ:

ਜਦੋਂ ਹੀਰ ਗੁਮਾਨਣ ਆਹੀ
ਸੱਦਿਆਂ ਸੱਦ ਨਾ ਦੇਂਦੀ।
ਸੁੰਜੀ ਇਸ਼ਕ ਕੀਤੀ ਦੀਵਾਨੀ,
ਆਈ ਝਲ ਚਿਰੇਂਦੀ।
ਸ਼ੀਹਾਂ ਦੀ ਅਸਵਾਰੀ ਕਰਦੀ,
ਨਾਗਾਂ ਚੋਟ ਮਰੇਂਦੀ।
ਮੱਕੇ ਦੇ ਵਿਚ ਡਿਠੀ ਫ਼ਕਰਾਂ,
ਲੰਗਰ ਖੜੀ ਵੰਡੇਂਦੀ।

(2. ਹਵਾਲਾ ਪੰਨਾ 31-32, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ)

ਵਾਰਿਸ ਸ਼ਾਹ ਨੇ ਆਪਣੀ ਸ਼ਾਹਕਾਰ ਰਚਨਾ ਹੀਰ 1180 ਹਿਜਰੀ ਵਿਚ ਕੀਤੀ ਜਿਸ ਨੂੰ ਈਸਵੀ ਵਿਚ ਬਦਲਣ ਲਈ ਹੇਠ ਲਿਖਿਆ ਆਸਾਨ ਢੰਗ ਵਰਤ ਕੇ ਇਸ ਤਰਾਂ ਬਦਲਿਆ ਗਿਆ ਹੈ:

1766-67 ਈਸਵੀ ਬਣਦਾ ਹੈ ਅਤੇ ਜੇ ਕਰ ਬਿਕ੍ਰਮੀ ਵਿਚ ਤਬਦੀਲ ਕਰਨਾ ਹੋਵੇ ਤਾਂ ਇਸ ਵਿਚ 57 ਜੋੜ ਕੇ 1823 ਬਣ ਜਾਂਦਾ ਹੈ। ਇਸ ਲਈ ਵਾਰਿਸ ਸ਼ਾਹ ਨੇ ਇਹ ਕਾਵ ਕਿਸਾ 1180 ਹਿਜਰੀ ਅਰਥਾਤ 1767 ਈਸਵੀ ਜਾਂ ਬਿਕਰਮੀ 1823 ਵਿਚ ਰਚਿਆ ਦੱਸਿਆ ਹੈ। ਉਸ ਦੇ ਲਿਖੇ ਸ਼ਬਦ ਹਨ:

ਸੰਨ ਯਾਰਾਂ ਸੈ ਅਸੀਆ ਨਬੀ ਹਿਜਰਤ,
ਲੰਮੇ ਦੇਸ ਦੇ ਵਿਚ ਤਿਆਰ ਹੋਈ।

ਜਦੋਂ ਕਿ ਕੁਝ ਹੱਥ ਲਿਖਤਾਂ ਭਾਵੇਂ ਉਹ ਗੁਰਮੁਖੀ ਵਿਚ ਸਨ ਭਾਵੇਂ ਫਾਰਸੀ ਵਿਚ ਉਪਲਭਦ ਹੋਈਆਂ ਦੇ ਲਿਖਾਰੀ ਵੀ ਟਪਲਾ ਖਾ ਗਏ ਡਾਕਟਰ ਜੀਤ ਸਿੰਘ ਸੀਤਲ ਦੀ ਭੂਮਿਕਾ ਵਿਚ ਦਰਜ ਅਨੁਸਾਰ ਇੱਕ ਹੱਥ ਲਿਖਤ ਵਿਚ ਜੋ 1821 ਈਸਵੀ ਵਾਲੀ ਹੈ ਵਿਚ ਗੁਰਮੁਖੀ ਵਿਚ ਲਿਖਿਆ ਮਿਲਿਆ ਕਿ:

ਸੁਣ ਯਾਰਾਂ ਸੈ ਅਸੀਆਂ,
ਬਤੀਆ ਸੰਮਤਾਂ ਤੇ ਹਿਜਰਤ
ਅਤੇ 1827 ਵਾਲੀ ਲਿਖਤ ਵਾਲੀ ਇਸ ਤਰਾਂ ਹੈ....
ਸੰਨ ਯਾਰਾਂ ਸੈ ਅਸੀਆਂ ਤਦੋਂ ਆਹਾ,
ਲੰਮੇ ਦੇਸ ਦੇ ਵਿਚ ਹੀਰ ਹੋਈ.
ਅਠਾਰਾਂ ਸੈ ਬਤੀਆਂ ਸੰਮਤਾਂ ਦਾ,
.......................................................

ਇਸੇ ਤਰਾਂ 1856 ਈਸਵੀ ਵਾਲੇ ਨੁਸਖੇ ਵਿਚ ਇਹੋ ਤਾਰੀਖ ਇੰਞ ਅੰਕਿਤ ਕੀਤੀ ਹੋਈ ਹੈ:

ਦਹਿਸਤ ਸੌ ਅਸੀਏ ਬਣੀ ਹਿਜਰਤ
.......................................................

ਸਤਾਰਾਂ ਸੈ ਬਿਆਸੀਆਂ ਸੰਮਤ....

...................................................

ਫਾਰਸੀ ਅੱਖਰਾਂ ਵਾਲੇ ਹੱਥ ਲਿਖਤ ਨੁਸਖੇ ਵਿਚ ਦੋਵੇਂ ਸੰਮਤਾਂ ਦੀਆ ਤਰੀਕਾਂ ਵੀ ਠੀਕ ਨਹੀਂ ਜਾਪਦੀਆਂ....

ਸੰਨ ਯਾਰਾਂ ਸੈ ਅਸੀਆਂ ਨਬੀ ਹਿਜਰੀ,
ਅਠਾਰਾਂ ਸੈ ਤੇ ਬੀਸੀਆਂ ਸੰਮਤਾਂ ਦਾ....

ਇਸ ਪ੍ਰਕਾਰ ਇਕ ਹੋਰ ਵੀ ਪੁਰਾਣੇ 1834 ਈਸਵੀ ਵਿਚ ਫਾਰਸੀ ਅੱਖਰਾਂ ਵਿਚ ਲਿਖੇ ਕਲਮੀ ਨੁਸਖੇ ਵਿਚ ਇਹ ਤਾਰੀਖਾਂ ਇਓਂ ਮਿਲੀਆਂ ਹਨ :

ਸੰਨ ਹਿਜਰੀ ਸੈ ਯਾਰਾਂ ਸੀ ਤਦੋਂ ਆਹਾ

...............................................................

ਸਤਾਰਾਂ ਸੈ ਬਰਸ ਉਪਰੰਤ ਅੱਸੀ,
ਰਾਜੇ..................................................

ਉਪਰੋਕਤ ਸਾਰਿਆਂ ਵੇਰਵਿਆਂ ਤੋਂ ਕਿਸੇ ਵੀ ਖੋਜੀ ਨੂੰ ਕੋਈ ਵੀ ਸੇਧ ਨਹੀਂ ਮਿਲਦੀ ਹੈ ਇਸੇ ਲਈ ਹੀ ਸ਼ਾਇਦ ਇਨ੍ਹਾਂ ਦੋਹਾਂ ਤਰੀਖਾਂ ਵਿਚ ਇਕਸਾਰਤਾ ਨਹੀਂ ਹੋ ਸਕੀ।

ਪਰੰਤੂ ਇਸ ਗੁਥੀ ਨੂੰ ਪੰਜਾਬ ਯੂਨੀਵਰਿਸਟੀ ਲਾਇਬਰੇਰੀ ਵਿਚ ਡਾਕਟਰ ਮੋਹਨ ਸਿੰਘ ਜੀ ਦੇ ਜਤਨ ਸਦਕਾ ਪਾਕਿਸਤਾਨ ਤੋਂ ਉਚੇਚੇ ਤੌਰ 'ਤੇ ਮੰਗਵਾਏ ਗਏ ਫ਼ਾਰਸੀ ਅੱਖਰਾਂ ਵਾਲੇ ਕਲਮੀ ਨੁਸਖੇ (1844 ਵਾਲੀ ਲਿਖਤ) ਨੇ ਸੁਲਝਾ ਦਿੱਤਾ। ਉਥੇ ਸਬੰਧਿਤ ਬੰਦ ਵਿਚ ਇਹ ਤਰੀਖਾਂ ਇੰਜ ਦਿਤੀਆਂ ਹੋਈਆਂ ਮਿਲੀਆਂ ਜਿਨ੍ਹਾਂ ਨੂੰ ਪੜ੍ਹ ਕੇ ਸਾਰੇ ਭਰਮ ਭਲੇਖੇ ਖਤਮ ਹੋ ਜਾਂਦੇ ਹਨ :

ਸੰਨ ਯਾਰਾਂ ਸੈ ਅਸੀਆਂ ਸੀ ਨਬੀ ਹਿਜਰਤ,
ਲੰਮੇ ਦੇਸ ਦੇ ਵਿਚ ਤਿਆਰ ਹੋਈ,
ਅਠਾਰਾਂ ਸੌ ਤੇਈਸੀਆਂ ਸੰਮਤਾਂ ਦਾ,
ਰਾਜੇ ਬਿਕਰਮਜੀਤ ਦੇ ਸਾਰ ਹੋਈ।
ਪਿਆ ਦੇਸ ਦੇ ਵਿਚ ਹੈ ਬਹੁਤ ਰੌਲਾ,
ਹਰ ਕਿਸੇ ਦੇ ਹੱਥ ਤਲਵਾਰ ਹੋਈ।
ਜਦੋਂ ਦੇਸ ਦੇ ਜੱਟ ਸਰਦਾਰ ਹੋਏ,
ਘਰੋਂ ਘਰੀ ਨਵੀਂ ਸਰਕਾਰ ਹੋਈ।
ਅਸ਼ਰਫ ਖ਼ਰਾਬ ਕਮਿਨ ਤਾਜ਼ੇ,
ਜ਼ਿਮੀਂਦਾਰ ਨੂੰ ਵੱਡੀ ਬਹਾਰ ਹੋਈ।
ਚੌਰ ਚੌਧਰੀ, ਯਾਰਨੀ ਪਾਕ ਦਾਮਨ,
ਭੂਤ ਮੰਡਲੀ ਇਕ ਤੋਂ ਚਾਰ ਹੋਈ।

ਇਸ ਵਿਚ ਹਿਜਰੀ ਸੰਮਤ ਵੀ ਠੀਕ ਹੈ ਉਸ ਦੇ ਮੁਤਾਬਿਕ ਬਿਕ੍ਰਮੀ ਸੰਮਤ

ਜਰਹਦਾ ਅੰਕੜਿਆਂ ਵਿਚ ਵੀ ਦਿੱਤਾ ਹੋਇਆ ਅਸਲ ਵਿਚ ਠੀਕ ਬੈਠਦਾ ਹੈ। ਉਪਰ ਅੰਕੜਿਆਂ ਦੀ ਗਣਨਾ ਕਰ ਕੇ ਵੀ ਪੁਸ਼ਟੀ ਕਰ ਦਿਤੀ ਗਈ ਹੈ। ਇਸ ਤੋਂ ਸਪਸ਼ਟ ਹੋ ਗਿਆ ਕਿ ਵਾਰਿਸ ਨੇ ਆਪਣੀ ਰਚਨਾ ਨੂੰ 1180 ਹਿਜਰੀ,ਅਰਥਾਤ ਸੰਮਤ 1823 ਬਿਕ੍ਰਮੀ ਜਾਂ 1767 ਈਸਵੀ ਵਿਚ ਲਿਖੀ ਗਈ ਸੀ।

(3. ਹਵਾਲਾ ਪੰਨਾ 43-44, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ)

ਵਾਰਿਸ ਸ਼ਾਹ ਜਿਸ ਵੇਲੇ ਪੈਦਾ ਹੋਇਆ ਉਸ ਸਮੇਂ ਪੰਜਾਬ ਅੰਦਰ ਕਿਸਾਨ ਵਿਦਰੋਹ ਤੇਜ਼ੀ ਨਾਲ ਫੈਲ ਰਹੇ ਸਨ ਅਤੇ ਜਦੋਂ ਜਵਾਨ ਹੋਇਆ ਉਸ ਵੇਲੇ ਕਿਸਾਨ ਮਿਸਲ ਸਰਦਾਰਾਂ ਦੇ ਅਧੀਨ ਤਾਕਤ ਫੜ ਚੁਕੇ ਸਨ। ਮੁਗ਼ਲਾਂ ਦੀ ਕੇਂਦਰੀ ਸਤਾ ਦੀ ਤਾਕਤ ਟੁੱਟ ਗਈ ਸੀ ਅਤੇ ਪੰਜਾਬ ਲਗਭਗ ਮੁਗਲਾਂ ਹੱਥੋਂ ਨਿਕਲ ਚੁਕਾ ਸੀ। ਇਥੇ ਸਰਦਾਰਾਂ ਦਾ ਆਪਸੀ ਟਕਰਾਅ ਸਿਖਰਾਂ ਨੂੰ ਛੋਹਣ ਲੱਗਾ ਕੁਝ ਜੱਟ ਸਰਦਾਰ ਸਿੱਖ ਸਨ ਅਤੇ ਕੁਝ ਮੁਸਲਮਾਨ ਵੀ ਸਨ। ਬਹੁਤੇ ਜਾਗੀਰਦਾਰ ਚੌਧਰੀ ਸਰਦਾਰ ਮੁਸਲਮਾਨ ਸਨ ਪਰੰਤੂ ਹੇਠਲੀ ਕਿਸਾਨੀ ਵਿਚ ਮੁਸਲਮਾਨਾਂ ਦੀ ਘਾਟ ਕਾਰਨ ਉਹ ਉਤਨੇ ਤਾਕਤਵਰ ਨਹੀਂ ਸਨ ਹੋ ਸਕਦੇ ਜਿਤਨੇ ਸਿੱਖ ਸਰਦਾਰ ਹੋ ਸਕਦੇ ਸਨ। ਵਾਰਿਸ ਸ਼ਾਹ ਕਿੱਸਾ ਹੀਰ ਅੰਦਰ ਜੱਟ ਸੱਭਿਆਚਾਰ ਦੇ ਨਕਸ਼ ਉਘਾੜਨ ਦਾ ਯਤਨ ਕਰਦਾ ਹੈ।

ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖਾਨ ਜ਼ਿਲਾ ਸ਼ੇਖੂਪੁਰ ਪਹਿਲਾਂ ਗੁਜਰਾਂਵਾਲਾ ਵਿਚ 1720 ਈਸਵੀ ਵਿਚ ਹੋਇਆ ਸੀ। ਆਪਣੀ ਮੁਢਲੀ ਸਿਖਿਆ ਇਸ ਨੇ ਆਪਣੇ ਪਿੰਡ ਵਿਚ ਹੀ ਗ੍ਰਹਿਣ ਕੀਤੀ। ਮੁਸਲਮਾਨਾਂ ਦੇ ਅੰਦਰ ਸਯਦ ਘਰਾਣਾ ਪੜ੍ਹਿਆ ਲਿਖਿਆ ਘਰਾਣਾ ਸਮਝਿਆ ਜਾਂਦਾ ਹੈ ਅਤੇ ਵਾਰਿਸ ਸ਼ਾਹ ਵੀ ਇਸ ਸਯਦ ਘਰਾਣੇ ਨਾਲ ਸਬੰਧਿਤ ਸੀ। ਵਾਰਿਸ ਸ਼ਾਹ ਸਯਦ ਮੁਹੰਮਦ ਅਲ ਮੱਕੀ ਦਾ ਉਤਰਾ ਅਧਿਕਾਰੀ ਸੀ ਜਿਸ ਨੇ ਉਸ ਦੇ ਪੁੱਤਰ ਸਯਦ ਬਦਰੂਦੀਨ ਤੋਂ ਬਾਅਦ ਗੱਦੀ ਸੰਭਾਲੀ ਸੀ। ਵਾਰਿਸ ਸ਼ਾਹ ਦੇ ਪਿਤਾ ਦਾ ਨਾਮ ਗੁਲਸ਼ੇਰ ਸ਼ਾਹ ਸੀ ਅਤੇ ਮਾਤਾ ਦਾ ਨਾਮ ਕਮਲ ਬਾਨੂ ਸੀ। ਉਸ ਦੇ ਮਾਪੇ ਉਸ ਵਕਤ ਅੱਲਾਹ ਨੂੰ ਪਿਆਰੇ ਹੋ ਗਏ ਸੀ ਜਦੋਂ ਉਹ ਹਾਲੇ ਛੋਟੀ ਉਮਰ ਵਿਚ ਹੀ ਸੀ।

ਉੱਚ ਦਰਜੇ ਦੀ ਵਿਦਿਆ ਦੀ ਲੋੜ ਸਮਝਦੇ ਹੋਏ ਉਸ ਨੂੰ ਉੱਚ ਸਿਖਿਆ ਲਈ ਕਸੂਰ ਵਿਚ ਮੌਲਵੀ ਗੁਲਾਮ ਮਰਤਜ਼ੀ ਦੇ ਮਦਰੱਸੇ ਵਿਚ ਭੇਜਿਆ ਗਿਆ। ਅਕਰਮ ਸ਼ੇਖ ਦੇ ਅਨੁਸਾਰ ਇਹ ਮਦਰਸਾ ਉਸ ਸਮੇਂ ਵਿਸ਼ਵ ਵਿਦਿਆਲੇ ਦਾ ਦਰਜਾ ਰੱਖਦਾ ਸੀ। ਪਰੰਤੂ ਮਦਰਸਾ ਤਾਂ ਮੱਠ ਦੇ ਪੱਧਰ ਦਾ ਹੁੰਦਾ ਹੈ ਜਿਥੇ ਮਜ਼੍ਹਬੀ ਸਿਖਿਆ ਦਿਤੀ ਜਾਂਦੀ ਹੈ ਇਸ ਲਈ ਮਦਰਸਾ ਵਿਸ਼ਵ ਵਿਦਿਆਲਾ ਤਾਂ ਨਹੀਂ ਹੋ ਸਕਦਾ। ਕਸੂਰ ਸ਼ਹਿਰ ਅੰਦਰ ਪ੍ਰਤੀਰੋਧੀ ਧਿਰਾਂ ਤਰਕ ਦੀ ਗੱਲ ਕਰਦਿਆਂ ਹਨ ਅਤੇ ਇਸ ਸ਼ਹਿਰ ਵਿਚ ਬਹੁਤ ਤਰਾਂ ਦੇ ਵਿਗਿਆਨਾਂ ਨਾਲ ਸਬੰਧਿਤ ਸਿਖਿਆ ਵੀ ਦਿੱਤੀ ਜਾਇਆ ਕਰਦੀ ਸੀ। ਵਾਰਿਸ ਸ਼ਾਹ ਦਾ ਸਮਕਾਲੀ ਬਾਬਾ ਬੁਲ੍ਹੇ ਸ਼ਾਹ ਵੀ ਕਸੂਰ ਵਿਚ ਪੈਦਾ ਹੋਇਆ ਸੀ। ਵਾਰਿਸ ਸ਼ਾਹ ਸ਼ਹਿਰ ਕਸੂਰ ਅੰਦਰ ਹੀ ਆਪਣਾ ਗਿਆਨ

ਦਾ ਖ਼ਜ਼ਾਨਾ ਹਥਿਆਓਂਦਾ ਹੈ।

ਜਿਸ ਸਮੇਂ ਉਸ ਦੇ ਦੋਸਤ ਮਿੱਤਰ ਉਸ ਨੂੰ ਹੀਰ ਦਾ ਕਿੱਸਾ ਲਿਖਣ ਲਈ ਆਖਦੇ ਹਨ ਤਾਂ ਉਹ ਖੁਦ ਮਾਲਕ ਹਾਂਸ ਪਹੁੰਚਦਾ ਹੈ ਜਿਹੜਾ ਝੰਗ ਦੇ ਨੇੜੇ ਹੀ ਹੈ। ਇਹ ਵੀ ਸੰਭਵ ਹੈ ਕਿ ਸ਼ਾਇਦ ਵਾਰਿਸ ਝੰਗ ਅਤੇ ਹਜ਼ਾਰੇ ਦੀ ਭੂਗੋਲਿਕ ਸਥਿਤੀ ਨੂੰ ਵੀ ਚੰਗੀ ਤਰਾਂ ਜਾਣਨਾ ਚਾਹੁੰਦਾ ਹੈ ਤਾਂ ਜੋ ਉਹ ਹੀਰ ਤੇ ਰਾਂਝੇ ਵਿਚਲੀ ਪੀਢੀ ਗੰਢ ਨੂੰ ਅਤੇ ਬੇਲਿਆਂ ਨੂੰ ਵੀ ਭੂਗੋਲਿਕ ਰੂਪ ਵਿਚ ਸਮਝ ਸਕੇ ਅਤੇ ਇਸੇ ਕਾਰਨ ਉਹ ਤਖ਼ਤ ਹਜ਼ਾਰੇ ਦੇ ਰਾਂਝਿਆਂ ਦੀ ਖ਼ੂਬਸੂਰਤੀ ਅਤੇ ਨਕਸ਼ਾਂ ਨੂੰ ਨਜ਼ਦੀਕ ਹੋ ਕੇ ਪੇਸ਼ ਕਰਦਾ ਹੈ। ਯਾਰਾਂ ਵਲੋਂ ਰੱਖੀ ਮੰਗ ਨੂੰ ਇਸ ਤਰਾਂ ਕਲਮ ਬੱਧ ਕਰਦਾ ਹੈ ਕਿ....

ਯਾਰਾਂ ਅਸਾਂ ਨੂੰ ਆਣ ਸੁਆਲ ਕੀਤਾ,
ਇਸ਼ਕ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿਸਾ,
ਜੀਭਾ ਸੋਹਣੀ ਨਾਲ ਸੁਣਾਈਏ ਜੀ।

.........................................................

.........................................................

ਹੁਕਮ ਮੰਨ ਕੇ ਸੱਜਣਾ ਪਿਆਰਿਆ ਦਾ,
ਕਿੱਸਾ ਅਜਬ ਬਹਾਰ ਦਾ ਜੋੜਿਆ ਏ।
ਫਿਕਰਾ ਜੋੜ ਕਿ ਖੂਬ ਦਰੁੱਸਤ ਕੀਤਾ,
ਨਵਾਂ ਫੁੱਲ ਗੁਲਾਬ ਦਾ ਤੋੜਿਆ ਏ।

(4. ਹਵਾਲਾ ਪੰਨਾ 18,ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਵਿਚ 6ਵੇਂ ਪਹਿਰੇ ਦਾ ਸ਼ੁਰੂ ਅਤੇ 7ਵੇਂ ਪਹਿਰੇ ਦਾ ਅੰਤ.)

(ਹਵਾਲਾ ਹੀਰ ਵਾਰਿਸ ਸ਼ਾਹ 6ਵਾਂ ਪਹਿਰਾ ਦਾ ਆਰੰਭ ਅਤੇ 7ਵੇਂ ਪਹਿਰੇ ਦਾ ਅੰਤਲਾ)

ਵਾਰਿਸ ਦੀ ਹੀਰ ਨੂੰ ਕੇਵਲ ਕਿਸਾਕਾਰੀ ਵਜੋਂ ਪੇਸ਼ ਨਹੀਂ ਕਰਦਾ ਇਸੇ ਕਾਰਨ ਉਸ ਦੀ ਹੀਰ ਕਥਾ ਵਿਚਲੀ ਹੀਰ ਨਹੀਂ ਹੈ, ਕਿਓਂ ਜੋ ਉਹ ਜਾਣਦਾ ਹੈ ਹੀਰ ਰਾਂਝੇ ਦਾ ਕਿੱਸਾ ਤਾਂ ਉਸ ਤੋਂ ਪਹਿਲਾਂ ਵੀ ਲਿਖਿਆ ਜਾ ਚੁਕਾ ਹੈ। ਉਹ ਆਪਣੇ ਗਿਆਨ ਦੇ ਸੰਦ ਵਰਤ ਕੇ ਹੀਰ ਨੂੰ ਤਰਾਸ਼ ਕੇ ਇਕ ਚਟਾਨ ਵਿਚੋਂ ਕੱਢਣ ਦਾ ਯਤਨ ਕਰਦਾ ਹੈ ਅਤੇ ਉਸ ਦੀ ਚੇਤਨਾ ਅੰਦਰ ਖੱਲਲ ਪਾ ਰਹੀ ਹੀਰ ਨੂੰ ਇਕ ਤਾਕਤਵਰ ਹੀਰ ਨੂੰ ਪੇਸ਼ ਕਰਦਾ ਹੈ ਅਤੇ ਰਾਂਝੇ ਨੂੰ ਇਕ ਕਮਜ਼ੋਰ ਪਾਤਰ ਵਜੋਂ ਪ੍ਰਗਟ ਕਰਦਾ ਹੈ ਜਿਸ ਦੇ ਅੰਦਰ ਮਰਦਾਵੀਂ ਹੈਂਕੜ ਹੈ ਅਤੇ ਉਤਰ ਦੇਣ ਸਮੇਂ ਦਲੀਲਾਂ ਤੋਂ ਕਿਨਾਰਾ ਕਰ ਆਪਣਾ ਮਰਦਾਵਾਂ ਪੱਖ ਹੀ ਵਿਖਾਉਂਦਾ ਹੈ। ਜਦੋਂ ਕਿ ਬਹੁਤ ਸਾਰੇ ਵਿਚਾਰਵਾਨ ਵਾਰਿਸ ਸ਼ਾਹ ਨੂੰ ਨਾਰੀ ਵਿਰੋਧੀ ਗਰਦਾਨਦੇ ਹਨ ਅਤੇ ਪੁਰਖ ਤੰਤਰ ਵਲ ਝੁਕਾਅ ਰੱਖਦਾ ਦਸਦੇ ਹਨ। ਪਰੰਤੂ ਸੰਤ ਸਿੰਘ ਸੇਖੋਂ ਦੇ ਮੁਤਾਬਿਕ ਵਾਰਿਸ ਸ਼ਾਹ ਵਲੋਂ ਵਰਤੀ ਗਈ ਸ਼ਬਦਾਵਲੀ ਉਸ ਦੀ ਆਪਣੀ ਨਾ ਹੋ ਕੇ ਪਾਤਰਾਂ ਦੁਆਰਾ

ਬੋਲੀ ਹੋਈ ਹੈ। ਜਦੋਂ ਸੰਤ ਸਿੰਘ ਸੇਖੋਂ ਹੀਰ ਵਾਰਿਸ ਦਾ ਸੰਪਾਦਨ ਕਰਦਿਆਂ ਜੀਤ ਸਿੰਘ ਸੀਤਲ ਅਤੇ ਹੋਰ ਸੰਪਾਦਕਾਂ ਦੀ ਤਰਾਂ ਬੈਂਤ ਨੰਬਰ ਨਹੀਂ ਦਿੰਦਾ ਸਗੋਂ ਮੁਕਾਲਮਾਕਾਰ ਦਾ ਨਾਂ ਦੇ ਰਿਹਾ ਹੈ ਅਤੇ ਜਿਥੇ ਵਾਰਿਸ ਸੂਤਰਧਾਰ ਵਜੋਂ ਆਪ ਟਿਪਣੀ ਕਰਦਾ ਹੈ। ਵਾਰਿਸ ਦਾ ਨਾਰੀ ਵਿਰੋਧੀ ਹੋਣਾ ਦਸਣ ਵਾਲਿਆਂ ਦਾ ਪੱਖ ਕਮਜ਼ੋਰ ਪੈ ਜਾਂਦਾ ਹੈ ਜਦੋਂ ਵਾਰਿਸ ਹੀਰ ਅਤੇ ਸਹਿਤੀ, ਜਿਹੜੇ ਕਿੱਸੇ ਦੇ ਦੋ ਪਾਤਰ ਹਨ, ਵਲੋਂ ਪੇਸ਼ ਕੀਤੇ ਤਰਕ ਅਤੇ ਸਿਰੜ ਪੱਖੋਂ ਪ੍ਰਭਾਵਸ਼ਾਲੀ ਦਰਸਾਏ ਗਏ ਹਨ। ਉਸ ਸਮੇਂ ਔਰਤ ਗੁਲਾਮ, ਚਲਿੱਤਰਾਂ ਨਾਲ ਭਰਪੂਰ ਅਤੇ ਦਾਸੀ ਆਦਿ ਸ਼ਬਦਾਂ ਨਾਲ ਦਰਸਾਈ ਜਾ ਰਹੀ ਸੀ ਉਸ ਸਮੇਂ ਦੋਵੇਂ ਹੀ ਔਰਤਾਂ, ਹੀਰ ਅਤੇ ਸਹਿਤੀ ਆਪਣੀਆਂ ਦਲੀਲਾਂ ਨਾਲ ਕਾਇਲ ਕਰ ਪੁਰਖਤੰਤਰ ਨੂੰ ਹੀਣਾ ਕਰ ਦਿੰਦੀਆਂ ਹਨ। ਇਸ ਤਰਾਂ ਵਾਰਿਸ ਆਪਣੀ ਫ਼ਕਰਾਂ ਵਾਲੀ ਪ੍ਰੰਪਰਾ ਕਾਇਮ ਰੱਖਦੇ ਹੋਏ ਔਰਤ ਨੂੰ ਇਕ ਦਾਸੀ ਦੇ ਰੂਪ ਵਿਚ ਨਾ ਦਰਸਾ ਕਿ ਮਰਦਾਂ ਦੇ ਬਰਾਬਰ ਕਰਦਾ ਹੈ। ਵਾਰਿਸ ਦਾ ਹੀਰ ਨੂੰ ਪ੍ਰਗਟ ਕਰਨ ਦਾ ਮਕਸਦ ਵੀ ਔਰਤ ਨੂੰ ਇਕ ਸੰਭੋਗ ਯੋਗ ਵਸਤੂ ਨਾ ਵਿਖਾ ਕੇ, ਉਸ ਨੂੰ ਇਕ ਅਜੇਹੀ ਔਰਤ ਵਜੋਂ ਵਿਖਾਉਣਾ ਹੈ ਜਿਸ ਵਿਚ ਉਸ ਨੂੰ ਆਪਣਾ ਮਰਦ ਚੁਣ ਸਕਣ ਦਾ ਹੱਕ ਹੋਵੇ। ਇਹ ਹੱਕ ਇਸਲਾਮ ਦੇ ਅੰਦਰ ਮੌਜੂਦ ਸੀ ਜਿਹੜਾ ਉਸ ਵੇਲੇ ਤਕ ਕੇਵਲ ਇਕ ਰਸਮ ਮਾਤਰ ਹੀ ਬਣ ਕੇ ਰਹਿ ਗਿਆ ਸੀ।

ਵਾਰਿਸ ਦੀ ਕਵਿਤਾ ਕਿਉਂਕਿ ਲੈਕਸੀਕਲ ਅਰਥਾਂ ਵਿਚ ਬੱਝੀ ਹੋਈ ਨਹੀਂ ਹੈ ਜਿਵੇਂ ਮੱਧਕਾਲੀ ਕਵਿਤਾ ਵਿਚ ਅਕਸਰ ਮਿਲਦਾ ਹੈ। ਇਸੇ ਕਾਰਨ ਹੀਰ ਵਾਰਿਸ ਦੇ ਵਿਚ ਬਹੁਤ ਸਾਰੇ ਬਿੰਬ ਸਿਰਜ ਲੈਂਦੀ ਹੈ ਜਿਨ੍ਹਾਂ ਨੂੰ ਵਿਦਵਾਨ ਲੈਕਸੀਕਲ ਅਰਥਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦੇ ਹਨ ਪਰੰਤੂ ਵਾਰਿਸ ਦੇ ਬਿੰਬਾਂ ਵਿਚਲੀ ਤਾਜ਼ਗੀ ਦੀ ਮਾਰ ਬਹੁ ਦਿਸ਼ਾਵੀ ਹੈ ਜਿਵੇਂ ਵਾਰਿਸ ਇਕ ਸ਼ਬਦ 'ਡੰਬਰਾ' ਵਰਤਦਾ ਹੈ, ਜਿਹੜੀ ਮੱਛੀ ਪੰਜਾਬ ਦੇ ਆਮ ਛੱਪੜਾਂ ਵਿਚ ਪਾਈ ਜਾਂਦੀ ਹੈ ਪਰ ਜੀਤ ਸਿੰਘ ਸੀਤਲ ਸ਼ਬਦ ਦੀ ਜੜ੍ਹ ਤਕ ਨਾ ਪਹੁੰਚਦਾ ਹੋਇਆ ਡੰਬੜੀ ਹੀ ਵਰਤ ਦਿੰਦਾ ਹੈ ਅਤੇ ਪ੍ਰੋ. ਪਿਆਰਾ ਸਿੰਘ ਪਦਮ ਡੰਬਰੇ ਦੀ ਜਗਹ ਨੱਢੜੇ ਵਰਤ ਜਾਂਦਾ ਹੈ ਪਰ ਸੰਤ ਸਿੰਘ ਸੇਖੋਂ ਡੰਬਰੇ ਹੀ ਵਰਤਦਾ ਹੈ ਕਿਓਂ ਜੋ ਉਸ ਦਾ ਪਿਛੋਕੜ ਪੇਂਡੂ ਹੈ ਅਤੇ ਉਹ ਪੰਜਾਬੀ ਸੱਭਿਆਚਾਰ ਅੰਦਰ ਡੰਬਰੇ ਦਾ ਮਹੱਤਵ ਵੀ ਜਾਣਦਾ ਹੈ।ਇਸ ਲਈ ਉਹ ਸਹੀ ਸ਼ਬਦ ਦਾ ਇਸਤੇਮਾਲ ਕਰਦਾ ਹੈ।

ਡੰਬਰਾ ਪੰਜਾਬ ਵਿਚ ਵੱਡੀ ਗਿਣਤੀ ਵਿਚ ਪਾਇਆ ਜਾਂਦਾ ਹੈ। ਇਹ ਨਰ ਮੱਛੀ ਹੈ ਵਾਰਿਸ ਰਾਂਝੇ ਨੂੰ ਤਖ਼ਤ ਹਜ਼ਾਰੇ ਦਾ ਡੰਬਰਾ ਕਹਿ ਰਿਹਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਰਾਂਝੇ ਦੀ ਤਸ਼ਬੀਹ ਨਰ ਨਾਲ ਹੀ ਦਿੱਤੀ ਜਾ ਸਕਦੀ ਹੈ। ਡੰਬਰਾ ਨਰ ਵੀ ਹੈ, ਤਾਕਤਵਰ ਵੀ ਹੈ,ਅਤੇ ਹੱਡੀਆਂ ਨਾਲ ਭਰਿਆ ਹੋਇਆ ਵੀ ਹੈ। ਉਹ ਭਰਵਾਂ ਫੁਰਤੀਲਾ ਜਵਾਨ ਹੈ। ਇਸ ਚੁਸਤ ਨਰ ਮੱਛੀ ਨੂੰ ਫੜਨਾ ਆਸਾਨ ਨਹੀਂ ਹੈ। ਇਸੇ ਕਾਰਨ ਮਛੇਰੇ ਰੁੱਤਾਂ ਦੇ ਮੁਤਾਬਿਕ ਜਾਲ ਦੇ ਰੰਗ ਵਿਚ ਤਬਦੀਲੀ ਕਰਦੇ

ਰਹਿੰਦੇ ਹਨ। ਹਰ ਰੁੱਤ ਵਿਚ ਜਾਲ ਦੇ ਰੰਗ ਦੀ ਤਬਦੀਲੀ ਚੁਸਤ ਡੰਬਰੇ ਨੂੰ ਧੋਖਾ ਦੇਣ ਲਈ ਹੈ। ਵਾਰਸੀ ਸ਼ਾਹ ਦੀ ਤਿੱਖੀ ਨਜ਼ਰ ਇਕ ਸਤਰ ਦੇ ਬਿੰਬਾਂ ਵਿਚ ਹੀ ਬਹੁਤ ਕੁਝ ਨੂੰ ਰੂਪਮਾਨ ਕਰਨ ਦੀ ਤਾਕਤ ਰੱਖਦੀ ਹੈ। ਵਾਰਿਸ ਦੇ ਸ਼ਬਦਾਂ ਵਿਚ....

ਏਸ ਤਖ਼ਤ ਹਜ਼ਾਰੇ ਦੇ ਡੰਬਰੇ ਨੂੰ,
ਰੰਗ-ਰੰਗ ਦੀਆਂ ਜਾਲੀਆਂ ਪਾਉਂਦੀ ਹੈ।

ਇਸੇ ਤਰਾਂ ਜਦੋਂ ਉਹ 'ਨੱਕ ਅਲਫ਼ ਹੁਸੈਨੀ ਦਾ ਪਿਪਲਾ ਸੀ' ਆਖਦਾ ਹੈ ਤਾਂ ਉਹ ਹੀਰ ਦੇ ਨੱਕ ਦੀ ਨੋਕ ਨੂੰ ਤਿੱਖਾ ਬਣਾਉਣ ਲਈ ਹਜ਼ਰਤ ਇਮਾਮ ਹੁਸੈਨ ਦੀ ਤਲਵਾਰ ਦੀ ਨੋਕ ਨੂੰ ਪਿਪਲਾ ਨਾਲ ਤਸ਼ਬੀਹ ਦਿੰਦਾ ਹੈ। ਉਸ ਦੀਆਂ ਸਤਰਾਂ ਮਿੱਥ ਫਲਸਫੇ ਗਿਆਨ ਇਤਿਹਾਸ ਅਤੇ ਕਿੱਤੇ ਦੀਆਂ ਬਰੀਕੀਆਂ ਆਦਿ ਨਾਲ ਨਕੋ ਨੱਕ ਭਰੀਆਂ ਹੋਈਆਂ ਹਨ। ਲੇਖਕ ਜਾਣਦਾ ਹੈ ਕਿ ਉਹ ਕਿੱਸਾ ਕਾਵ ਵਿਚ ਚਿੰਤਨ ਭਰ ਕੇ ਵਾਸਤਵਿਕ ਜਗਤ ਲਈ ਨਵੀਆਂ ਪੈੜਾ ਸਿਰਜ ਰਿਹਾ ਹੈ।

ਵਾਰਿਸ ਨੇ ਸਪਸ਼ਟਤਾ ਨਾਲ ਆਪਣੀ ਹੀਰ ਵਿਚ ਲਿਖਿਆ ਹੈ ਕਿ ਕਿਸ ਤਰਾਂ ਹੀਰ ਬਹਾਦਰੀ ਨਾਲ ਇੱਕਲੀਆਂ ਹੀ ਮਰਦਾਂ ਨਾਲ ਲੋਹਾ ਲੈ ਸਕਦੀਆਂ ਸਨ। ਜਦੋਂ ਹੀਰ ਆਪਣੀਆਂ ਸਹੇਲੀਆਂ ਨਾਲ ਕੈਦੋਂ ਨੂੰ ਉਸ ਦੇ ਕੀਤੇ ਦਾ ਮਜ਼ਾ ਚਖਾਉਣਾ ਚਾਹੁੰਦੀ ਹੈ....

ਹੀਰ ਆਖਿਆ ਵਾੜ ਕੇ ਫਲ੍ਹੇ ਅੰਦਰ,
ਗੱਲ ਪਾਏ ਰੱਸਾ ਮੂੰਹ ਘੁਟ ਘੱਤੋ,
ਲੈ ਕੇ ਕੁਤਕੇ, ਕੁਢਣੇ ਮਾਛੀਆਂ ਦੇ,
ਧੜਾ ਧੜ ਹੀ ਮਾਰ ਕੇ ਕੁੱਟ ਘੱਤੋ।
ਟੰਗੋਂ ਪਕੜ ਕੇ ਲੱਕ ਵਿਚ ਪਾ ਜੱਫੀ,
ਕਿਸੇ ਟੋਇੜੇ ਦੇ ਵਿਚ ਸੁੱਟ ਘੱਤੋ।
ਮਾਰ ਏਸ ਨੂੰ ਲਾਏ ਕੇ ਅੱਗ ਝੁੱਗੀ,
ਸਾੜ ਬਾਲ ਕੇ ਚੀਜ਼ ਸੱਭ ਲੁੱਟ ਘੱਤੋ।

(5. ਹਵਾਲਾ ਪੰਨਾ 46, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 132 ਵਾਂ ਪਹਿਰਾ)

ਜਿਸ ਵੇਲੇ ਹੀਰ ਦੇ ਮਾਪੇ ਉਸ ਨੂੰ ਰਾਂਝੇ ਤੋਂ ਵਰਜਦੇ ਹਨ ਉਸ ਸਮੇਂ ਹੀਰ ਦਲੀਲਾਂ ਨਾਲ ਆਪਣੀ ਅੰਮਾਂ ਨੂੰ ਅਸਲੀਅਤ ਦਸਦੀ ਹੈ ਤਾਂ ਇਨ੍ਹਾਂ ਤਰਕਾਂ ਵਿਚ ਆਪਣੀ ਮਰਜ਼ੀ ਸਪਸ਼ਟ ਸ਼ਬਦਾਂ ਵਿਚ ਦਰਸਾ ਰਹੀ ਹੈ ਜਿਸ ਵਿਚ ਦਲੇਰੀ ਦਾ ਬਾਖੂਬੀ ਪ੍ਰਗਟਾ ਕੀਤਾ ਗਿਆ ਹੈ....

ਅੰਮਾਂ ਬੱਸ ਕਰ ਗਾਲੀਆਂ ਦੇਹ ਨਾਹੀਂ,
ਗਾਲ੍ਹ ਦਿਆਂ ਵੱਡੜਾ ਪਾਪ ਆਵੇ।
ਨੀਂਹ ਰੱਬ ਦੀ ਪੁੱਟਣੀ ਬਹੁਤੀ ਔਖੀ,
ਧੀਆਂ ਮਾਰਿਆਂ ਵੱਡਾ ਸਰਾਪ ਆਵੇ।

ਲੈ ਜਾਵੇ ਮੈਨੂੰ ਭਯਾ ਪਿੱਟੜੀ ਨੂੰ,
ਕੋਈ ਗ਼ੈਬ ਦਾ ਸੂਲ ਕਿ ਤਾਪ ਆਵੇ।
ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ,
ਭਾਵੇਂ ਬਾਪ ਦੇ ਬਾਪ ਆਵੇ।

(6. ਹਵਾਲਾ ਪੰਨਾ 46, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 128ਵਾਂ ਪਹਿਰਾ)

ਹੀਰ ਦੀ ਦਲੇਰੀ ਇਸ ਬੈਂਤ ਵਿਚ ਵੀ ਪ੍ਰਗਟ ਹੁੰਦੀ ਹੈ....

ਹੀਰ ਆਖਦੀ ਰਾਂਝਣਾ ਬੁਰਾ ਹੋਇਆ,
ਏਥੋਂ ਉੱਠ ਕੇ ਚੱਲ ਜੇ ਚਲਣਾ ਈ।
ਦੋਵੇਂ ਉੱਠ ਕੇ ਲੰਮੜੇ ਰਾਹ ਪਈਏ,
ਕੋਈ ਅਸਾਂ ਨੇ ਦੇਸ ਨਾ ਮਲਣਾ ਏ।

(7. ਹਵਾਲਾ ਪੰਨਾ 56, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 175ਵੇਂ ਪਹਿਰੇ ਦੀਆਂ ਸ਼ੁਰੂ ਵਾਲਿਆਂ ਸਤਰਾਂ)

ਰਾਂਝਾ ਇਸ ਦਾ ਉਤਰ ਬੜੇ ਸਲੀਕੇ ਨਾਲ ਦਿੰਦਾ ਵਿਖਾਇਆ ਗਿਆ ਹੈ:

ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ,
ਨਾਲ ਚੋਰੀਆਂ ਅਤੇ ਉਧਾਲਿਆਂ ਦੇ।

..........................................................

..........................................................

ਵਾਰਿਸ ਸ਼ਾਹ ਸਰਾਫ ਸਭ ਜਾਣਦੇ ਨੀ,
ਐਬ ਖੋਟਿਆਂ ਭੰਨਿਆਂ ਵਾਲਿਆਂ ਦੇ।

(8. ਹਵਾਲਾ ਪੰਨਾ 56, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 176 ਵੇਂ ਪਹਿਰੇ ਦੀਆਂ ਸਤਰਾਂ)

ਉਸ ਵੇਲੇ ਕਾਜ਼ੀਆਂ ਵਲੋਂ ਵਿਆਹ ਕਰਵਾਏ ਜਾਂਦੇ ਸਨ ਅਤੇ ਔਰਤ ਵਲੋਂ ਰਿਸ਼ਤਾ ਕਬੂਲ ਕਰਨ ਲਈ ਕਿਹਾ ਜਾਂਦਾ ਸੀ। ਪਰੰਤੂ ਜਦੋਂ ਹੀਰ ਵਲੋਂ ਨਿਕਾਹ ਲਈ ਰਜ਼ਾਮੰਦੀ ਜ਼ਾਹਰ ਨਹੀਂ ਕੀਤੀ ਜਾਂਦੀ ਤਾਂ ਕਾਜ਼ੀ ਆਪਣਾ ਫੈਸਲਾ ਦੱਸਦਾ ਹੈ ਅਤੇ ਉਸ ਦਾ ਜਬਰਦਸਤੀ ਨਿਕਾਹ ਕਰਨ ਦੀ ਸਲਾਹ ਦਿੰਦਾ ਹੈ ਜੋ ਵਾਰਿਸ ਨੇ ਇਸ ਤਰਾਂ ਦਰਸਾਇਆ ਹੈ:

ਕਾਜ਼ੀ ਆਖਦਾ ਇਹ ਜੇ ਰੋੜ ਪੱਕਾ,
ਹੀਰ ਝਗੜਿਆਂ ਨਾਲ ਨਾ ਹਾਰਦੀ ਹੈ.
ਲਿਆਉ ਪੜ੍ਹੋ ਨਿਕਾਹ ਮੂੰਹ ਬੰਨ੍ਹ ਇਸਦਾ,
ਕਿਸਾ ਕੋਈ ਫਸਾਦ ਗੁਜ਼ਾਰਦੀ ਹੈ।
ਛੱਡ ਮਸਜਦਾਂ ਵੇਹੜੇ ਵਿਚ ਜਾਈ ਵੜਦੀ,
ਛੱਡ ਬੱਕਰੀਆਂ ਸੂਰੀਆਂ ਚੜ੍ਹਦੀ ਹੈ।

ਵਾਰਿਸ ਸ਼ਾਹ ਮਧਾਣੀ ਹੈ ਹੀਰ ਜੱਟੀ,
ਇਸ਼ਕ ਦਹੀਂ ਦਾ ਘਿਓ ਨਿਤਾਰਦੀ ਹੈ।

(9. ਹਵਾਲਾ ਪੰਨਾ 64, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 212ਵਾਂ ਪਹਿਰਾ)

ਰਾਂਝੇ ਨੂੰ ਹੀਰ ਤਕ ਪੁੱਜਣ ਲਈ ਜੋਗ ਧਾਰਨ ਕਰਨਾ ਪਿਆ। ਉਸ ਨੇ ਜੋਗ ਕਬੂਲ ਕੀਤਾ ਕਿ ਇਸ ਪੱਜ ਹੀਰ ਨੂੰ ਮਿਲ ਸਕੇਗਾ ਪਰੰਤੂ ਜਦੋਂ ਉਸ ਨੂੰ ਸਿਖਿਆ ਦਿਤੀ ਗਈ ਤਾਂ ਸਿਖਿਆ ਸੁਣ ਉਸ ਨੇ ਆਪਣੀ ਅਸਲੀਅਤ ਦੱਸੀ ਕਿ ਉਸ ਨੇ ਜੋਗ ਧਾਰਨ ਕਿਓਂ ਕੀਤਾ ਹੈ ਤੇ ਉਸ ਦਾ ਵਰਨਣ ਵਾਰਿਸ ਸ਼ਾਹ ਆਪਣੇ ਵਲੋਂ ਸਪਸ਼ਟ ਸ਼ਬਦ ਵਰਤ ਕੇ ਦੱਸਦਾ ਹੈ :

ਸਾਬਤ ਹੋਏ ਲੰਗੋਟੜੀ ਸੁਣੀ ਨਾਥਾ,
ਕਾਏ ਝੁਗੜਾ ਚਾਏ ਉਜਾੜਦਾ ਮੈਂ।
ਜੀਭ ਇਸ਼ਕ ਥੋਂ ਰਹੇ ਜੇ ਚੁੱਪ ਮੇਰੀ,
ਕਾਏ ਏਡੜੇ ਪਾੜਨੇ ਪਾੜਦਾ ਮੈਂ।
........................................................
........................................................
ਜੇ ਮੈਂ ਜਾਣਦਾ ਕੰਨ ਤੂੰ ਪਾੜ ਮਾਰੇਂ,
ਏਹ ਮੁੰਦਰਾਂ ਮੂਲ ਨਾ ਸਾੜਦਾ ਮੈਂ।
ਜੇ ਮੈਂ ਜਾਣਦਾ ਹਸਣੋਂ ਮਨ੍ਹਾ ਕਰਨਾ,
ਤੇਰੇ ਟਿਲੇ ਤੇ ਧਾਰ ਨਾ ਮਾਰਦਾ ਮੈਂ।

(10. ਹਵਾਲਾ ਪੰਨਾ 78, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 272ਵਾਂ ਪਹਿਰਾ)

ਵਾਰਿਸ ਸ਼ਾਹ ਦੇ ਮੁਤਾਬਿਕ ਇਸ਼ਕ ਇਸ ਸੰਸਾਰ ਦਾ ਆਦਿ ਮੂਲ ਹੈ ਰੱਬ ਨੂੰ ਜਦੋਂ ਇਸ਼ਕ ਹੋਇਆ ਤਾਂ ਉਸ ਨੇ ਇਹ ਦੁਨੀਆ ਸਾਜੀ। ਆਪਣੀ ਵਲੋਂ ਲਿਖੀ ਹੀਰ ਦੀ ਸ਼ੁਰੂਆਤ ਵਾਰਿਸ ਨੇ ਇਸ ਤਰਾਂ ਕੀਤੀ ਹੈ :

ਅਵੱਲ ਹਮਦ ਖੁਦਾਇ ਦਾ ਵਿਰਦ ਕੀਚੈ,
ਇਸ਼ਕ ਕੀਤਾ ਸੀ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ,
ਮਾਸ਼ੂਕ ਹੈ ਨਬੀ ਰਸੂਲ ਮੀਆਂ।

(11. ਹਵਾਲਾ ਪੰਨਾ 18, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ ਪਹਿਲਾ ਪਹਿਰਾ)

ਇਸ਼ਕ ਨੂੰ ਜਿੰਦਗੀ ਦਾ ਅਸਲ ਸਵਾਦ ਮੰਨਿਆ ਗਿਆ ਹੈ ਇਸ ਨਾਲ ਨਾ ਕੇਵਲ ਜੀਵਨ ਬਣਦਾ ਹੈ ਸਗੋਂ ਇਕ ਮਿੱਠਾ ਰੋਗ ਲਗਦਾ ਹੈ ਜਿਸ ਨਾਲ ਜੀਵਨ ਦਾ ਸਵਾਦ ਬੱਝ ਜਾਂਦਾ ਹੈ। ਇਹ ਕਿਸੇ ਵਿਰਲੇ ਰੱਬ ਦੇ ਪਿਆਰੇ ਨੂੰ ਹੀ ਨਸੀਬ ਹੁੰਦਾ ਹੈ :

ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।

(11. ਹਵਾਲਾ ਪੰਨਾ 18, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ ਪਹਿਲਾ ਪਹਿਰਾ)

ਇਸ਼ਕ ਦੇ ਨਾਲ ਮਰਦ ਦੇ ਦਿਲਾਂ ਦਾ ਬਾਗ ਖਿੜ ਜਾਂਦਾ ਹੈ ਅਤੇ ਉਸ ਦੇ ਅੰਦੱਰ ਬਹਾਰ ਦਾ ਵਾਸਾ ਹੋ ਜਾਂਦਾ ਹੈ:

ਖਿਲੇ ਤਿਨਾ ਦੇ ਬੈਗ ਕਲੂਬ ਅੰਦਰ,
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।

(12. ਹਵਾਲਾ ਪੰਨਾ 18, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ ਪਹਿਲਾ ਪਹਿਰਾ)

ਇਸ਼ਕ ਵਿਚ ਮਾਰ ਖਾ ਕੇ ਉੱਠ ਖੜੋਂਦਾਂ ਹੈ ਉਹ ਰੋ ਰੋ ਕੇ ਹਸਦਾ ਹੈ ਅਤੇ ਹੱਸਦਾ ਹੱਸਦਾ ਹੀ ਰੋਣ ਲੱਗ ਜਾਂਦਾ ਹੈ। ਅਜਿਹਾ ਇਸ਼ਕ ਪਹਿਲੀ ਮਾਰ ਨਾਲ ਹੀ ਆਪਣੇ ਸੱਜਣ ਪਿਆਰੇ ਤੋਂ ਬਲਿਹਾਰ ਜਾਂਦਾ ਹੈ ਅਤੇ ਸਦਾ ਲਈ ਆਪਣੇ ਮਸ਼ੂਕ ਦਾ ਹੀ ਹੋ ਜਾਇਆ ਕਰਦਾ ਹੈ:

ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ,
ਪਾਰਿ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆਂ 'ਵਾਹ ਸੱਜਣ',
ਹੀਰ ਹੱਸ ਕੇ ਤੇ ਮੇਹਰਬਾਨ ਹੋਈ।

(12. ਹਵਾਲਾ ਪੰਨਾ 29, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 59ਵੇਂ ਪਹਿਰੇ ਦਾ ਆਰੰਭ)

ਅੱਖਾਂ ਲੱਗਣ ਸਮੇਂ ਉਹ ਇੱਕ ਦੂਸਰੇ ਦੇ ਹੋ ਜਾਂਦੇ ਹਨ ਅਜਿਹਾ ਇਸ਼ਕ ਜਣੇ ਖਣੇ ਦਾ ਕੰਮ ਨਹੀਂ ਹੁੰਦਾ। ਇਹ ਕੰਮ ਤਾਂ ਸੂਰਮੇ ਹੀ ਕਰ ਸਕਦੇ ਹਨ ਰਾਂਝਾ ਹੀਰ ਨੂੰ ਇਸ ਬਿਖੜੇ ਰਾਹ ਤੇ ਲੈ ਤੁਰਦਾ ਹੈ। ਇਸ਼ਕ ਜੱਗ ਦਾ ਗੁਰੂ ਹੈ ਅਤੇ ਇਸ ਦਾ ਚੇਲਾ ਬਣਨਾ ਆਸਾਨ ਕੰਮ ਨਹੀਂ ਹੈ ਅਤੇ ਨਾ ਹੀ ਇਹ ਕੋਈ ਲਾਹੇਵੰਦ ਸੌਦਾ ਹੈ ਇਸ ਵਪਾਰ ਵਿਚ ਕਦੇ ਕਿਸੇ ਨੇ ਕੁਝ ਵੀ ਨਹੀਂ ਖੱਟਿਆ ਹੈ। ਇਸ ਵਿਚ ਜ਼ਿੰਦਗੀ ਹਾਰਨੀ ਹੀ ਪੈਂਦੀ ਹੈ ਅਤੇ ਸਾਰਾ ਕੁਝ ਗਵਾਉਣਾ ਹੀ ਪੈਂਦਾ ਹੈ ਵਾਰਿਸ ਸ਼ਾਹ ਦੇ ਸ਼ਬਦਾਂ ਵਿਚ:

ਵਾਰਿਸ ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ,
ਕਿਸੇ ਪੱਲੇ ਨਾ ਬੱਧੜੀ ਦੰਮੜੀ ਹੈ।

(13. ਹਵਾਲਾ ਪੰਨਾ 39, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 105 ਵੇਂ ਪਹਿਰੇ ਦੀਆਂ ਅੰਤਲੀਆਂ ਸਤਰਾਂ)

ਸੱਚਾ ਇਸ਼ਕ ਤਾਂ ਸੱਚੇ ਰੱਬ ਦੀ ਯਾਦ ਵਿਚ ਉਮਰ ਗੁਜ਼ਾਰਨਾ ਹੈ ਕੱਚੇ ਆਸ਼ਕ ਜਾਂ ਹਿਰਸ ਹਵਸ ਦੇ ਬੰਦੇ ਇਸ ਨੂੰ ਮੇਹਣਾ ਲਾਉਂਦੇ ਹਨ। ਸਾਚੇ ਆਸ਼ਕ ਨੂੰ ਇਸ ਕੰਮ ਤੋਂ ਰੋਕਿਆ ਗਿਆ ਹੈ। ਇਸ਼ਕ ਨੂੰ ਵਿਛੋੜਾ ਹੋਰ ਤਿੱਖਾ ਕਰਦਾ ਹੈ ਅਤੇ ਇਸ

ਵਿਛੋੜੇ ਦਾ ਹਮਲਾ ਕੋਈ ਕੋਈ ਹੀ ਸਹਿ ਸਕਦਾ ਹੈ। ਸੱਚੇ ਆਸ਼ਕ ਜਾਨ ਦੀ ਪ੍ਰਵਾਹ ਬਿਲਕੁਲ ਹੀ ਨਹੀਂ ਕਰਦੇ ਮਨਸੂਰ ਅਤੇ ਸਰਮਦ ਵਰਗੇ ਸੂਲੀਆਂ ਤੇ ਚੜ੍ਹ ਆਪਣੀਆਂ ਜਾਨਾਂ ਵਾਰਾਂ ਦਿੰਦੇ ਹਨ ਪਰੰਤੂ ਇਸ ਰਾਹ ਤੋਂ ਨਹੀਂ ਹੱਟਦੇ ਇਸ਼ਕ ਸਚੀ ਪ੍ਰੀਤ ਦਾ ਨਾਮ ਹੈ ਜਿਸ ਵਿਚ ਮੁਸ਼ਕਲਾਂ, ਤਾਹਨਿਆਂ ਤੇ ਮੇਹਣਿਆਂ ਦੀ ਭੌਰਾ ਵੀ ਪ੍ਰਵਾਹ ਨਹੀਂ ਕਰਦੇ ਹਨ। ਇਸ਼ਕ ਇਕ ਚਿੱਟੀ ਚਾਦਰ ਜਿਹਾ ਹੈ ਜਿਸ ਉਪਰ ਹਵੱਸ, ਕਾਮਨਾ ਦਾ ਦਾਗ ਬਿਲਕੁਲ ਵੀ ਨਹੀਂ ਲੱਗਣ ਦੇਣਾ ਚਾਹੀਦਾ ਅਤੇ ਨਾ ਹੀ ਇਸ ਉਪਰ ਕੋਈ ਤੋਹਮਤ ਲੱਗਣ ਦੇਣੀ ਚਾਹੀਦੀ ਹੈ। ਮੈਦਾਨੇ ਇਸ਼ਕ ਵਿਚ ਕੁੱਦਣ ਵਾਲੇ ਜੂਝ ਮਰਨਾ ਹੀ ਜਾਣਦੇ ਹਨ ਅਤੇ ਉਹ ਰਣ ਮੈਦਾਨ ਦੇ ਅੰਦਰੋਂ ਨੱਸਣਾ ਬਿਲਕੁਲ ਹੀ ਨਹੀਂ ਜਾਣਦੇ ਵਾਰਿਸ ਸ਼ਾਹ ਲਿਖਦਾ ਹੈ ਕਿ:

ਵਾਰਿਸ ਸ਼ਾਹ ਮੀਆਂ ਇਨ੍ਹਾਂ ਆਸ਼ਕਾਂ ਨੂੰ
ਫਿਕਰ ਜ਼ਰਾ ਨਾ ਜਿੰਦ ਗਵਾਵਣੇ ਦਾ।

(14. ਹਵਾਲਾ ਪੰਨਾ 72, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 245 ਵਾਂ ਪਹਿਰਾ)

............................................................
............................................................
ਅਸੀਂ ਇਸ਼ਕ ਦੇ ਆਣ ਮੈਦਾਨ ਰੁਧੇ,
ਬੁਰਾ ਸੂਰਮੇ ਨੂੰ ਰਣੋਂ ਹੱਲਣਾ ਈ।
ਵਾਰਿਸ ਸ਼ਾਹ ਜੇ ਦਰਦ ਫ਼ਿਰਾਕ ਛੁਟੇ,
ਇਕ ਕਟਕ ਫਿਰ ਆਖ ਕਿਸ ਝੱਲਣਾ ਈ।

ਵਾਰਿਸ ਦੀ ਹੀਰ ਦੇ ਵਿਚ ਇਸ਼ਕ ਦਾ ਸ਼ੰਕਲਪ ਸਾਚੇ ਸੁਚੇ ਪਿਆਰ ਵਾਲਾ ਹੈ ਇਹ ਆਤਮਾ ਅਤੇ ਪ੍ਰਮਾਤਮਾ ਦਾ ਪਾਕ ਪਵਿੱਤਰ ਰਿਸ਼ਤਾ ਹੈ ਇਹ ਸਰੀਰਾਂ ਦਾ ਸਬੰਧ ਬਿਲਕੁਲ ਵੀ ਨਹੀਂ। ਦੁਨਿਆਵੀ ਪ੍ਰੀਤ ਕੇਵਲ ਉਸ ਸੱਚੀ ਪ੍ਰੀਤ ਤਕ ਪੁੱਜਣ ਦਾ ਸਾਧਨ ਮਾਤਰ ਹੈ। ਇਸ ਦੁਨੀਆ ਦੇ ਅੰਦਰ ਆਸ਼ਕ ਪਾਕ ਦਾਮਨ ਰਹਿੰਦਾ ਹੈ ਅਤੇ ਅਗਲੇ ਜਹਾਨ ਵਿਚ ਵੀ ਸੁਰਖਰੂ ਹੀ ਜਾਂਦਾ ਹੈ:

ਦੋਵੇਂ ਦਾਰਫਨ੍ਹਾ ਥੀਂ ਗਏ ਸਾਬਤ,
ਜਾਇ ਭਰੀ ਨੇ ਡਾਰ ਬਕਾਇ ਮੀਆਂ।
ਦੋਵੇਂ ਰਾਹ ਮਜਾਜ਼ੀ ਦੇ ਗਏ ਸਾਬਤ,
ਨਾਲ ਸਿਦਕ ਦੇ ਗਏ ਵਿਹਾਇ ਮੀਆਂ।

(15. ਹਵਾਲਾ ਪੰਨਾ 18, ਜੀਤ ਸਿੰਘ ਸੀਤਲ ਦੀ ਕਿਤਾਬ ਹੀਰ ਵਾਰਿਸ ਭੂਮਿਕਾ ਸਮੇਤ ਕਿੱਸਾ ਹੀਰ ਵਾਰਿਸ 604 ਵੇਂ ਪਹਿਰੇ ਦੀਆਂ ਸਤਰਾਂ)

ਸਯਦ ਵਾਰਿਸ ਸ਼ਾਹ ਆਪਣੀ ਉਮਰ ਦੇ 76-77 ਉਮਰ ਗੁਜ਼ਾਰ ਕੇ 1799 ਈਸਵੀ ਵਿਚ ਪਾਕਪੱਟਣ ਵਿਚ ਜੋ ਉਸ ਦੀ ਰਿਹਾਇਸ਼ ਮਲਕਾ ਹਾਂਸ ਤੋਂ ਕੇਵਲ 12 ਕਿਲੋਮੀਟਰ ਵਿਥ ਤੇ ਸੀ ਤੇ ਅਲਾਹ ਨੂੰ ਪਿਆਰਾ ਹੋ ਗਿਆ ਸੀ।
(ਹਵਾਲਾ ਵਿਕੀਪੀਡੀਆ)

## ਹਵਾਲੇ


1. ਜੀਤ ਸਿੰਘ ਸੀਤਲ, ਕਿਸਾ ਹੀਰ ਵਾਰਿਸ ਸ਼ਾਹ
2. ਕੁਲਬੀਰ ਸਿੰਘ ਕਾਂਗ, ਹੀਰ ਰਾਂਝਾ ਦੇ ਕਿੱਸੇ
3. ਪ੍ਰੋਫੈਸਰ ਪਿਆਰਾ ਸਿੰਘ ਪਦਮ, ਹੀਰ ਵਾਰਿਸ ਸ਼ਾਹ
4. ਸੰਤ ਸਿੰਘ ਸੇਖੋਂ, ਹੀਰ ਵਾਰਿਸ ਸ਼ਾਹ
5. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
6. ਬੁੱਲੇ ਸ਼ਾਹ, ਕਲਾਮ ਬੁੱਲੇ ਸ਼ਾਹ
7. ਸੁਰਜੀਤ ਹਾਂਸ, ਵਾਰਿਸ ਸ਼ਾਹ ਦੀ ਲਗਜਿਸ਼
8. ਜੇ ਐੱਸ ਗਰੇਵਾਲ, ਸਿੱਖ ਇਤਿਹਾਸ ਕੇ ਫਾਰਸੀ ਸਰੋਤ
9. ਵਿਕੀਪੀਡੀਆ
10. ਨੀਲਮਜੀਤ ਕੌਰ ਹੀਰ ਵਾਰਿਸ ਵਿਚ ਪੰਜਾਬੀ ਸੰਸਕ੍ਰਿਤੀ


(**ਵਿਸ਼ੇਸ਼ :** ਇਹ ਲੇਖ/ਕਹਾਣੀ ਲਾਹੌਰ ਕਾਲਜ ਆਫ ਵੋਮੈਨ ਯੂਨੀਵਰਸਿਟੀ ਪਾਕਿਸਤਾਨ ਦੇ ਜਰਨਲ 'ਪਰਖ' ਦੇ 14ਵੇਂ ਐਡੀਸ਼ਨ ਵਿਚ ਛੱਪ ਚੁਕਾ ਹੈ।)



ਸਾਹਿਤ ਇਕ ਅਜਿਹੀ ਸਿਰਜਣ ਪ੍ਰਕਿਰਿਆ ਹੈ ਜੋ ਮਨੁੱਖ ਦੇ ਜਨਮ ਤੋਂ ਉਸਦੇ ਨਾਲ ਚੱਲਦੀ ਰਹਿੰਦੀ ਹੈ। ਜ਼ਿੰਦਗੀ ਦੇ ਵਾਧੇ ਨਾਲ ਉਸਦੇ ਚੌਗਿਰਦੇ ਵਿਚ ਖੱਟੀਆਂ-ਮਿੱਠੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਕੁਝ ਮਨੁੱਖਾਂ ਦੇ ਮਨ 'ਤੇ ਡੂੰਘੀ ਛਾਪ ਛੱਡ ਜਾਂਦੀਆਂ ਹਨ। ਹਰ ਇਨਸਾਨ ਚਾਹੁੰਦਾ ਹੈ ਕਿ ਅਜਿਹੀਆਂ ਯਾਦਾਂ ਨੂੰ ਇਕ ਗੁਲਦਸਤੇ ਵਿਚ ਪਰੋ ਕੇ ਸਮਾਜ ਦੇ ਸਨਮੁੱਖ ਕਰੇ ਪਰ ਬਹੁਤਿਆਂ ਨੂੰ ਇਕ ਝਿਜਕ ਅੱਗੇ ਵੱਧਣ ਨਹੀਂ ਦਿੰਦੀ। ਕੁਝ ਲੋਕ ਦਲੇਰੀ ਕਰਕੇ ਸਮਾਜ ਦੇ ਸਨਮੁੱਖ ਕਰਨ ਦਾ ਫ਼ੈਸਲਾ ਲੈਂਦੇ ਹਨ। ਉਹ ਸਾਹਿਤਕਾਰ, ਨੇਤਾ, ਖਿਡਾਰੀ, ਕਲਾਕਾਰ ਅਤੇ ਸਮਾਜ ਦਾ ਅਨਿੱਖੜਵਾਂ ਅੰਗ ਬਣਦੇ ਹਨ। ਅਜਿਹੀ ਹੀ ਇਕ ਨਾਮ ਡਾ. ਅਜੀਤ ਸਿੰਘ ਜੀ ਹਨ, ਜਿਨ੍ਹਾਂ ਦੇ ਜ਼ਹਿਨ ਵਿਚ ਸਾਹਿਤ ਦਾ ਬੀਜ ਪਿਆ ਸੀ ਪਰ ਇਹ ਬੀਜ ਜ਼ਿੰਦਗੀ ਦੇ ਉਸ ਪੜਾਅ ਵਿਚ ਪੁੰਗਰਿਆ ਜਦੋਂ ਉਨ੍ਹਾਂ ਦੇ ਬੱਚੇ ਉਚੇਰੀ ਪੜ੍ਹਾਈ ਲਈ ਸੰਘਰਸ਼ ਕਰ ਰਹੇ ਸਨ। ਸ਼ੁਰੂ-ਸ਼ੁਰੂ ਵਿਚ ਇਨ੍ਹਾਂ ਦੇ ਲੇਖ ਵੱਖ-ਵੱਖ ਅਖ਼ਬਾਰਾਂ ਦਾ ਸ਼ਿੰਗਾਰ ਬਣੇ ਫਿਰ ਇਨ੍ਹਾਂ ਨੇ ਵਿਦੇਸ਼ ਦੀ ਧਰਤੀ ਤੇ ਜਾ ਕੇ ਜ਼ਿੰਦਗੀ ਦੇ ਤਜ਼ਰਬਿਆਂ ਨੂੰ ਦੋ ਪੁਸਤਕਾਂ 'ਪੰਛੀ ਝਾਤ' (ਪੰਜਾਬੀ) ਅਤੇ Begumpura City (A City Without Pains) (English) ਦੇ ਸਿਰਲੇਖ ਹੇਠ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਪਾ ਕੇ ਅਤੇ ਅੰਗਰੇਜ਼ੀ ਵਿਚ ਭਾਈ ਰਵਿਦਾਸ ਜੀ ਦੀ ਜੀਵਨੀ ਨੂੰ ਪ੍ਰਕਾਸ਼ਿਤ ਕਰਵਾ, ਆਪਣੇ ਮਨ ਦੀਆਂ ਸਧਰਾਂ ਪੂਰੀਆਂ ਕੀਤੀਆਂ। ਹੁਣ ਡਾ. ਅਜੀਤ ਸਿੰਘ ਹੁਰਾਂ ਨੇ ਮਨ ਦੇ ਵਲਵਲਿਆਂ ਨੂੰ ਸਮਾਜ ਦੇ ਵੱਖ-ਵੱਖ ਪਾਤਰਾਂ ਨਾਲ ਸਤਾਰਾਂ ਕਹਾਣੀਆਂ ਦਾ ਕਹਾਣੀ ਸੰਗ੍ਰਹਿ 'ਸਮੇਂ ਦੀ ਮਲ੍ਹਮ' ਪੰਜਾਬ ਸਾਹਿਤ ਦੀ ਝੋਲੀ ਵਿਚ ਪਾਉਣ ਦਾ ਉਪਰਾਲਾ ਕੀਤਾ ਹੈ, ਜਿਸ ਵਿਚ ਸ਼ਾਮਲ ਹਰ ਕਹਾਣੀ ਵਿਚ ਜ਼ਿੰਦਗੀ ਦੇ ਰੰਗ ਜਾਂ ਉਨ੍ਹਾਂ ਦੇ ਦੁਆਲੇ ਘੁੰਮਦੇ ਰਹੇ ਉਨ੍ਹਾਂ ਪਾਤਰਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ, ਜੋ ਹਰ ਮਨੁੱਖ ਨੂੰ ਪੜ੍ਹਨ ਤੋਂ ਬਾਅਦ ਮਹਿਸੂਸ ਹੋਵੇਗਾ ਕਿ ਇਹ ਕਹਾਣੀਆਂ ਦੇ ਪਾਤਰ ਉਨ੍ਹਾਂ ਦੀ ਗੱਲ ਕਰ ਰਹੇ ਹਨ। ਇਸ ਸੰਗ੍ਰਹਿ ਦੀ ਇਕੱਲੀ ਇਕੱਲੀ ਕਹਾਣੀ ਨਿੱਗਰ ਸਮਾਜ ਵੱਲ ਸੇਧਿਤ ਹੈ। ਸਾਹਿਤ ਦੇ ਖੇਤਰ ਵਿਚ ਇਹ ਕਹਾਣੀ ਸੰਗ੍ਰਹਿ ਨਿਵੇਕਲਾ ਸਥਾਨ ਬਣਾ ਕੇ ਡਾ. ਸਾਹਿਬ ਦੇ ਮਨ ਦੀ ਰੀਝ ਨੂੰ ਪੂਰਾ ਕਰਨ ਦੇ ਸਮਰੱਥ ਰਹੇਗਾ। ਅੰਤ ਵਿਚ ਮੈਂ ਇਨ੍ਹਾਂ ਦੇ ਇਸ ਨੇਕ ਕਾਰਜ ਲਈ ਸ਼ੁਭ ਕਾਮਨਾਵਾਂ ਪੇਸ਼ ਕਰਦਾ ਹਾਂ।

**ਪ੍ਰਭਜੋਤ ਸਿੰਘ ਪ੍ਰਿੰਸੀਪਲ**

ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਕੰਨਿਆ ਸੀ.ਸੈਕੰਡਰੀ ਸਕੂਲ,
ਕੋਟਕਪੂਰਾ (ਫਰੀਦਕੋਟ), ਪੰਜਾਬ, ਭਾਰਤ

**ਵਾਰਿਸ ਸ਼ਾਹ ਫ਼ਾਉਂਡੇਸ਼ਨ**
ਅੰਮ੍ਰਿਤਸਰ-143002

ISBN 978-93-86926-27-2
9 789386 926272